ਲਈ ਜਾਨਾਂ ਨੂੰ ਤਲੀ ਪਰ ਰਖਕੇ ਤੁਛ ਜਾਣੀ ਬੈਠੇ ਸੇ ਹੋਰ ਭੀ ਇਸੇ ਭਾਂਤ ਦੇ ਸੂਰ ਬੀਰਾਂ ਨੇ ਆਪਣੀ ਜਾਨ ਦੀ ਬੇਪਰਵਾਹੀ ਕਰਕੇ ਦੇਸ ਦਾ ਸੁਧਾਰ ਤੇ ਭਾਰਤ ਦਾ ਉਧਾਰ ਕੀਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਭਰੋਸਾ ਹੋ ਗਿਆ ਸੀ ਕਿ ਸਾਡੀ ਫਤੇ ਹੋਵੇਗੀ ਅਸਲ ਵਿੱਚ ਓਹੁ ਪੰਜੇ ਪੁਰਖ ਕਤਲ ਨਹੀਂ ਸਨ ਕੀਤੇ ਗਏ ਸਗੋਂ ਪੰਜ ਬਕਰੇ ਹੀ ਝਟਕਾਏ ਗਏ ਸੇ ਜੇਹੜੇ ਚੋਰੀ ਹੀ ਤੰਬੂ ਅੰਦਰ ਰਖਾਏ ਗਏ ਸੇ ਤੇ ਉਨ੍ਹਾਂ ਦਾ ਮੂੰਹ ਬੰਨ੍ਹ ਰਖਿਆ ਸੀ ਇਸ ਅਸਚਰਜ ਢੰਗ ਨਾਲ ਕੰਮ ਆਰੰਭ ਕਰਨੇ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁਖ ਦੋ ਗਲਾਂ ਸਨ ਇੱਕ ਤਾਂ ਇਹੁ ਪ੍ਰਤੀਤ ਹੁੰਦਾ ਹੈ ਕਿ ਦੇਖੀਏ ਸਿਖਾਂ ਵਿੱਚ ਕੌਮੀ ਗ਼ਰਜ਼ਾਂ ਤੇ ਦੇਸ਼ ਭਗਤੀ ਦੇ ਵਾਸਤੇ ਬਲੀਦਾਨ ਦਾ ਕਿਥੋਂ ਤਾਂਈ ਧਿਆਨ ਹੈ ਤੇ ਉਸ ਦੀਆਂ ਚਿਰਾਂ ਦੀਆਂ ਘਾਲੀਆਂ ਹੋਈਆਂ ਘਾਲਾਂ ਤੇ ਉਪਦੇਸ਼ਾਂ ਦੇ ਦੇਣ ਦਾ ਕੀਹ ਫਲ ਹੋਯਾ ਹੈ ਅਤੇ ਦੇਖੀਏ ਸਿਖ ਇਸ ਗਲ ਦੇ ਯੋਗ ਹੋਏ ਹਨ ਕਿ ਨਹੀਂ ਜੋ ਦੂਸਰਿਆਂ ਲਈ ਖ਼ੁਸ਼ ਪ੍ਰਸੰਨਤਾ ਨਾਲ ਜਾਨ ਦੇਣ ਸੋ ਗੁਰੂ ਦੇ ਸਿਖ ਇਸ ਪ੍ਰੀਖਯਾ ਵਿਖੇ ਪੂਰਨ ਉਤਰੇ ਉਨ੍ਹਾਂਨੇ ਪੰਜ ਸਿਖ ਮੰਗੇ ਤਾਂ ਪੰਜਾਂ ਨੇ ਹੀ ਆਪਣੀਆਂ ਗਰਦਨਾਂ ਤਲਵਾਰ ਦੇ ਹੇਠ ਰਖਨ ਲਈ ਆਰਪਨ ਕਰ ਦਿੱਤੀਆਂ ਜੇਕਰ ਸਭ ਸਿਖਾਂ ਨੂੰ ਹੀ ਆਗਯਾ ਕਰਦੇ ਤਾਂ ਸਾਰੇ ਹੀ ਸਿਰ ਦੇਣ ਲਈ ਤ੍ਯਾਰ ਸਨ ਕਿਸੇ ਨੇ

ਭੀ ਨਾਂਹ ਨਹੀਂ ਸੀ ਕਰਨੀ ਇਸ ਥੀਂ ਪ੍ਰਤੀਤ ਹੁੰਦਾ ਹੈ ਕਿ, ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਘਾਲ ਨਾਲ ਤੇ ਜਾਨ ਬਾਜ਼ੀ ਨਾਲ ਪ੍ਰੇਮ ਮੁਹੱਬਤ ਨਾਲ ਕੰਮ ਕੀਤਾ ਹੈ ਜੋ ਅਜੇਹੇ ਲੜਾਕੇ ਸਿਖ ਉਤਪਤ ਕਰ ਦਿੱਤੇ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਪਿਆਰ ਤੇ ਘਾਲ ਘਾਲੀ ਹੋਈ ਨੂੰ ਫਲ ਦਾ ਇੱਕ ਦੇਖਕੇ ਬੜੀ ਹੀ ਪ੍ਰਸੰਨਤਾ ਹੋਈ ਹੋਵੇਗੀ ਸੋ ਵਰਨੰਨ ਥੀਂ ਵਧਕੇ ਵਿਚਾਰ ਕਰਨੇ ਕਰਕੇ ਸਮਝੀ ਜਾ ਸਕਦੀ ਹੈ ਦੂਸਰੀ ਗਲ ਇਹੁ ਸਿਖਾਂ ਦੇ ਦਿਲਾਂ ਵਿਖੇ ਪਕਾਉਨੀ ਸੀ ਕਿ ਧਰਮ ਦਾ ਤੇ ਦੇਸ ਦਾ ਕੰਮ ਉਹੀ ਪੁਰਖ ਕਰ ਸਕਨਗੇ ਜੇਹੜੇ ਆਪਣੇ ਲਹੂ ਤੇ ਬਲ ਨਾਲ ਉਨ੍ਹਾਂ ਨੂੰ ਤਾਕਤ ਦੇਣਗੇ ਇਹ ਪ੍ਰੀਖਯਾ ਸਿਖਾਂ ਦੇ ਭਵਾਂਨ ਸਮੇ ਦੇ ਜੁਧਾਂ ਥੀਂ ਕਰਨੀ ਚਾਹੀਏ ਜੇਹੜੇ ਗੁਰੂ ਗੋਬਿੰਦ ਸਿੰਘ ਜੀ ਦੀ ਉਮਰਾਂ ਵਿਖੇ ਯਾ ਪਿਛੋਂ ਅਥਵਾ ਖਾਲਸਾ ਧਰਮ ਦੀ ਨੀਵ ਰਖਨ ਵੇਲੇ ਦਿੱਸਦੇ ਸੇ ॥

ਉਸ ਥੀਂ ਪਸ਼ਚਾਤ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਪੰਜਾਂ ਨੂੰ ਤੰਬੂ ਥੀਂ ਬਾਹਰ ਲੈ ਆਏ ਤੇ ਕੇਸਗੜ ਦੇ ਕਿਲੇ ਵਿਖੇ ਆਮ ਦਰਬਾਰ ਲਾਕੇ ਉਨ੍ਹਾਂ ਪੰਜਾਂ ਨੂੰ ਸਨੱਧ ਬੱਧ ਸਜਾਕੇ ਆਪ ਭੀ ਸ਼ਸਤ੍ਰ ਸਜਾਕੇ ਦਰਯਾ ਦਾ ਜਲ ਮੰਗਵਾਯਾ ਉਸਨੂੰ ਸਰਬ ਲੋਹ ਦੇ ਬਾਟੇ ਬਿਖੇ ਪਾਯਾ ਉਸ ਵਿਖੇ ਪਤਾਸੇ ਪਾਕੇ ਸ਼ਰਬਤ ਬਨਾਯਾ ਪੈਹਲੇ ਜਪਜੀ ਦਾ ਪਾਠ ਫੇਰ ਜਾਪਜੀ ਆਦਿਕ ਪੰਜੇ ਬਾਨੀਆਂ ਖੰਡਾਂ ਫੇਰਦੇ ਹੋਏ ਪੜਦੇ ਰਹੇ ਤੇ ਉਸਦਾ

ਨਾਉ ਅੰਮ੍ਰਿਤ ਰਖਿਆ ਤਿਸ ਵਿਚੋਂ ਪੰਜ ਵੇਰੀ ਕੁਛ ਅੰਮ੍ਰਿਤ ਆਪਣੀ ਕਟਾਰ ਨਾਲ ਕੱਢਕੇ ਆਪਣੇ ਮੂੰਹ ਵਿੱਚ ਪਾਯਾ ਤੇ ਫੇਰ ਪੰਜ ਪੰਜ ਵਾਰੀ ਓਹੀ ਅੰਮ੍ਰਿਤ ਸਿਖਾਂ ਦੇ ਕੇਸਾਂ ਤੇ ਅੱਖਾਂ ਪਰ ਛਿਣਕਿਆ ਫੇਰ ਪੰਜ ਪੰਜ ਚੁਲੀਆਂ ਪਿਵਾਈਆਂ ਤੇ ਪਿਆਉਨ ਸਮੇ ਅਥਵਾ ਕੇਸਾਂ ਵਿਖੇ ਪਾਉਨ ਸਮੇ ਆਪ ਭੀ ਤੇ ਸਿਖਾਂ ਪਾਸੋਂ ਭੀ ਬਲ ਵਾਹਿ ਗੁਰੂ ਜੀ ਕਾ ਖਾਲਸਾ ਸ੍ਰੀ ਵਾਹਿ ਗੁਰੂ ਜੀ ਕੀ ਫਤਹ ਉੱਚੀ ਉੱਚੀ ਬੁਲਵਾਂਉਦੇ ਰਹੇ ਇਸੇ ਰਸਮ ਦਾ ਨਾਉਂ ਪਾਹੁਲ ਧਰਿਆ ਇਸ ਪੰਥ ਦਾ ਨਾਂਉ ਖਾਲਸਾ ਧਰਮ ਧਰਿਆ ਤੇ ਉਨ੍ਹਾਂ ਪੰਜਾਂ ਸਿਖਾਂ ਨੂੰ ਸਿੰਘੀ ਦੀ ਪਦਵੀ ਦਿੱਤੀ ਤੇ ਉਸੇ ਵੇਲੇ ਥੀਂ ਹੀ ਹੇਠ ਲਿਖਤ ਨਿਯਮ ਖਾਲਸਾ ਧਰਮ ਲਈ ਨਿਯਤ ਕੀਤੇ ॥

ਖਾਲਸਾ ਧਰਮ ਦੇ ਬੁਨਿਆਦੀ ਨਿਯਮ

(੧) ਜੋ ਅੱਗੇ ਨੂੰ ਖਾਲਸਾ ਧਰਮ ਵਿਖੇ ਮਿਲੇਗਾ ਓਹੁ ਇਸੇ ਤਰਾਂ ਹੀ ਮਿਲੇਗਾ ਅਰਥਾਤ ਉਸਨੂੰ ਪੰਜ ਸਿੰਘ ਮਿਲ ਕਰਕੇ ਜਿਵੇਂ ਉਪਰ ਤ੍ਰੀਕਾ ਹੈ ਕਰਕੇ ਪਾਹੁਲ ਛਕਾਵਨਗੇ ॥

(੨) ਜੇਹੜੇ ਪੁਰਖ ਇਸਤਰਾਂ ਨਾਲ ਅੰਮ੍ਰਿਤ ਛਕਨਗੇ ਉਨ੍ਹਾਂ ਦੇ ਨਾਲ ਸਿੰਘ ਪਦ ਲਗਾਉਨਾਂ ਜ਼ਰੂਰੀ ਹੈ ॥

(੩) ਜਿੱਥੇ ਪੰਜ ਸਿੰਘ ਇਕਤ੍ਰ ਹੋਣਗੇ ਉਥੇ ਹੀ ਖਾਲਸਾ ਧਰਮ ਪੂਰਨ ਹੋਯਾ ਜਾਣੋ ਤੇ ਅੰਮ੍ਰਿਤ ਛਕਾਉਨ ਵਾਲੇ ਪੰਜੇ ਹੀ ਸਿਖ ਗੁਰੂ ਰੂਪ ਜਾਣੇ ਜਾਣਗੇ ਓਹੁ ਪੰਜ ਸਿੰਘ ਕੇਹੜੇ

ਚੋਣ ਉਨਾਂ ਵਿੱਚ ਕੋਈ ਭੀ ਜਾਤ ਪਾਤ ਦਾ ਲਿਹਾਜ਼ ਨਹੀਂ ਹੋਵੇਗਾ ਚੁਨਾਂਚਿ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਪੰਜਾ ਪਾਸੋਂ ਹੀ ਪਾਹੁਲ ਲਈ ਤੇ ਆਪਣਾ ਨਾਉਂ ਰਾਇ ਗੋਬਿੰਦ ਸੀ ਜਿਵੇ ਉਸਨੂੰ ਪੈਹਲੇ ਸਦਦੇ ਸਨ ਹੱਟਕੇ ਗੋਬਿੰਦ ਸਿੰਘ ਜੀ ਨਾਮ ਧਰਾਯਾ ॥

(੪) ਜੋ ਖਾਲਸਾ ਧਰਮ ਵਿਖੇ ਮਿਲੇਗਾ ਸੋ ਸਿੰਘ ਸਦਾਵੇਗਾ ਤੇ ਉਸਨੂੰ ਪੂਰਬਲੇ ਸਮੇ ਦੇ ਹਿੰਦੂਆਂ ਵਾਂਗੂੰ ਸਿਰ ਪਰ ਕੇਸ ਰਖਨੇ ਚਾਹੀਏ ਕਿਸੇ ਭਾਤ ਦਾ ਸ਼ਸਤ੍ਰ ਸਰਬ ਲੋਹੀ ਕਰਦ ਕ੍ਰਿਪਾਨ ਕੁਹਾੜੀ ਆਦਿਕ ਜ਼ਰੂਰ ਪਾਸ ਰਖਨਾਂ ਚਾਹੀਏ ਕਛ ਪੈਹਨਣੀ ਕੰਘਾ, ਤੇ ਕੜਾ, ਸਰਬ ਲੋਹ ਦਾ ਜ਼ਰੂਰੀ ਉਸਦੇ ਪਾਸ ਹੋਣਾ ਚਾਹੀਏ ਪ੍ਰੰਤੂ ਕਈਆਂ ਇਤਹਾਸਾਂ ਮੂਜਬ ਪਿਛਲੀਆਂ ਦੋ ਚੀਜ਼ਾਂ ਵਿੱਚ ਵਿਰੋਧ ਹੈ ਕਿ ਖ਼ਬਰੇ ਗੁਰੂ ਗੋਬਿੰਦ ਸਿੰਘ ਜੀ ਨੇ ਆਗਿਆ ਕੀਤੀ ਹੈ ਯਾ ਨਹੀਂ ਇਸ ਬਾਤ ਵਿਖੇ ਜਰਾਕੁ ਸੰਦੇਹ ਹੈ ਪ੍ਰੰਤੂ ਇਹੁ ਪ੍ਰਤੀਤ ਹੁੰਦਾ ਹੈ ਕਿ ਇਹੁ ਦੋਵੇਂ ਚੀਜ਼ਾਂ ਭੀ ਪਿਛਲੇ ਹੀ ਦਿਨਾਂ ਥੀਂ ਮੁਦ੍ਰਤ ਥੀਂ ਰਖਦੇ ਚਲੇ ਆਏ ਹਨ ਤੇ ਇਹੁ ਦੋਵੇਂ ਚੀਜ਼ਾ ਹੀ ਮਿਲ ਕਰਕੇ ਪੰਜ ਕੱਕੇ ਪੂਰੇ ਹੁੰਦੇ ਹਨ ਨਹੀਂ ਤਾਂ ਨਹੀਂ ॥

(੫) ਸਭ ਸਿੰਘਾਂ ਦੀ ਜ਼ਾਤ ਇੱਕ ਹੀ ਹੋਵੇਗੀ ਛੋਟੇ ਵਡੇ ਸਭ ਇਕੋ ਜੇਹੇ ਇੱਕ ਦੂਜੇ ਦੇ ਭਾਈ ਹੋਣਗੇ ਪੈਹਲੀ ਜ਼ਾਤ ਪਾਤ ਤੇ ਵਰਨਾਂ ਨੂੰ ਮੇਟ ਦੇਣਾ ਚਾਹੀਏ ਸਿੰਘਾਂ ਦੀ ਪੈਹਲੀ

ਜ਼ਾਤ ਖਾਲਸਾ ਧਰਮ ਵਿੱਚ ਆਕਰਕੇ ਹੀ ਜਾਂਦੀ ਰੈਹੰਦੀ ਹੈ ਚਾਰੇ ਵਰਨ ਮਿਲ ਕੇ ਇੱਕ ਹੀ ਭਾਂਡੇ ਵਿਖੇ ਬੈਠਕੇ ਪ੍ਰਸਾਦਿ ਛਕਿਆ ਕਰਨ॥

(੬) ਸਭ ਸਿੰਘਾਂ ਨੂੰ ਕ੍ਰਿਤ ਨਾਸ਼, ਕੁਲ ਨਾਸ਼, ਧਰਮ ਨਾਸ਼, ਕਰਮ ਨਾਸ਼, ਹੋਣਾ ਚਾਹੀਏ॥

(੭) ਸਿੰਘਾਂ ਨੂੰ ਜ਼ਰੂਰੀ ਹੋਵੇਗਾ ਕਿ ਆਪਣਾ ਸਰਬ ਬਲ ਕੇਵਲ ਸਰਬ ਲੋਹ ਪਰ ਖਰਚਿਯਾ ਕਰਨ ਸ਼ਸਤ੍ਰ ਸਨੱਧ ਬੱਧ ਰੈਹਨਾ ਸ਼ਸਤ੍ਰ ਚੁੱਕਣੇ ਸਦੀਵ ਯੁਧਵਿਖੇ ਰੈਹਣਾ ਸਿੰਘਾਂ ਦਾ ਧਰਮ ਹੋਣਾ ਚਾਹੀਏ॥

(੮) ਜੇਹੜਾ ਸਿੰਘ ਯੁਧ ਵਿਖੇ ਮਰੇਗਾ ਜੋ ਧਰਮ ਜੁਧ ਵਿਖੇ ਮਿਲੇਗਾ ਜੇਹੜਾ ਆਪਣੇ ਵੈਰੀ ਦਾ ਨਾਸ਼ ਕਰੇਗਾ ਜੇਹੜਾ ਹਾਰ ਕੇ ਭੀ ਨਿਰਾਸ ਨਹੀਂ ਹੋਵੇਗਾ ਉਸ ਸਿੰਘ ਨੂੰ ਬੜੀ ਉੱਤਮ ਉੱਚ ਪਦਵੀ ਮਿਲੇਗੀ॥

(੯) ਸਿੰਘ ਜਨੇਊ, ਅਰਥਾਤ ਯਗਜੋ ਪਾਵੀਤ ਨੂੰ ਤਿਆਗਨ ਤੇ ਤੋੜ ਸੁੱਟਨ॥

੧੦) ਮੁਕਤੀ ਕੇਵਲ ਖਾਲਸਾ ਧਰਮ ਵਿਖੇ ਹੀ ਪ੍ਰਾਪਤ ਹੋਸਕਦੀ ਹੈ॥

(੧੧) ਸਿੰਘ ਹਿੰਦੂਆਂ ਦੀਆਂ ਰਸਮਾਂ ਨੂੰ ਤਿਆਗ ਦੇਣ ਪ੍ਰੰਤੂ ਉਨ੍ਹਾਂ ਦੇ ਮੰਦਰਾਂ ਤੇ ਤੀਰਥਾਂ ਨੂੰ ਸਾਝਾਂ ਵਿਚਾਰਨ ਉਨ੍ਹਾਂ ਦੇ ਧਰਮ ਤੇ ਦੇਸ਼ ਦੀ ਰਖਯਾ ਕਰਨਾ ਸਿੰਘੀ ਦਾ ਪੈਹਲਾ ਤੇ

ਬੜਾ ਉਤਮ ਧਰਮ ਹੋਵੇਗਾ ॥

(੧੨) ਤੁਰਕਾਂ ਦਾ ਨਾਸ ਕਰਨਾਂ ਸਿੰਘਾਂ ਦਾ ਧਰਮ ਹੋਵੇਗਾ॥

(੧੩) ਈਸ੍ਵਰ ਦੀ ਸਚਾਈ ਤੇ ਸਿਦਕ ਭਰੋਸੇ ਨਾਲ ਬੰਦਗੀ ਭਜਨ ਕਰਨ ਤੇ ਕੇਵਲ ਇਕ ਅਕਾਲ ਪੁਰਖ ਨਿਰੰਕਾਰ ਦੀ ਭਗਤੀ ਕਰਿਆ ਕਰਨ ਉਸਦੀ ਪੈਦਾ ਕੀਤੀ ਹੋਈ ਕਿਸੇ ਚੀਜ਼ ਦੀ ਪੂਜਾ ਨਹੀਂ ਕਰਨੀ ਚਾਹੀਏ ॥

(੧੪) ਕਿਸੇ ਜੀਵ ਜੰਤ ਅੱਗੇ ਮਸਤਕ ਨਾਂ ਨਿਵਾਵਉਣਾ ਬਿਨਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਕਬਰਾਂ ਤੇ ਮੜੀਆਂ ਨੂੰ ਨਹੀ ਪੂਜਣਾ ॥

(੧੫) ਸਦੀਵ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣਾਂ ਗੁਰੂ ਜਾਣਨਾਂ ਤੇ ਉਨ੍ਹਾਂ ਦੀ ਗੱਦੀ ਪਰ ਜੋ ਬਿਰਾਜੇ ਹੈਨ ਉਨ੍ਹਾਂ ਦਸਾਂ ਗੁਰੂਆਂ ਦਾ ਸਤਕਾਰ ਤੇ ਇਕ ਹੀ ਰੂਪ ਜਾਣਨਾਂ ਤੇ ਉਨ੍ਹਾਂ ਦੇ ਹੁਕਮ ਅਨੁਸਾਰ ਚਲਣਾਂ ॥

(੧੬) ਸ੍ਰੀ ਅੰਮ੍ਰਿਤਸਰ ਜੀ ਦੇ ਤਾਲਾਬ ਵਿਖੇ ਜਾਕੇ ਦੀਵਾਲੀ ਵਿਸਾਖੀ ਪਰ ਇਸ਼ਨਾਨ ਕਰਨੇ ਕਿਉਂਕਿ ਇਹ ਸਿੰਘਾਂ ਦਾ ਬੜਾ ਭਾਰਾ ਤੀਰਥ ਹੈ ॥

(੧੭) ਸਦੀਵ ਜਦ ਆਪਸ ਵਿਖੇ ਮਿਲੋ ਤਾਂ ਪਰਸਪਰ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫ਼ਤੇ ਬੁਲਾਉਣੀ ਸਿੰਘਾਂ ਨੂੰ ਯੋਗ ਹੋਵੇਗੀ ਹੋਰ ਸਭ ਤਰਾਂ ਦੀ ਡੰਡਉਤ ਬੰਦਨਾਂ ਪੈਰੀ ਪੈਂਣਾ ਆਦਿਕ ਤਿਆਗ ਦੇਣਾ ਯੋਗ ਹੈ ॥

(੧੮) ਤਮਾਕੂ ਨੂੰ ਛੋਹਣਾ ਭੀ ਨਹੀਂ ॥
(੧੯) ਸਿੰਘਾਂ ਵਿਚ ਈਸ਼੍ਵਰ ਦੀ ਸ਼ਕਤੀ ਮੰਨਨੀ ॥

ਖਾਲਸਾ ਧਰਮ ਦੇ ਬੁਨਿਆਦੀ ਨਿਯਮਾਂ ਦਾ ਨਿਰਨਾਂ

ਉਪਰ ਲਿਖਿਆਂ ਹੋਈਆਂ ਗਲਾਂ ਦੀ ਨਿਰਣੈ ਦੇ ਬਿਨਾਂ ਅਸਾਡੀ ਲਿਖਣ ਅੱਗੇ ਨਹੀਂ ਜਾਸਕਦੀ ਖ਼ਾਲਸਾ ਧਰਮ ਲਈ ਇਨ੍ਹਾਂ ਬੰਧਨਾਂ ਵਿਖੇ ਬੰਧਨਾਂ ਬਿਨਾ ਪ੍ਰਯੋਜਨ ਦੇ ਨਹੀਂ ਸੀ ਤੇ ਇਸ ਸਾਰ ਤਰੀਕੇ ਦੇ ਨਿਯਤ ਕਰਨ ਦਾ ਭੀ ਪ੍ਰਯੋਜਨ ਗੁਰੂ ਗੋਬਿੰਦ ਸਿੰਘ ਜੀ ਦਾ ਹਿਕਮਤ ਥੀਂ ਖ਼ਾਲੀ ਨਹੀਂ ਸੀ ਇਸਗਲ ਥੀ ਕੋਈ ਭੀ ਇਨਕਾਰੀ ਨਹੀਂ ਹੋਵੇਗਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਧਰਮ ਦੀ ਨੀਵ ਰਖਨੀ ਤੇ ਉਨ੍ਹਾਂ ਲਈ ਨਵੀਨ ਢੰਗ ਦੇ ਰਾਹੁ ਰਸਮ ਨਿਯਤ ਕਰਨੇਂ ਕਰਕੇ ਹਿੰਦੂਆਂ ਦੀ ਕਾਯਾ ਪਲਟ ਦਿੱਤੀ ਸੋ ਉਨ੍ਹਾਂ ਵਿਚੋਂ ਕੁਛ ਰਸਮਾਂ ਅਸੀ ਹੇਠਾ ਲਿਖਣੀਆਂ ਆਵਸ਼ਕ ਜਾਣਦੇ ਹਾਂ ॥

ਪੈਹਲਾ ਨਿਯਮ ਪਾਹੁਲ ਦੇਨ ਤੇ ਲੈਣ ਦਾ ਸੀ ਇਹੁ ਰਸਮ ਨਵੀਨ ਨਹੀਂ ਸੀ ਸਗੋਂ ਚਿਰਾਂ ਥੀਂ ਹਿੰਦੂਆਂ ਵਿਖੇ ਭੀ ਕਈ ਢੰਗਾਂ ਨਾਲ ਪ੍ਰਚਲਤ ਸੀ ਬੋਹਤ ਸਾਰੇ ਵੈਸ਼ਨੋ ਆਦਿਕ ਹੋਰ ਫ਼ਿਰਕੇ ਭੀ ਪਾਹੁਲ ਚਰਣਾਂ ਮ੍ਰਤ ਅਰਥਾਤ ਚਰਨ ਅੰਮ੍ਰਿਤ (ਪੈਰ ਧੋਕੇ ਜੇਹੜਾ ਪਾਣੀ ਪੀਤਾ ਜਾਵੇ) ਲੈਂਦੇ ਸੇ ਜੇਹੜ

ਗੁਰੂ ਦੇ ਚਰਨਾ ਨੂੰ ਧੋਕੇ ਤਿਆਰ ਕੀਤਾ ਜਾਂਦਾਸੀ ਇਹੁ ਪਾਣੀ ਸੇਵਕ ਤੱਦ ਪੀਂਦੇ ਸੇ ਜਦ ਗੁਰੂ ਦੀ ਸਿਖਜਾ ਧਾਰਨ ਕਰਨ ਲੱਗਦੇ ਸੇ ਕਈ ਹਿੰਦੂ ਗੁਰੂ ਪਾਣੀ ਵਿਖੇ ਥੁੱਕਾਂ ਪਾਕੇ ਸੇਵਕਾਂ ਨੂੰ ਪਿਵਾਉਂਦੇ ਸਨ ਕਈ ਆਪਣਾ ਜੂਠਾ ਪਾਣੀ ਹੀ ਪਿਆਯਾ ਕਰਦੇ ਸੇ ਕਈ ਸੇਵਕਾਂ ਦੇ ਮੂੰਹ ਵਿਚ ਥੁੱਕ ਦੇਂਦੇ ਸੇ ਕਈ ਪੈਰਾਂ ਦਾ ਖੰਗਾਲ ਪਾਨੀ ਵਿਚ ਪਾਕੇ ਪਾਹੁਲ ਦੇਂਦੇ ਸੇ ਗੁਰੂ ਨਾਨਕ ਦੇਵ ਜੀ ਨੇ ਕੇਵਲ ਇਸ ਵਿਖੇ ਇਤਨੀ ਹੀ ਸੁਧਾਰ ਕੀਤੀ ਕਿ ਸਾਰਾ ਪੈਰ ਧੋਕੇ ਸਾਰਾ ਪਾਨੀ ਪਿਵਾਉਨ ਦੀ ਥਾਂ ਅੰਗੂਠਾ ਪਾਣੀ ਨਾਲ ਛੁਹਾਕੇ ਉਸਦਾ ਚਰਨ ਅੰਮ੍ਰਿਤ ਬਨਾਕੇ ਪਿਆਉਂਦੇ ਤੇ ਸਿੱਖ ਸਜਾਉਂਦੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਭਾਂਤ ਦੇ ਚਰਨਾਮ੍ਰਿਤ ਨੂੰ ਬੌਹਤ ਭੈੜਾ ਵਿਚਾਰਿਆ ਇਕ ਤਾਂ ਉਸਦੀ ਸੂਰਤ ਹੀ ਘਿਨਾਉਂਨੀ ਹੁੰਦੀ ਹੈ ਕਿਉਂਕਿ ਪੈਰਾਂ ਦਾ ਧੋਣ ਮੈਲਾ ਪਾਣੀ ਆਦਮੀਆਂ ਨੂੰ ਪਿਵਾਉਨਾਂ ਚੰਗਾ ਨਹੀਂ ਇਹੁ ਗਲ ਮੰਨੀ ਕਿ ਸਿਖ ਨੂੰ ਇਸਤਰਾਂ ਨਾਲ ਗੁਰੂ ਦੀ ਪਦਵੀ ਉੱਚੀ ਪ੍ਰਤੀਤ ਹੁੰਦੀ ਹੈ ਪ੍ਰੰਤੂ ਠੀਕ ਗਲ ਤਾਂ ਇਹੁ ਹੈ ਕਿ ਪੁਰਖ ਜੋ ਪ੍ਰਮੇਸੂਰ ਨੇ ਆਪਣੀ ਸੂਰਤ ਵਰਗਾ ਹੀ ਸਜਾਯਾ ਹੈ ਇਸਤਰਾਂ ਕਰਨ ਕਰਕੇ ਬੜੀ ਹੀ ਬੇਪਤੀ ਤੇ ਨਿਰਾਦਰੀ ਹੁੰਦੀ ਹੈਸੀ ਜੋ ਪੈਰਾਂ ਦਾ ਧੋਯਾ ਹੋਯਾ ਗੰਦਾ ਪਾਣੀ ਉਸਨੂੰ ਪਿਵਾਕੇ ਸੇਵਕ ਅਥਵਾਹ ਸਿਖ ਬਨਾਯਾ ਜਾਵੇ ਗੁਰੂ ਗੋਬਿੰਦ ਸਿੰਘ ਜੀ ਥੀਂ ਪੈਹਲੇ

ਜੇਹੜਾ ਤ੍ਰੀਕਾ ਪਾਹੁਲ ਦਾ ਗੁਰੂ ਨਾਨਕ ਦੇਵ ਜੀ ਨੇ ਤਰਮੀਮ ਕੀਤਾ ਸੀ ਉਸ ਵਿਚ ਭੀ ਇਹੀ ਦੋਖ ਸੀ ਏਸ ਕਰਕੇ ਇਹੁ ਤ੍ਰੀਕਾ ਪਾਹੁਲਦਾ ਬਦਲਣਾ ਜ਼ਰੂਰੀ ਸੀ ਅਤੇ ਸਭਨਾਂ ਮਜ਼ਹਬਾਂ ਵਿਖੇ ਮਿਲਣਲਈ ਕੋਈ ਨਾਂ ਕੋਈ ਰਸਮ ਨਿਯਤ ਕੀਤੀ ਹੋਈ ਹੁੰਦੀ ਹੈ ਇਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਅਜੇਹੇ ਯੋਗ ਢੰਗ ਨਾਲ ਬਦਲਿਆ ਕਿ ਜੇਹੜਾ ਉਸਦੇ ਉਦੇਸ਼ ਦੇ ਠੀਕ ਠੀਕ ਅਨੁਕੂਲ ਸੀ ਉਸਨੇ ਪੈਰ ਦੀ ਥਾਂ ਪਾਣੀ ਵਿਖੇ ਖੰਡਾ ਯਾ ਕਟਾਰ ਫੇਰਨੀ ਨਿਯਤ ਕੀਤੀ ਤਾਂ ਕਿ ਸਿੰਘਾਂ ਦਾ ਖ਼ਾਲਸਾ ਧਰਮ ਵਿਖੇ ਮਿਲਣ ਦਾ ਪੈਹਲਾ ਚਿਹਨ ਹੀ ਸ਼ਸਤ੍ਰ ਹੋਵੇ ਅਤੇ ਇਹੁ ਭੀ ਬਿਨਾਂ ਮੱਤਲਬ ਦੇ ਨਹੀਂ ਸੀ ਕਿਉਂਕਿ ਜੋ ਵਿਚਾਰ ਦਾ ਬਲ ਬੌਹਤ ਸਾਰਾ ਆਦਮੀ ਦੀ ਜ਼ਿੰਦਗੀ ਪਰ ਅਸਰ ਕਰਦਾ ਹੈ ਜਿਸ ਦਾ ਨਿਰਣਾਂ ਦੂਸਰੀ ਜੋਗਾਂ ਸਿੰਘ ਪਦ ਦੀ ਨਿਰਣੇ ਵਿਖੇ ਕਰਾਂਗੇ ਇਸ ਕਰਕੇ ਸ਼ਸਤ੍ਰ ਨੂੰ ਧਰਮ ਵਿਖੇ ਮਿਲਾਉਨ ਲਈ ਪੈਹਲੀ ਰਸਮ ਵਿਖੇ ਮਿਲਾਉਣਾਂ ਕੁਛ ਤੱਤ ਰਖਦਾ ਸੀ ਅਰਥਾਤ ਸਿੰਘ ਜੇਹੜੇ ਸ਼ਸਤ੍ਰਾਂ ਦੇ ਵਸੀਲੇ ਖ਼ਾਲਸਾ ਧਰਮ ਗ੍ਰੈਹਣ ਕਰਦੇ ਹਨ ਇਸ ਕਰਕੇ ਉਨ੍ਹਾਂ ਦਾ ਸ਼ਸਤ੍ਰ ਹੀ ਚੁਕਣੇ ਧਰਮ ਹੋਵੇਗਾ ਪੈਰਾਂ ਦੀ ਥਾਂ ਕੋਈ ਹੋਰ ਅੰਗ ਭੀ ਯਾ ਕੋਈ ਹੋਰ ਤਰੀਕਾ ਅਜੇਹੇ ਅੰਮ੍ਰਿਤ ਦੇ ਬਨਾਉਨ ਲਈ ਨਿਯਤ ਕੀਤਾ ਜਾ ਸਕਦਾ ਸੀ ਪ੍ਰੰਤੂ ਸ਼ਸਤ੍ਰਾਂ ਦਾ ਬਨਾਯਾ ਹੋਯਾ ਅੰਮ੍ਰਿਤ ਕੁਛ ਹੋਰ ਡੂੰਘੇ ਅਰਥ ਰਖਦਾ ਸੀ

ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਜਿਨ੍ਹਾਂ ਪ੍ਰਯੋਜਨਾਂ ਵਾਸਤੇ ਖ਼ਾਲਸਾ ਧਰਮ ਦੀ ਨੀਵ ਧਰੀਸੀ ਉਸ ਵਾਸਤੇ ਇਹੁ ਢੰਗ ਅੰਮ੍ਰਿਤ ਦਾ ਬੜਾ ਰਾਸ ਤੇ ਠੀਕ ਆਯਾ ਅਤੇ ਇਹੁ ਤਰੀਕਾ ਭੀ ਨਵੀਨ ਨਹੀਂ ਸੀ ਹਿੰਦੂਆਂ ਵਿਖੇ ਭੀ ਤਲਵਾਰ ਦਾ ਅੰਮ੍ਰਿਤ ਪਿਵਾਉਨਾਂ ਪ੍ਰਾਚੀਨ ਰੀਤੀ ਸੀ ਭੇਦ ਕੇਵਲ ਇਤ ਨਾਹੀ ਸੀ ਕਿ ਅਜੇਹਾ ਅੰਮ੍ਰਿਤ ਤਲਵਾਰਦਾ ਬਨਾਯਾ ਹੋਯਾ ਬੱਚੇ ਨੂੰ ਜਨਮ ਸਮੇ ਪਿਵਾਯਾ ਜਾਂਦਾ ਸੀ ਕਈ ਰਾਜਪੂਤ ਖ਼ਾਨਦਾਨਾਂ ਵਿਖੇ ਅਜਤੀਕ ਇਹੁ ਰਸਮ ਚਲੀ ਆਂਉਂਦੀ ਹੈ ਸੋ ਜੇਹੜੀਆਂ ਬਲੋਚ ਕੌਮਾਂ ਇਸ ਵੇਲੇ ਬਲੋਚਸਤਾਂਨ ਵਿਖੇ ਨਿਵਾਸ ਕਰ ਰਹੀਆਂ ਹਨ ਉਨ੍ਹਾਂ ਵਿਖੇ ਭੀ ਇਹੁ ਰਸਮ ਅਜਤੀਕ ਹੈ ਕਿ ਜਦ ਕੋਈ ਬੱਚਾ ਜੰਮਦਾ ਹੈ ਤਾਂ ਤਲਵਾਰ ਨੂੰ ਧੋਕੇ ਉਸ ਪਾਨੀ ਦੀ ਬੂੰਦ ਯਾ ਦੋ ਬੂੰਦਾਂ ਬੱਚੇ ਦੇ ਮੂੰਹ ਵਿਖੇ ਪਾ ਦੇਂਦੇ ਹੈਨ ਅਤੇ ਸਭ ਥੀਂ ਪੈਹਲੀ ਇਹੀ ਰਸਮ ਕਰਦੇ ਹੈਨ ਜਿਸਦਾ ਤਾਤਪ੍ਰਯ ਸਨਮੁਖ ਤਾਂ ਇਹੀ ਹੈ ਕਿ ਬੱਚੇ ਬਹਾਦੁਰ ਸੂਰਮੇ ਉੱਠਣ ਤੇ ਇਸ ਤਰੀਕੇ ਤੇ ਰਸਮ ਕਰਨ ਕਰਕੇ ਇਹੁ ਜ਼ਰੂਰੀ ਗਲ ਹੈ ਕਿ ਬੱਚੇ ਨੂੰ ਅਸਰ ਪਵੇ ਅਤੇ ਇਸੇ ਬਾਤ ਥੀਂ ਪਤਾ ਲਗਦਾ ਹੈ ਕਿ ਜੇਹੜੀਆਂ ਕੌਮਾਂ ਬਲੋਚ ਹੈਨ ਕਿਸੇ ਸਮੇ ਵਿਖੇ ਰਾਜਪੂਤ ਹੋਣਗੀਆਂ ਜੇਹੜੀਆਂ ਇਸਲਾਮ ਦੇ ਜ਼ੋਰ ਕਰਕੇ ਕਿਸੇ ਸਮੇ ਵਿਖੇ ਸਾਰੀਆਂ ਹੀ ਮੁਸਲਮਾਂਨ ਬਨ ਗਈਆਂ ਭਾਵੇਂ ਓਹੁ ਮੁਸਲਮਾਨ ਤਾਂ ਹੋਗਏ ਪ੍ਰੰਤੂ ਇਸ ਰਸਮਨੂੰ ਉਨ੍ਹਾਂ ਨੇ ਪ੍ਰੀਪਕ

ਭੁੱਖਿਆ ਇਸ ਥੀਂ ਪ੍ਰਤੀਤ ਹੁੰਦਾ ਹੈ ਕਿ ਇਹੁ ਰਸਮ ਹਿੰਦੂ ਖੱਤ੍ਰੀਆਂ ਵਿਖੇ ਪੌਰਾਤਨੀ ਹੈਂ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਮੋਈ ਗਈ ਨੂੰ ਫੇਰ ਤਕੜੀ ਕੀਤਾ ਭੇਦ ਕੇਵਲ ਐਨਾਂਹੀ ਸੀ ਕਿ ਹਿੰਦੂ ਬਾਲਕਦੇ ਜਨਮ ਸਮੇਹੀ ਇਹੁ ਰਸਮ ਪੂਰੀ ਕਰਦੇ ਸੇ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਵੇਲੇ ਪ੍ਰਚਲਤ ਕੀਤੀ ਕਿ ਜਦ ਕੋਈ ਖ਼ਾਲਸਾ ਧਰਮ ਵਿਖੇ ਮਿਲਨ ਲਗੇ ਫੇਰ ਇਕ ਅਮੋਲਕ ਬਦਲੀ ਹੋਰ ਕੀਤੀ ਕਿ ਪਾਹੁਲ ਦੇਣਦਾ ਅਧਿਕਾਰੀ ਪੰਜਾ ਸਿੰਘਾਂ ਨੂੰ ਕੀਤਾ ਭਾਵੇਂ ਓਹੁ ਕਿਸੇਹੀ ਜਾਤੀ ਦੇ ਹੋਣ ਇਸ ਥੀਂ ਬੜਾ ਲਾਭ ਇਹੁ ਸੀ ਕਿ ਇਕ ਤਾਂ ਕਿਸੇ ਇਕ ਪੁਰਖ ਦੇ ਹੱਥ ਗੁਰਿਆਈ ਨਾਂ ਆਵੇਗੀ ਤੇ ਗੁਰੂ ਬਨਨ ਵਿਖੇ ਜੇਹੜੇ ਖ਼ਰਾਬ ਕੰਮ ਉਤਪਤ ਹੁੰਦੇ ਹਨ ਸੋਨਾਂ ਹੋਣਗੇ ਤੇ ਦੂਸਰੀ ਗੁਰੂਦੀ ਢੂੰਢ ਤੇ ਉੱਤਮ ਪੁਰਖਾਂ ਦੀ ਲਭ ਵਿਖੇ ਜੇਹੜਾ ਸਮਾਂ ਬਿਅਰਥ ਜਾਂਦਾ ਹੈ ਉਸਥੀਂ ਭੀ ਖ਼ਾਲਸਾ ਧਰਮ ਛੁਟਕਾਰਾ ਪਾਈ ਰਹੇਗਾ ਤੀਸਰਾ ਥਾਂ ਥਾਂ ਪਰ ਗੁਰੂ ਦਾ ਸਿਲਸਿਲਾ ਹੋਣਾ ਕਥਾਹਤਾਂ ਥੀਂ ਖਿਨਾਂ ਨਹੀਂ ਸੀ ਹੋਣਾਂ ਤੇ ਜੇਹੜੇ ਪੁਰਖ ਨਿਯਤ ਕੀਤੇ ਜਾਂਦੇ ਕਿ ਓਹੀ ਪਾਹੁਲ ਦੇਸਕਨ ਤਾਂ ਮੈਦਾਨ ਨੂੰ ਬੰਧਨ ਬੰਧਦੇਣੇ ਸੇ ਤੇ ਫ਼ਿਰਕਿਆਂ ਵਿਚੋਂ ਹੋਰ ਫ਼ਿਰਕੇ ਨਿਕਲਣ ਦਾ ਭੀ ਡਰਸੀ ਇਸ ਕਰਕੇ ਪ੍ਰਤੀਤ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਅੰਤ ਸਮੇ ਵਿਖੇ ਗੁਰੂ ਗੱਦੀ ਕਿਸੇ ਪੁਰਖ

ਨੂੰ ਨਹੀਂ ਦਿੱਤੀ ਇਸਦੀ ਬਾਬਤ ਉਨ੍ਹਾਂ ਨੇ ਪੈਹਲੇਹੀ ਵਿਚਾਰ ਲੀਤਾ ਸੀ ਕਿ ਖ਼ਾਲਸਾ ਧਰਮ ਵਿਖੇ ਮਿਲਾਉਨ ਲਈ ਜ਼ਰੂਰੀ ਅਤੇ ਸਭ ਥੀਂ ਪੈਹਲੇ ਰਸਮ ਦਾ ਅਧਿਕਾਰੀ ਇਕ ਪੁਰਖ ਅਥਵਾ ਕਈਆਂ ਪੁਰਖਾਂ ਨੂੰ ਨਹੀਂ ਕਰਨਾ ਚਾਹੀਏ ਸਗੋਂ ਪੰਜਾਂ ਸਿੰਘਾਂ ਦੇ ਅਧਿਕਾਰ ਵਿਖੇ ਕੀਤਾ ਜਾਵੇ ਭਾਵੇਂ ਓਹੁ ਕੋਈ ਭੀ ਹੋਣ ਕਿਧਰੇ ਭੀ ਹੋਣ ਇਸ ਕਰਕੇ ਖ਼ਾਲਸਾ ਧਰਮ ਨੂੰ ਬੰਧਨਾਂ ਥੀ ਮੋਖ ਬਖ਼ਸ਼ੀ ਤੇ ਉਸਦੀ ਉਨਤੀ ਲਈ ਐਡਾ ਮੈਦਾਨ ਖੁੱਲ੍ਹਾ ਕਰ ਦਿਤਾ ਕਿ ਜਿਥੋਂ ਤਾਂਈ ਹੋਣਾਂ ਲੋੜੀਦਾ ਸੀ ਰਸਮ ਭੀ ਬੜੀ ਹੀ ਸਿੱਧੀ ਸਾਧੀ ਸੀ ਪ੍ਰੰਤੂ ਤਾਤਪ੍ਰਯ ਬੜਾਹੀ ਡੂੰਘਾ ਤੇ ਗੈਹਰਾ ਸੀ ਅਫ਼ਸੋਸ ਹੈ ਕਿ ਅੱਜ ਕਲ ਗੁਰੂ ਜੀ ਦੇ ਉਦੇਸ਼ ਦੇ ਵਿਰੁਧ ਕਈ ਸਿੰਘ ਆਪ ਨੂੰ ਗੁਰੂ ਪ੍ਰਸਿੱਧ ਕਰਕੇ ਆਪਣੀ ਹੀ ਪਾਹੁਲ ਦੇਂਦੇ ਫਿਰਦੇ ਹਨ ਤੇ ਜਿਸ ਗੁਰਿਆਈ ਨੂੰ ਗੁਰੂ ਗੋਬਿੰਦ ਸਿੰਘ ਜੀ ਮਿਟਾਯਾ ਚਾਹੁੰਦੇ ਸੀ ਉਸੇਦੇ ਬਹਾਨੇ ਕਰਕੇ ਰੋਟੀਆਂ ਖਾਂਦੇ ਫਿਰਦੇ ਹਨ ਪੰਜਾਂ ਸਿੰਘਾਂ ਨੂੰ ਪਾਹੁਲ ਦੇਣਦਾ ਅਧਕਾਰੀ ਕਰਨ ਦਾ ਪ੍ਰਯੋਜਨ ਇਹੀ ਸੀ ਕਿ ਖ਼ਾਲਸਾ ਧਰਮ ਕਿਸੇ ਇਕ ਦੇ ਹੱਥ ਵਿਚ ਅਤੇ ਕਿਸੇ ਬੰਧਨ ਵਿਖੇ ਨਾਂ ਬੰਨ੍ਹੀ ਜਾਵੇ ਅਤੇ ਸਿੰਘ ਅਜੇਹਾ ਸੁਤੰਤ੍ਰ ਰਹੇ ਕਿ ਜਿਵੇਂ ਆਦਮੀ ਲਈ ਕੁਦਰਤ ਦਾ ਮੈਦਾਨ ਖੁਲ੍ਹਾ ਹੈ ਪਾਹੁਲ ਥੀਂ ਮਗਰੋਂ ਹਰ ਇਕ ਨੂੰ ਸਿੰਘ ਦਾ ਪਦ ਲਾਉਨਾਂ ਆਵਸ਼ ਹੋਵੇਗਾ ਇਹੁ ਭੀ ਬਿਨਾ ਮਤਲਬੋਂ

ਥੋਂ ਨਹੀਂ ਸੀ ਖਬਰੇ ਇਸ ਗਲ ਥੀਂ ਬੌਹਤ ਲੋਕੀ ਨਾਵਾਕਫ਼ ਹੋਣਗੇ ਕਿ ਪਦਾਂਦਾ ਭੀ ਪੁਰਖ ਮਾਤ੍ਰ ਨੂੰ ਅਤੇ ਕਾਰੋ ਬਾਰ ਵਿਖੇ ਬੜਾ ਅਸਰ ਹੁੰਦਾ ਹੈ ਜੋ ਉਸਨੂੰ ਵਿਚਾਰਨ ਕਰਕੇ ਬੜਾਹੀ ਅਸਚਰਜ ਹੋਜਾਈਦਾਹੈ ਪਦਾਂਦੀਆਂ ਬਨਾਵਟਾਂ ਹੀ ਪੁਰਖਾਂ ਦੀਆਂ ਲੋੜਾਂਪਰ ਲੋੜੀਦੀਆਂ ਹਨ ਤੇ ਉਸਦੇ ਲਾਭ ਤੇ ਅਸਰ ਭੀ ਬੇਓੜਕ ਹੈਨ ਤੇ ਇਸਥੀਂ ਭੀ ਇਨਕਾਰ ਨਹੀਂ ਹੋਸਕਦਾ ਕਿ ਸ਼ਬਦਾਂ ਦਾ ਅਸਰ ਪੁਰਖਾਂ ਪਰ ਹੋਣਥੀਂ ਨਹੀਂ ਰੈਹਸਕਦਾ ਬੌਹਤ ਸੁਭਾਵਕ ਤੇ ਆਦਤਾਂ ਸ਼ਬਦਾਂ ਕਰਕੇ ਫਲਦਾਇਕ ਹੁੰਦੀਆਂ ਰੈਹੰਦੀਆਂ ਹੈਨ ਸਬਦਾਂ ਦਾ ਅਸਰ ਪੁਰਖਾਂ ਦੇਸਰੀਰ ਪਰ ਬਹੁਤ ਹੀ ਪੈਂਦਾ ਹੈ ਜਿਸ ਵਾਸਤੇ ਸੁਬਦ ਬਨਾਏ ਗਏ ਸੇ ਓਹੀ ਅਸਰ ਕਰਦੇ ਹੈਨ ਤੇ ਉਸਦੇ ਵਿਰੁਧ ਜੇਕਰ ਸ਼ਬਦਾਂ ਨੂੰ ਕੰਮ ਵਿਖੇ ਲਿਆਂਦਾ ਜਾਵੇ ਤਾਂ ਬਿਲਕੁਲ ਹੀ ਬੇਫਲ ਹੋ ਜਾਂਦੇ ਹਨ ਜੇਹਾਕੁ ਆਸਾ ਰਾਗ ਸਵੇਰ ਦੇ ਵਾਸਤੇ ਉਤਮ ਹੈ ਅਤੇ ਗੌੜੀ ਕਲਜਾਨ ਰਾਗ ਸੰਧਯਾ ਵਾਸਤੇ ਜੇਕਰ ਆਸਾ ਰਾਗ ਨੂੰ ਸੰਧਯਾ ਸਮੇਂ ਗਾਯਾ ਜਾਵੇ ਤਾਂ ਚਿਤ ਪ੍ਰਸੰਨ ਹੋਨਦੀ ਥਾਂ ਚਿਤ ਨੂੰ ਬੁਰਾ ਪ੍ਰਤੀਤ ਹੁੰਦਾ ਹੈ ਅਤੇ ਇਸੇਤਰਾਂ ਇਸਦਾ ਭੀ ਬੰਧਾਨ ਹੈ ਜੇਹੜਾ ਸ਼ਬਦ ਗ਼ਮ ਤੇ ਰੋਣ ਸਮੇਦਾ ਅਤੇ ਸੋਗ ਦੇ ਸਮੇ ਲਈ ਨਿਯਤੁ ਹੈ ਉਸਨੂੰ ਸੋਗ ਸਮੇਹੀਵਰਤਨਾਂ ਲੋੜੀਏ ਤਾਤਾਂ ਬਿਲਕੁਲ ਠੀਕ ਹੋਵੇਗਾ ਸਗੋਂ ਉਸਦਾ ਫਲ ਬੜਾ ਚੰਗਾ ਹੋਵੇਗਾ ਏਸੇ ਤਰਾਂ ਹੀ ਇਸਦੇ ਵਿਰੁਧ ਬੁਲਬੁਲ ਦੇ ਵਾਸਤੇ

ਚੈਹ ਚਹਾਨਾ ਸ਼ਬਦ ਨਿਯਤ ਹੈ ਹਾਥੀ ਦੇ ਵਾਸਤੇ ਚਿੰਗਾੜੀਆਂ ਮਾਰਨਾ ਤੇ ਸ਼ੇਰ ਦੇ ਵਾਸਤੇ ਢਾਰਨਾਂ ਤੇ ਜੇਕਰ ਅਸੀਂ ਕਦੇ ਹੋਰ ਹੀ ਪ੍ਰਯੋਜਨ ਵਾਸਤੇ ਕਹੀਏ ਕਿ ਬੁਲਬੁਲ ਚਿੰਘਾੜਦਾ ਹੈ ਤਾਂ ਇਹੁ ਨਿਰਾ ਬੇਹੂਦਾ ਹੀ ਨਾਂ ਹੋਵੇਗਾ ਸਗੋਂ ਚਿਤ ਨੂੰ ਓਹੁ ਸਮਾਹੀ ਪ੍ਰਤੀਤ ਨਾ ਹੋਵੇਗਾ ਜੇਹੜਾ ਇਸ ਸ਼ਬਦ ਥੀਂ ਦੇਖਨਾ ਸੀ ਕਿ ਬੁਲਬੁਲ ਚੈਹਚਹਾਉਂਦੀ ਹੈ ਫੁਲਾਂ ਦੀ ਸੁਗੰਧੀ ਨੂੰ ਜੇਕਰ ਇਉਂ ਆਖੀਏ ਕਿ ਗੁਲਾਬ ਦਾ ਫੁਲ ਕੜਕਦਾ ਹੈ ਤੇ ਬਿਜਲੀ ਨੂੰ ਆਖੀਏ ਕਿ ਬਿਜਲੀ ਸੁਗੰਧ ਦੇਂਦੀ ਹੈ ਤਾਂ ਇਹੁ ਨਿਰੀ ਬੇਹੂਦਗੀ ਹੀ ਨਹੀਂ ਹੋਵੇਗੀ ਸਗੋਂ ਇਸਦਾ ਫਲ ਭੀ ਕੁਛ ਨਹੀਂ ਹੋਵੇਗਾ ਇਸ ਕਰਕੇ ਸ਼ਬਦਾਂ ਦੇ ਫਲ ਸਾਡੀ ਤਬੀਅਤ ਤੇ ਕੰਮਾਂ ਪਰ ਸ਼ੀਘਰ ਹੀ ਗੁਣ ਔਗੁਣ ਉਤਪੰਨ ਕਰ ਸਕਦੇ ਹਨ ਸਗੋਂ ਉਹ ਸਾਡੇ ਹਰ ਇਕ ਕੰਮਾਂ ਦਾ ਮਧਸਥਾਨ ਹੈਨ ਜੇਕਰ ਅਸੀਂ ਕਿਸੇ ਅੰਗ੍ਰੇਜ਼ ਨੂੰ ਆਖੀਏ ਕਿ ਅੰਗ੍ਰੇਜ਼ੀ ਕੌਮ ਝੂਠੀ ਹੈ ਤਾਂ ਇਸ ਸ਼ਬਦ ਦੇ ਸ੍ਰਵਨ ਕਰਨੇ ਕਰਕੇ ਹੀ ਓਹੁ ਭੜਕ ਉਠੇਗਾ ਕਿਉਂਕਿ ਉਸ ਕੌਮ ਵਿਖੇ ਉਸ ਸ਼ਬਦ ਦੀ ਅਸਰ ਪਜ਼ੀਰੀ ਦੀ ਤਾਕਤ ਜੀਉਂਦੀ ਹੈ ਅਤੇ ਉਹ ਆਪਣੇ ਆਪ ਨੂੰ ਸੱਚੀ ਕੌਮ ਜਾਣਦੇ ਹਨ ਏਸੇ ਤਰਾਂ ਜੇਹੜਾ ਸ਼ਬਦ ਮੋਮਨ ਦਾ ਅਸਰ ਮੁਸਲਮਾਨਾਂ ਪਰ ਪੈਂਦਾ ਹੈ ਤੇ ਸ਼ਬਦ ਦਾ ਗੁਣ ਹਿੰਦੂਆਂ ਦੇ ਚਿਤਾਂ ਪਰ ਪੈਂਦਾ ਹੈ ਓਹੁ ਪ੍ਰਗਟ ਹੈ ਉਸਦੇ ਕੈਹਣ ਸੁਨਣ ਦੀ ਲੋੜ ਨਹੀਂ ਇਸ ਗਲ ਥੀਂ ਬਿਨਾਂ ਹੋਰ

(ਖਿਆਲਾਂ) ਵਿਚਾਰਾਂ ਦਾ ਭੀ ਪੁਰਖ ਪਰ ਬੜਾ ਗੁਣ ਪੈਂਦਾ ਹੈ ਜਿਵੇਂ ਕਿਸੇ ਹਲਵਾਈ ਦੀ ਹੱਟੀ ਪਰ ਅੰਖਾਂ ਨਾਲ ਦੇਖਕੇ ਬੜੀਆਂ ਉਤਮ ਸੁਾਦੂਲ ਚੀਜ਼ਾਂ ਨੂੰ ਦੇਖਕੈ ਉਸਦੇ ਸੁਾਦ ਦਾ ਧਿਆਨ ਧਰਨੇ ਕਰਕੇ ਹੀ ਚੱਟ ਪੱਟ ਹੀ ਮੂੰਹ ਵਿਖੇ ਪਾਣੀ ਭਰ ਆਉਂਦਾ ਹੈ ਅਥਵਾ ਕਿਸੇ ਘਰ ਥੀਂ ਰੋਣ ਦੀ ਭਿਨਕ ਸੁਣਕੇ ਚੱਟ ਪੱਟਹੀ ਚਿਤਨੂੰ ਖੇਦ ਜੇਹਾਪ੍ਰਾਪਤ ਹੋਜਾਂਦਾ ਹੈਇਹੁ ਸਭ ਚਿਤ ਦੀ ਹੀ ਕਰਤੂਤ ਹੈ ਜੇਕਰ ਕੋਈ ਕਾਇਰਤਾ ਵਲ ਧਿਆਂਨ ਕਰਦਾ ਹੋਯਾ ਸੂਰਮਾਂ ਬਨਨਾ ਚਾਹੇ ਤਾਂ ਅਸੰਭਵ ਹੈ ਏਸੇ ਤਰਾਂ ਬਹਾਦੁਰੀ ਦਾ ਧਿਆਂਨ ਧਰਦੇ ਹੋਏ ਕਾਇਰ ਭੀ ਬਨਨਾਂ ਯੋਗ ਨਹੀਂ ਏਸੇ ਤਰਾਂਹੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਧਰਮ ਧਾਰਨਵਾਲੇ ਨੂੰ ਸਿੰਘਾ ਦੀ ਪਦਵੀ ਦਾ ਸ਼ਬਦ ਦਿੱਤਾ ਕਿਉਂਕਿ ਸਾਰੇ ਸੰਸਾਰ ਵਿਖੇ ਸਿੰਘ ਨੂੰ ਕਾਇਰ ਕੋਈ ਨਹੀਂ ਕੈਹਸਕਦਾ ਤਾਤਪ੍ਰਜ ਤਾਂ ਇਹੁਸੀ ਕਿ ਜਦ ਓਹ ਸਿੰਘੀ ਸ਼ਬਦ ਨੂੰ ਗ੍ਰੈਹਨ ਕਰੇ ਤਾਂ ਇਹੁ ਗਲ ਅਜੋਗ ਹੈ ਕਿ ਫੇਰ ਓਹੁ ਕਾਇਰ ਬਨੇ ਰੈਹਨ ਦਾਸ ਦੇ ਸ਼ਬਦ ਥੀਂ ਜੋ ਕਾਇਰਤਾ ਤੇ ਸ਼ਾਂਤੀ ਅਤੇ ਸੇਵਕਤਾ ਦਾ ਅਸਰ ਦਿਲਾਂ ਪਰ ਪੈਂਦਾ ਹੈ ਓਹੁ ਅਖਾਂ ਦ੍ਵਾਰਾ ਸਾਫ਼ ਪ੍ਰਤੀਤ ਹੋਜਾਂਦਾ ਹੈ ਆਪ ਦੇਖ ਸਕਦੇ ਹੋ ਸੱਚ ਮੁੱਚ ਇੱਕ ਕਾਇਰ ਤੇ ਨਾਕਾਰੇ ਆਦਮੀ ਥੀਂ ਕੇਵਲ ਸਿੰਘ ਪਦ ਲਾਉਣ ਦੇ ਕਾਰਨ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘ ਰਣਭੂਮੀ ਦੇ ਸੂਰਮੇ ਬਨਾ ਦਿੱਤੇ ਤੇ ਇਸ ਅਸਰ ਨੂੰ

ਜੇਹੜਾ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਧਰਮ ਵਿਖੇ ਉਤ-ਪਤ ਕੀਤਾ ਸੀ ਅਸੀ ਹਰ ਜਗਾਂ ਹਰ ਸਮੇ ਵਿਖੇ ਦੇਖਦੇ ਹਾਂ ਜੋ ਇਸ ਦਾ ਅਸਰ ਕਦੇ ਭੀ ਨਿਸਫਲ ਨਹੀਂ ਹੋਯਾ ਸਿੰਘ ਦੇ ਲਫ਼ਜ਼ੀ ਅਰਥ ਸੰਸਕ੍ਰਿਤ ਬੋਲੀ ਵਿਖੇ ਸ਼ੇਰ ਦੇ ਹਨ ਤੇ ਲੋਕਕ ਅਰਥ ਬੀਰ ਅਰਥਾਤ ਬਹਾਦੁਰ ਦੇ ਹਨ ਕੇਸ਼ ਰਖਣੇ ਨਵੀ ਰਸਮ ਨਹੀ ਪੂਰਬ ਸਮੇ ਵਿਖੇ ਸਾਰੇ ਹੀ ਲੋਕ ਕੇਸ਼ ਰਖਦੇ ਸੀ ਹਿੰਦੁਸਤਾਂਨ ਦੀ ਵਰਨੱਤਾ ਵਿਖੇ ਆਖਦੇ ਹਨ ਕਿ ਕਿਸੇ ਰਾਜਪੂਤ ਰਾਜੇ ਨੇ ਆਪਣੇ ਜਿੱਤੇ ਹੋਏ ਇਲਾਕੇ ਵਿਖੇ ਹਿੰਦੂਆਂ ਨੂੰ ਕੇਸ਼ ਰਖਣੋਂ ਮਨਾਂਹ ਕੀਤਾ ਸੀ ਅਤੇ ਕੇਵਲ ਬੋਦੀ ਧਾਰਨ ਦੀ ਆਗਿਆ ਕੀਤੀ ਸੀ ਜੇਹੜੀ ਫਤੇ ਦੀ ਨਿਸ਼ਾਨੀ ਸੀ ਇਹੁ ਗਲ ਹੋਸਕਦੀ ਹੈ ਕਿ ਕਿਸੇ ਰਾਜਪੂਤ ਰਾਜੇ ਨੇ ਅਜੇਹੀ ਕੀਤੀ ਹੋਵੇ ਪ੍ਰੰਤੂ ਬੁਧ ਨਹੀਂ ਪ੍ਰਤੀਤ ਕਰਦੀ ਬਹੁਤ ਕਰਕੇ ਤਾਂ ਇਉਂ ਜਾਂਣ ਪੈਂਦੀ ਹੈ ਕਿ ਬੁਧ ਰਾਜਿਆਂ ਨੇ ਜੋ ਸਭ ਰਸਮਾਂ ਹਿੰਦੂਆਂ ਦੀਆਂ ਥੀਂ ਵਿਰੋਧ ਰਖਦੇ ਸੇ ਅਤੇ ਹਿੰਦੂਆਂ ਨੂੰ ਬੜੇ ਬੁਰੇ ਹਾਲ ਵਿਖੇ ਰਖ ਦੇਸੇ ਹਿੰਦੂਆਂ ਨੂੰ ਬੋਦੀ ਹੀ ਰਖਨ ਪਰ ਜ਼ੋਰ ਦਿੱਤਾ ਹੋਵੇ ਟਾਡ ਸਾਹਿਬ ਨੇ ਇਕ ਸਮੇ ਪਰ ਵਰਨੰਨ ਕੀਤਾ ਹੈ ਕਿ ਰਾਜਿਆਂ ਨੇ ਬੋਦੀ ਧਾਰਨੀ ਕਿਸੇ ਚੰਗੀ ਧਰਤੀ ਪਰ ਜਿੱਤ ਦੇ ਸਮੇ ਪਰ ਹਿੰਦੂ ਪੂਜਾ ਲਈ ਜ਼ਰੂਰੀ ਆਗਿਆ ਕੀਤੀ ਸੀ ਇਹੁ ਰਾਜਾ ਹਿੰਦੂ ਹੋਕਰਕੇ ਬ੍ਰਹਮਣੀ ਧਰਮ ਦੇ ਰਾਜ ਵਿਖੇ ਤਾਂ ਸ਼ਾਇਦ ਅਜੇਹੀ ਆਗਿਆ ਤਾਂ ਨਾਹੀ ਦੇ ਸਕਦਾ ਸੀ ਵਸ਼ੇਸ਼ ਕਰਕੇ

ਪ੍ਰਤੀਤ ਹੁੰਦਾ ਹੈ ਕਿ ਹਿੰਦੂ ਧਰਮ ਦੇ ਵਿਰੁਧ ਰਾਜਿਆਂ ਨੇ ਅਜੇਹੀ ਆਗਿਆ ਦੇ ਦਿੱਤੀ ਹੋਵੇਗੀ ਤੇ ਓਹੁ ਤਾਂ ਇਉ ਬੋਧੀ ਹੀ ਹੋਸਕਦੇ ਹਨ ਸੰਖੇਪ ਇਹੁ ਕਿ ਬੋਦੀ ਵਾਲਿਆਂ ਧਰਮਾਂ ਨਾਲ ਭੀ ਕੋਈ ਵਾਸਤਾ ਨਹੀਂ ਰਖਦੇ ਉਸਦੀ (ਬੁਨਿਆਦ) ਮੂਲ ਕੇਵਲ ਐਨੀਹੀ ਪ੍ਰਤੀਤ ਹੋਸਕਦੀ ਹੈ ਕਿ ਓਹੁ ਕਿਸੇ ਡਾਢੇ ਰਾਜੇ ਨੇ ਆਪਣੇ ਜਿੱਤੇ ਹੋਏ ਇਲਾਕੇ ਵਿਖੇ ਆਗਿਆ ਦੇ ਦਿੱਤੀ ਹੋਵੇ ਅਥਵਾ ਇਹੁ ਹੋਸਕਦੀ ਹੈ ਕਿ ਬੁਧ ਧਰਮ ਜੋ ਚੌਹਾਂ ਪਾਸਿਆਂ ਵਿਖੇ ਪਸਰ ਗਿਆ ਸੀ ਬ੍ਰਹਮਨਾਂ ਨੇ ਤੇ ਬ੍ਰਹਮਨੀ ਸਮੇਦੇ ਬਚਿਆਂ ਹੋਯਾਂ ਰਾਜਿਆਂ ਨੇ ਆਪਣੇ ਪਾਸੇ ਦੇ ਲੋਕਾਂ ਦੀ ਪ੍ਰੀਛਯਾ ਵਾਸਤੇ ਇਹੁ ਬੋਦੀ ਧਾਰਨ ਦੀ ਰਸਮ ਕਢੀ ਸੀ ਸੋ ਇਹੁ ਗਲ ਬੁਧ ਮੰਨ ਦੀ ਹੈ ਕੁਛ ਭੀ ਹੋਵੇ ਇਸ ਵਿਖੇ ਤਾਂ ਸੰਦੇਹ ਹੀ ਨਹੀਂ ਕਿ ਬੋਦੀ ਇੱਕ ਸਿਵਕਾਈ ਦਮਾਗ਼ ਦੀ ਨਸ਼ਾਨੀ ਹੈ ਸੀ ਭਾਵੇਂ ਓਹੁ ਨਿਸ਼ਾਨ ਸ਼ਰੀਰਕ ਸਿਵਕਾਈ ਦਾ ਹਿੰਦੂ ਜਿਤ ਵਾਲਿਆਂ ਨੇਹੀ ਕੀਤਾ ਅਥਵਾ ਆਤਮਕ ਅਤੇ ਦਿਮਾਗ਼ੀ ਸਿਵਕਾਈ ਦਾ ਨਿਸ਼ਾਨ ਬ੍ਰਹਮਣਾਂ ਨੇ ਹੀ ਨਿਯਤ ਕੀਤਾ ਵੈਦਕ (ਵਿਦਯਾ) ਸਿਖਯਾ ਵਿਖੇ ਇਸ ਬੋਦੀ ਦਾ ਧਰਮੀ ਰਸੂਮ ਵਿਖੇ ਕੋਈ ਲਗਾਉ ਅਜਤੀਕ ਨਹੀ ਸਿਧ ਕੀਤਾ ਗਿਆ ਇਹੁ ਦੋਹੀਂ ਤਰੀਂ ਹੀ ਸਿਵਕਾਈ ਦਾ ਚਿਨ੍ਹ ਸੀ ਏਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਿਵਕਾਈ ਦੇ ਨਿਸ਼ਾਨ ਨੂੰ ਮੇਟਣਾ ਚਾਹਿਆ ਜੇਕਰ ਕੇਸਾਂ ਥੀਂ ਬਿਨਾ ਕੋਈ ਹੋਰ ਸੂਰਤ ਸਿਰਦੇ ਵਾਲਾਂ ਦੀ

ਵਿਚਾਰਦਾ ਤਾਂ ਸਿਖਾਂ ਵਿੱਚ ਭੀ ਬੋਦੀ ਦਾ ਫੇਰ ਹੋਜਾਣਾ ਬਣ ਜਾਂਦਾ ਸੋ ਏਸ ਕਰਕੇ ਸਿਰ ਪਰ ਕੇਸ ਧਾਰਨ ਦੀ ਆਗਜ਼ਾ ਦਿੱਤੀ ਤੇ ਹਿੰਦੂਆਂ ਦਾ ਪੁਰਾਣਾ ਤ੍ਰੀਕਾ ਭੀ ਇਹੀ ਹੈਸੀ ਪ੍ਰੰਤੂ ਵਜ਼ਾਹਦਾਰ ਤੇ ਆਰਾਮ ਪਸੰਦ ਸਿੰਘ ਉਸਨੂੰ ਬੁਰਾ ਜਾਣਦੇ ਹਨ ਨਿਸੰਗ ਗਰਮ ਦੇਸ ਵਿਖੇ ਰੈਹਨ ਵਾਲਿਆਂ ਲਈ ਇਹੁ ਤ੍ਰੀਕਾ ਬੌਹਤ ਚੰਗਾ ਨਹੀਂ ਪਰ ਚੇਤੇ ਰਖਨਾ ਲੋੜੀਏ ਕਿ ਜਦ ਸੁਭਾਵਕ ਪ੍ਰਾਣੀ ਕਿਸੇ ਗਲ ਦਾ ਆਦੀ ਹੋਜਾਵੇ ਤਾਂ ਉਸਨੂੰ ਓਹੁ ਗਲ ਬੁਰੀ ਪ੍ਰਤੀਤਨਹੀਂ ਹੁੰਦੀਆਖਦੇ ਹਨਕਿ ਦਿਮਾਗ਼ੀ ਤਾਕਤਾਂ ਨੂੰ ਲੰਮੇ ਕੇਸ਼ ਅਛੀਤਰਾਂ ਵਧਣ ਨਹੀਂ ਦੇਂਦੇ ਪ੍ਰੰਤੂ ਅਸੀ ਦੇਖਦੇ ਹਾਂ ਕਿ ਪੁਰਾਣੇ ਸਮੇ ਵਿਖੇ ਕੇਸ਼ਾਂ ਦਾ ਧਾਰਨ ਕਰਨਾਂ ਦਿਮਾਗ਼ੀ ਤਾਕਤ ਨੂੰ ਕਿਸੇ ਪ੍ਰਕਾਰ ਭੀ ਹਰਜ ਨਹੀਂ ਦੇਂਦਾ ਰਿਹਾ ਸਗੋਂ ਇਹੁ ਗਲ ਚੇਤ ਰਖਨੀ ਲੋੜੀਏ ਕਿ ਇਹੁ ਭਾਰ ਸਿਖਾਂ ਦੇ ਸਿਰ ਪਰ ਧਾਰਨ ਕਰਵਾਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਹੁ ਸਿਖਯਾ ਉਨਾਂ ਨੂੰ ਦਿੱਤੀ ਸੀ ਕਿ ਧਰਮ ਰਖਯਾ ਤੇ ਦੇਸ਼ ਭਗਤੀ ਦਾ ਭਾਰ ਉਨ੍ਹਾਂ ਦੇ ਸਿਰ ਪਰ ਧਰਯਾ ਗਿਆ ਹੈ ਜੇਹੜਾ ਉਨ੍ਹਾਂ ਨੂੰ ਭਲੀ ਪ੍ਰਕਾਰ ਕਰਕੇ ਉਠਾਉਨਾ ਲੋੜੀਏ ਸਿਰ ਮੁੰਨਵਾਕੇ ਉਹ ਭਾਰ ਸਿਰ ਪਰ ਧਾਰਨ ਕਰਨੇ ਦੀ ਆਗਿਆ ਦੇਣੇ ਵਿਖੇ ਕੁਛ ਮੁਸਲਮਾਨਾਂ ਦੀ ਨਕਲ ਹੁੰਦੀ ਜੇਹੜੀ ਉਸਨੂੰ ਨਹੀਂ ਸੀ ਭਾਂਵਦੀ ਤੇ ਉਸਦੇ ਕਰਨੇ ਕਰਕੇ ਕੁਛ ਸ਼ੋਭਾਹੀਨ ਭੀ ਹੋਜਾਂਦੇ ਇਸ ਵਾਸਤੇ ਇਹੁ ਸੂਰਤ ਵਿਚਾਰੀ

ਗਈ ਸੀ ॥

ਇੱਕਤਾਂ ਇਹੁ ਕਥਾ ਭੀ ਹੈ ਕਿ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਮੋਨੇ ਸਿਖ ਬਣਨ ਦੀ ਭੀ ਆਗਿਆ ਦਿੱਤੀ ਸੀ ਪ੍ਰੰਤੂ ਇਹੁ ਸੰਦੇਹ ਰੈਂਹਦਾ ਹੈ ਕਿ ਉਹ ਸਿਖ ਬਣਸਕਦੇਸੇ ਅਥਵਾ ਸਿੰਘ ਇਸ ਬਾਤ ਦਾ ਵਰਨੰਨ ਕਿਸੇ ਹੋਰਸ ਸਮੇ ਪਰ ਕੀਤਾ ਜਾਵੇਗਾ ॥

(੨) ਕੰਘਾ ਕੱਕਾਸੀ ਜੇਕਰ ਇਸਦੇ ਧਾਰਨ ਕਰਨ ਦੀ ਆਗਿਆ ਗੁਰੂ ਗੋਬਿੰਦ ਸਿੰਘਜੀ ਨੇਆਪ ਜ਼ਰੂਰੀ ਦਿੱਤੀ ਹੈ ਤਾਂ ਉਸਦਾ ਕਾਰਨ ਸਿੱਧ ਪ੍ਰਤੀਤ ਹੈ ਕਿ ਵਾਲਾਂ ਨੂੰ ਸਾਫ਼ ਰਖਨਦਾ ਮਸਾਲਾ ਹਰ ਸਮੇ ਵਿਖੇ ਪਾਸ ਹੋਣਾਂ ਚਾਹੀਏ ਜੋਕਿ ਢਿੱਲੇ ਹੋਜਾਣ ਕਰਕੇ ਵਾਲਾਂ ਨੂੰ ਨਾਂ ਫੇਰਨਗੇ ਤਾਂ ਕੇਸ਼ਾਂ ਦੇ ਰਖਨ ਥੀਂ ਘਿਣ ਕਰਨਗੇ ਅਤੇ ਨਾਹੀਂ ਕੰਘੇ ਦੀ ਢੂੰਢ ਵਿਖੇ ਸਮਾ ਬਿਤਾਉਨਗੇ ਸੋ ਸਿੰਘਾਂ ਲਈ ਆਗਿਆ ਹੈ ਕਿ ਦੋਸਮੇ ਸਵੇਰੇ ਤੇ ਸਾਂਝ ਨੂੰ ਕੇਸ਼ਾਂ ਵਿਖੇ ਕੰਘਾ ਕਰਨ ਇਹੁ ਵਾਲਾਂ ਨੂੰ ਸਾਫ਼ ਤੇ ਠੀਕ ਰਖਨ ਲਈ ਸਖ਼ਤ ਹੁਕਮ ਹੈ ਜੋ ਖ਼ਰਾਬ ਹੋ ਜਾਣਦੇ ਕਾਰਨ ਕੇਸਾਂ ਥੀਂ ਫਿਰਨਾ ਜਾਂਣ ਤੇ ਸਿਰ ਭੀ ਸਾਫ਼ ਰਹੇ ਤੀਸਰਾ ਕੱਕਾ ਕੱਛ ਹੈ ਇਹੁ ਤੰਗ ਪਜਾਮੇ ਵਰਗਾ ਹੁੰਦਾ ਹੈ ਜੋ ਗੋਡਿਆਂ ਤੀਕ ਹੁੰਦਾ ਹੈ ਇਸਨੂੰ ਰਖਣਾਂ ਚੁਸਤੀ ਵਾਸਤੇ ਜ਼ਰੂਰੀ ਹੈ ਏਸੇ ਵਾਸਤੇ ਜ਼ਰੂਰੀ ਰਖਨਦੀ ਆਗਿਆ ਹੈ ਪ੍ਰੰਤੂ ਸਮੇ ਦੀਆਂ ਲੋੜਾਂ ਪਰ ਵਿਚਾਰਕੇ ਸਿੰਘਾਂ ਦੇ ਪਿਛਲੇ ਭਾਗ

ਸ਼ਰੀਰ ਵਾਸਤੇ ਭੀ ਕਿਸੇ ਹੋਰਸ ਕਪੜੇ ਦੀ ਭੀ ਆਗਿਆ ਦੇਣੀ ਮੁਨਾਸਬ ਸੀ ਕੇਵਲ ਕੱਛ ਉੱਤੇ ਹੀ ਬਸ ਨਹੀਂ ਸੀ ਕਰਨਾ ਕਿਉਂ ਜੋ ਓਹੁ ਨਾਤਾ ਹਰ ਸਮੇ ਪਰ ਠੀਕ ਹੀ ਪ੍ਰਤੀਤ ਹੁੰਦੀ ਹੈ ਤੇ ਹਰ ਲੋੜ ਨੂੰ ਭੀ ਪੂਰਾ ਕਰਨ ਯੋਗ ਨਹੀਂ ॥ ਖ਼ਬਰੇ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਲਾਭ ਦਾਇਕ ਤੇ ਚੰਗਾ ਹੋਵੇਗਾ ਉਸ ਵੇਲੇ ਉਸਨੇ ਸਭ ਸਿੰਘਾਂ ਨੂੰ ਖ਼ਾਸ ਮਿਸ਼ਨ ਦੇ ਵਾਸਤੇ ਹਰ ਸਮੇ ਚੁਸਤ ਤੇ ਚਾਲਾਕ ਰਖਨ ਦਾ ਕੰਮ ਦਿੱਤਾ ਹੋਵੇ ॥

ਚੌਥਾ ਕੱਕਾ ਕਿਰਪਾਨ ਅਥਵਾ ਕਟਾਰ ਖੰਡਾ ਹਰ ਸਮੇਂ ਸਿੰਘ ਆਪਣੇ ਪਾਸ ਰਖਨ ਇਸਥੀਂ ਸਾਫ਼ ਪ੍ਰਤੀਤ ਹੈ ਕਿ ਓਹੁ ਲੜਾਕਾ ਪੰਥ ਬਨਾਯਾ ਜਾਵੇ ਸ਼ਸਤ੍ਰਾਂ ਥੀਂ ਕਦੇ ਭੀ ਵਿੱਲੇ ਨਾਂ ਰੈਹਣ ਪ੍ਰੰਤੂ ਹੁਣ ਤਾਂ ਸਮਾ ਸੁਖ ਆਨੰਦ ਦਾ ਹੈ ਉਸ ਸਮੇ ਇਕ ਸਿਪਾਹੀ ਦੀ ਤਰਾਂ ਖਤ੍ਰੀ ਨੂੰ ਉਸਦਾ ਰਖਨਾ ਜ਼ਰੂਰੀ ਸੀ ਪੰਜਵਾਂ ਕੱਕਾ ਕੜਾ ਲੋਹੇਦਾ ਹੱਥ ਵਿਖੇ ਪੈਹਰਨ ਦੀ ਆਗਿਆ ਸੀ ਇਸ ਵਾਸਤੇ ਭੀ ਓਹੀ ਕਾਰਨ ਪ੍ਰਸਿਧ ਹੈਨ ਕਿ ਕੜ੍ਹਾ ਪੈਹਰਨ ਵਾਲੇ ਨੂੰ ਓਹੁ ਹਰ ਸਮੇ ਪਰ ਯਾਦ ਦਿਵਾਉਂਦਾ ਰੈਹੰਦਾ ਹੈ ਕਿ ਜੋ ਉਸਨੇ ਖਾਲਸਾ ਧਰਮ ਵਿਖੇ ਮਿਲਕੇ ਤੇ ਸਿੰਘ ਬਣਕੇ ਕੌਮ ਤੇ ਦੇਸ਼ ਦੀ ਰਖਯਾ ਕਰਨ ਦਾ ਕੰਮ ਇਖਤਯਾਰ ਕੀਤਾ ਹੈ ਉਸਨੂੰ ਕਦੇ ਭੀ ਭੁਲੱਣਾ ਭਲਾ ਨਹੀਂ ਸਗੋਂ ਹਰ ਸਮੇ ਪਰ ਚੇਤੇ ਰਖਨਾ ਲੋੜੀਏ ॥

ਜੋ ਖ਼ਾਲਸਾ ਧਰਮ ਗ੍ਰੈਹਣ ਕਰੇ ਉਸਦੀ ਕੋਈ ਜ਼ਾਤ ਨਾ ਹੋਵੇਗੀ ਅਰਥਾਤ ਖ਼ਾਲਸਾ ਧਰਮ ਵਾਲੇ ਪੁਰਖਾਂ ਦੀ ਇਕ ਹੀ ਜ਼ਾਤ ਖ਼ਾਲਸਾ ਹੋਵੇਗੀ ਇਸ ਗਲ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਯੋਜਨ ਇਹੀ ਸਿਧ ਹੁੰਦਾ ਹੈ ਕਿ ਜੇਹੜੇ ਭੇਦ ਤੇ ਜ਼ਾਤਾਂ ਦਾ ਬੈਹਤ ਹੋ ਜਾਣਾਂ ਵਰਨ ਆਸ਼੍ਰਮਾਂ ਦੀ ਬੰਧਨ ਬ੍ਰਹਮਣੀ ਸਮੇ ਵਿਖੇ ਹੋਈ ਸੀ ਉਨ੍ਹਾਂ ਸਾਰਿਆਂ ਨੂੰ ਮੇਟ ਦਿੱਤਾ ਜਾਵੇ ਸੋ ਏਹੀ ਬੜਾ ਭਾਰਾ ਕੰਮ ਸੀ ਜੇਹੜਾ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਕਿ ਚਾਰਾਂਹੀ ਵਰਨਾਂ ਨੂੰ ਇੱਕ ਕਰ ਦਿੱਤਾ ਤੇ ਛੋਟੇ ਵਡਿਆਂ ਦੀ ਇੱਕੋ ਜ਼ਾਤ ਬਣਾ ਦਿੱਤੀ ਵਡਿਆਂ ਨੂੰ ਜੇਹੜਾ ਉੱਚੀ ਜ਼ਾਤ ਦਾ ਘਮੰਡ ਸੀ ਸੋ ਭੀ ਤੋੜ ਦਿੱਤਾ ਸਗੋਂ ਜ਼ਾਤ ਗੋਤ ਦੇ ਅਭਿਮਾਨ ਨੂੰ ਬਿਲਕੁਲ ਹੀ ਮੇਟ ਦਿੱਤਾ ਸ਼ੂਦਰਾਂ ਨੂੰ ਓਹੁ ਪਦਵੀ ਬਖ਼ਸ਼ੀ ਜੇਹੜੀ ਕੁਦਰਤ ਨੇ ਉਨ੍ਹਾਂ ਨੂੰ ਪੁਰਖ ਬਣਨ ਕਰਕੇ ਦਿੱਤੀ ਹੋਈ ਸੀ ਅਤੇ ਜਿਸ ਥੀਂ ਓਹੁ ਹਜ਼ਾਰਾਂ ਹੀ ਬਰਸਾਂ ਥੀਂ ਖ਼ਾਲੀ ਛੂਛੇ ਹੋ ਰਹੇ ਸੇ ਅਤੇ ਪੈਹਲੇ ਅਜ ਤੋੜੀ ਕਿਸੇ ਭੀ ਉਨ੍ਹਾਂ ਦੇ ਉੱਚੇ ਬਨਾਉਨ ਦਾ ਧਿਆਂਨ ਭੀ ਨਹੀਂ ਆਯਾ ਤੇ ਜੇ ਭਲਾ ਧਿਆਂਨ ਆ ਭੀ ਗਿਆ ਸੀ ਤਾਂ ਪੂਰਾ ਕਰਨ ਦਾ ਹੌਸਲਾ ਨਹੀਂ ਪੈਂਦਾ ਸੀ ਬਿਆਸ ਆਦਿਕ ਕਈ ਸ਼ੂਦਰੋਂ ਬ੍ਰਾਹਮਣ ਹੋ ਗਏ ਹੋਣਗੇ ਪ੍ਰੰਤੂ ਓਹੁ ਐਡੀ ਚਿਰਾਕੀ ਗਲ ਹੈ ਤੇ ਐਨੀ ਥੋੜੀ ਗਲ ਹੈ ਕਿ ਸ਼ੂਦਰਾਂ ਨੂੰ ਉਸ ਗਲ ਦੀ ਬੁਨਿਆਦ ਪਰ ਉੱਚੇ ਹੋਣ ਦੀ ਕਦੇ ਭੀ ਆਸ ਨਹੀਂ ਪੈ ਸਕੀ ਹਿੰਦੂਆਂ ਦੇ ਪੁਰਾਣੇ ਧਰਮ ਸ਼ਾਸਤ੍ਰਾਂ ਤੇ ਵੇਦਾਂ

ਦੀ ਵਿਦਯਾ ਵਿਖੇ ਜ਼ਾਤ ਗੁਣ ਤੇ ਕਰਮ ਪਰ ਰਖੀ ਗਈ ਸੀ ਪ੍ਰੰਤੂ ਉਸ ਭੇਦੀ ਧਿਆਨ ਵਿਚਾਰ ਨੂੰ ਬ੍ਰਾਹਮਣਾਂ ਤੇ ਖਤ੍ਰੀਆਂ ਨੇ ਆਪਨੇ ਰਾਜ ਦੇ ਸਮੇ ਵਿਖੇ ਅਜੇਹਾ ਦ੍ਰਿੜ੍ਹ ਕੀਤਾ ਕਿ ਜ਼ਾਤਾਂ ਦਾ ਭੇਦ ਪ੍ਰੀਪਕ ਹੋ ਗਿਆ ਇਸ ਕਰਕੇ ਬ੍ਰਾਹਮਣ ਤੇ ਖਤ੍ਰੀ ਆਪਣੇ ਆਪ ਨੂੰ ਉੱਚੀ ਜ਼ਾਤੀ ਜਾਣਕੇ ਸੂਦਰਾਂ ਨੂੰ ਉੱਚੇ ਹੋਣਦਾ ਸਮਾ ਦੇਂਦੇ ਨਹੀਂ ਸੀ ਸੂਦਰ ਮੁਦਤਾਂ ਥੀਂ ਇਸ ਸਿਵ-ਕਾਈ ਦੇ ਵਿੱਚ ਖੁੱਭੇ ਹੋਏ ਸੇ ਕੋਈ ਉਨ੍ਹਾਂ ਦੀਨਹੀਂ ਸੀ ਸੁਣਦਾ ਕੋਈ ਉਨ੍ਹਾਂਦਾ ਦਰਦੀ ਨਹੀਂ ਸੀ ਕੋਈ ਉਨ੍ਹਾਂ ਦੀ ਸਹਾਇਤਾ ਕਰਨ ਵਾਲਾ ਨਹੀਂ ਸੀ ਭਾਵੇਂ ਬੁੱਧ ਨੇ ਬੌਹਤ ਨੀਚ ਜ਼ਾਤਾਂ ਨੂੰ ਭੀ ਉੱਚੇ ਕਰ ਦਿੱਤਾ ਤੇ ਇਸਲਾਮ ਨੇ ਭੀ ਅੰਗੀਕਾਰ ਕੀਤਾ ਪ੍ਰੰਤੂ ਇਹੁ ਮਦਮੱਤੇ ਫੇਰ ਭੀ ਨਾਂ ਸਮਝੇ ਤੇ ਨਾਹੀਂ ਸਮਝ ਸਕ-ਦੇਸੇ ਜੇਕਰ ਗੁਰੂ ਗੋਬਿੰਦ ਸਿੰਘ ਜੀ ਇਸ ਕਠਿਨਤਾਈ ਨੂੰ ਆਪਣੇ ਸਿਰ ਨਾਂ ਚੁੱਕਦਾ ਤਾਂ ਏਹੀ ਸੂਦਰ ਮੁਸਲਮਾਨ ਬਨਕੇ ਸ਼ੇਖ਼ ਉਚਜ਼ਾਤੀ ਵਾਲੇ ਬਣ ਜਾਂਦੇ ਤੇ ਬ੍ਰਾਹਮਣਾਂ ਨਾਲੋਂ ਬੌਹਤ ਸਾਰੇ ਉੱਚੇ ਪਵਿਤ੍ਰ ਗਿਣੇ ਜਾਂਦੇ ਖਤ੍ਰੀ ਤਾਂ ਉਨ੍ਹਾਂਦੇ ਚਰਨ ਧੂੜ ਵਰਗੇ ਭੀ ਨਾਂ ਰਹੇ ਸਗੋਂ ਉਨ੍ਹਾਂ ਨੂੰ ਕੇਵਲ ਉਨ੍ਹਾਂ ਦਾ ਘੱਟਾ ਝਾੜਨ ਦੇ ਲਈ ਭੀ ਨਾਂ ਬੁਲਾਯਾ ਅਤੇ ਆਪਣੇ ਜ਼ਾਤੀ ਅਭਿ-ਮਾਂਨ ਵਿਖੇ ਡੁੱਬੇ ਰਹੇ ਤੇ ਨਾਹੀਂ ਨਿਕਲਨ ਦੀ ਹਿੰਮਤ ਕੀਤੀ ਸਭਨਾਂ ਲਾਂਭਾਂ ਥੀਂ ਖ਼ਾਲੀ ਗਏ ਜੇਹੜੇ ਲਾਭ ਮੈਤ੍ਰਤਾ ਦੇ ਕਰਨੇ ਕਰਕੇ ਪ੍ਰਾਪਤ ਹੁੰਦੇ ਹਨ ਓਹੁ ਨਾਂ ਮਿਲੇ ਬੜੀਆਂ ਜ਼ਾਤਾਂ ਵਾਲੇ

ਛੋਟੀ ਜ਼ਾਤਾਂ ਨੂੰ ਛੋਟੀ ਸਮਝਦੇ ਸਮਝਦੇ ਆਪ ਹੀ ਛੋਟੀ ਜ਼ਾਤ ਬਣਗਏ ,,ਫ਼ਕੀਰਲੰਗੋਟੀ ਨਾਲ ਹੀਹੋਲੀਖੇਡਣ ਵਾਲੇਹੈਨ,, ਕੰਗਲੇ, ਬਦਨਾਮ, ਖ਼੍ਵਾਰ ਬਨਗਏ ਸੇ ਜਿਨ੍ਹਾਂ ਨੂੰ ਅਜੇ ਤਕ ਭੀ ਇਹੁ ਅਭਿਮਾਂਨਹੈ ਕਿ ਇਸਤਰਾਂ ਨਾਲ ਉਨ੍ਹਾਂਨੇਆਪਣਾਂ ਆਰਯਾ ਧਰਮ ਦਾ ਖ਼ਾਲਸ ਲਹੂ ਨਿਯਤ ਰਖਜਾ ਹੈ ਸੋ ਓਹੁ ਜ਼ਰਾਕੁ ਆਪਣੀ ਬੁਕਲ ਵਿੱਚਤਾਂ ਮੂੰਹ ਪਾਕੇ ਦੇਖਣ ਕਿ ਓਹੀ ਬ੍ਰਾਹਮਣ ਜੇਹੜੇ ਆਰਯਾ ਖ਼ਾਲਸ ਖ਼ੂਨ ਧਾਰਨ ਕਰਦੇ ਹੈਨ ਹੁਣ ਰੋਟੀ ਪਕਾਉਣੀ ਜੁੱਤੀਆਂ ਝਾੜਨੀਆਂ ਪਰ ਦੋਦੋ ਰੁਪਏ ਪਰ ਸ਼ੂਦਰਾਂ ਦੇ ਨੌਕਰ ਤੇ ਸੇਵਕ ਹਨ ਏਸੇ ਨਿਰੋਲ ਆਰਿਯਾ ਖ਼ੂਨਦੇ ਖਤ੍ਰੀ ਤੇ ਬ੍ਰਾਹਮਣ ਸਨ ਜੇਹੜੇ ਮੁਸਲਮਾਨਾਂਬਾਦਸ਼ਾਹਾਂ ਨੂੰਪ੍ਰਸੰਨਤਾਨਾਲਆਪਣੀਆਂਧੀਆਂਦੇਦੇਦੇਂਸਨਉਸੇਆਰੀਯਾ ਖ਼ੂਨਦੇਦ੍ਵਜਸਨ ਜਿਨ੍ਹਾਂ ਦੀਆਂ ਇਸਤ੍ਰੀਆਂ ਗ਼ਜ਼ਨੀਦੇ ਬਾਜ਼ਾਰਾਂ ਵਿਖੇਦੋ ਦੋ ਦੀਨਾਰਾਂ ਨੂੰ ਵਿਕੀਆਂ ਸਨ ਆਰੀਯਾ ਖ਼ੂਨ ਕਿਸ ਕੰਮ ਦਾ ਸੀ ਜਿਸ ਵਿਖੇ ਗ਼ੈਰਤ ਰੰਚਕ ਮਾਤ੍ਰ ਭੀ ਨਹੀਂ ਸੀ ਜਿਸ ਵਿਖੇ ਹਿੰਮਤ ਨਹੀਂ ਸੀ ਜਿਸ ਵਿਖੇ ਬਲ ਨਹੀਂ ਸੀ ਨਿਜਸ੍ਵਾਰਥ ਸਵਾਰਨੇ ਜੋਗੇ ਨਹੀਂ ਸੇ ਜਿਸ ਵਿਖੇ ਧਾਰਮਕ ਪਿਆਰ ਨਹੀਂ ਸੀ ਕੁਦਰਤ ਨੇ ਪੁਰਖਦੀ ਜ਼ਾਤ ਇਕ ਪੁਰਖ ਜ਼ਾਤੀ ਬਨਾਈ ਹੈ ਏਸੇ ਮੂਲ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਚਾਰਾਂ ਵਰਨਾਂ ਤੇ ਕਈ ਜ਼ਾਤਾਂ ਨੂੰ ਮੇਟਣ ਲਈ ਤੇ ਇਕ ਖ਼ਾਲਸਾ ਜ਼ਾਤ ਬਣਾਉਣ ਲਈ ਨੀਂਵ ਰੱਖੀ ਜੋ ਕਿ ਖ਼ਾਲਸਾ

ਧਰਮ ਇਕ ਸਾਗਰ ਸੀ ਜਿਸ ਵਿਖੇ ਕੁਲ ਦੂਸਰੀਆਂ ਜ਼ਾਤਾਂ ਦੀਆਂ ਨਦੀਆਂ ਮਿਲਕੇ ਆਪਣੇ ਸ੍ਵਰੂਪ ਨੂੰ ਗਵਾਦੇਦੀਆਂ ਹਨ ਇਸੇ ਨਿਯਮ ਪਰ ਗੁਰੂ ਗੋਬਿੰਦਸਿੰਘ ਨੇ ਸਿੰਘਾਂ ਦੇ ਵਾਸਤੇ ਇਹੁ ਨਿਯਮ ਪ੍ਰੀਪਕ ਕਰਾਯਾ ਕਿ ਓਹੁ ਕਿਰਤ ਨਾਸ਼ ਹੋਜਾਣ ਅਰਥਾਤ ਕਿਸੇ ਕੰਮ ਕਰਨੇ ਕਰਕੇ ਖ਼ਾਲਸਾ ਜ਼ਾਤੀ ਨਹੀਂ ਵਟ ਸਕੇਗੀ ਤੇ ਕੰਮਕਾਰ ਕਰਨੇ ਕਰਕੇ ਕੋਈ ਛੋਟਾ ਵੱਡਾ ਨਹੀਂ ਹੋ ਸਕੇਗਾ ਸਭ ਕਾਰੀ ਵਿਹਾਰੀ ਇਕੋ ਜੇਹੇ ਗਿਣੇ ਜਾਣਗੇ ਗੁਰੂ ਗੋਬਿੰਦ ਸਿੰਘ ਜੀ ਇਸ ਦੇ ਨਾਲ ਹੀ ਇਹੁ ਸਿਖਯਾ ਦੇਂਦੇ ਰਿਹੇ ਕਿ ਕਿਸੇ ਕਾਰੀ ਵਿਹਾਰੀ ਪੁਰਖ ਨੂੰ ਕਮੀਨ ਜਾਣਕੇ ਉਸਨੂੰ ਉੱਚ ਪਦਵੀ ਪਰ ਪਹੋਂਚਦੇ ਨੂੰ ਹਟਾਉਣਾਂ ਨਹੀਂ ਲੋੜੀਏ ਤੇ ਨਾਹੀ ਕਿਸੇ ਕੰਮ ਨੂੰ ਬੁਰਾ ਤੇ ਛੋਟਾ ਜਾਣਨਾ ਚਾਹੀਏ ਫੇਰ ਕਿਹਾ ਕਿ ਖ਼ਾਲਸਾ ਜੀ ਨੂੰ ਧਰਮ ਨਾਸ਼ ਹੋਨਾ ਲੋੜੀਏ ਅਰਥਾਤ ਖ਼ਾਲਸਾ ਧਰਮ ਦੇ ਗ੍ਰੈਹਨ ਸਮੇ ਥੀਂ ਜੇਹੜਾ ਪਹਿਲੇ ਧਰਮ ਸੀ ਓਹੁ ਨਾਸ਼ ਕਰਨਾ ਚਾਹੀਏ ਕਿਉਂ ਜੋ ਤਿਸ ਸਮੇ ਵਿਖੇ ਅਜੇਹੇ ਹਜ਼ਾਰਾਂ ਹੀ ਧਰਮ ਬ੍ਰਾਹਮਣਾਂ ਨੇ ਪਸਾਰੇ ਹੋਏ ਸੇ ਤਿਨਾਂ ਵਿਚੋਂ ਕੱਢਕੇ ਖ਼ਾਲਸਾ ਧਰਮ ਵਿਖੇ ਮਿਲਾਏ ਜਾਂਦੇ ਸੇ ਇਸ ਕਰਕੇ ਜਿਤਨਾਂ ਚਿਰ ਕਿ ਓਹੁ ਧਰਮ ਨਾਸ਼ ਨਾਂ ਹੁੰਦੇ ਖ਼ਾਲਸਾ ਧਰਮ ਦੀ ਅਮਲੀ ਉੱਨਤੀ ਕਿਸਤਰਾਂ ਨਾਲ ਹੋਸਕਦੀ ਸੀ ਅਤੇ ਓਹੁ ਖ਼ਾਲਸਾ ਕਿਸਤ੍ਰਾਂ ਨਾਲ ਬਣ ਸਕਦੇ ਸੇ ਮਹਾਭਾਰਤ ਦੇ ਮਗਰੋਂ ਅਥਵਾ

ਪੈਹਲੋਂ ਜਿਤ ਨੇ ਪੁਰਖਾ ਧਰਮ ਨਿਕਲੇ ਹਨ ਹਿੰਦੂਆਂ ਵਿਖੇ ਓਹੁ ਸਾਰੇ ਦੇ ਸਾਰੇ ਹੀ ਵੈਦਕ ਸਿਖਯਾ ਥੀਂ ਕੁਛ ਨਾਂ ਕੁਛ ਥੋੜੇ ਬੌਹਤੇ ਵਿਰੁਧਹੀਹੈਨ ਜੇਕਰ ਕੋਈ ਧਰਮ ਵੈਦਕ ਧਰਮ ਦੇ ਲਗਭਗ ਹੈਤੇ ਪਾਸਹੀਹੈ ਅਤੇਵੈਦਕ ਧਰਮ ਨਾਲ ਵਧਕੇ ਸਨਬੰਧਰਖਦਾਹੈ ਤਾਂਓਹੁਖ਼ਾਲਸਾ ਧਰਮਹੀਹੈ ਵੈਦਕਧਰਮਦਾ ਜੇਹੜਾ ਇਕੋ ਜੇਹਾ ਸ਼ਬਦਬੋਹਤ ਚਿਰਾਂਥੀਂ ਚਲਿਆ ਆਰਿਹਾ ਹੈ ਆਰੀਯਾ ਧਰਮ ਹੈ ਆਰਯਾ ਸ਼ਬਦ ਦੇ ਠੀਕ ਠੀਕ ਓਹੀ ਅਰਥ ਹੈਨ ਖ਼ਾਲਸਾ ਅਰਬੀਸ਼ਬਦ ਹੈਜੋ ਫ਼ਾਰਸੀ ਬੋਲੀਵਿਖੇ ਬੌਹਤਹੀ ਵਰਤਿਆ ਜਾਂਦਾਹੈ ਅਤੇਆਰੀਯਾ ਸੰਸਕ੍ਰਿਤ ਬੋਲੀ ਦਾ ਸ਼ਬਦ ਹੈ ਸ਼ਬਦ ਆਰੀਯਾ ਦਾ ਜੇਕਰ ਅਰਬੀ ਅਥਵਾ ਫ਼ਾਰਸੀ ਅਥਵਾ ਉਰਦੂ ਵਿਖੇ ਅਰਥ ਕਰੀਏ ਤਾਂ ਉਸਦੇ ਅਰਥ ਵਾਸਤੇ ਖ਼ਾਲਸਾ ਥੀਂ ਉੱਤਮ ਕੋਈ ਪਦ ਨਹੀਂ ਮਿਲੇਗਾ ਜੇਹੜੇ ਅਰਥ ਸ਼ਬਦ ਆਰੀਯਾ ਥੀਂ ਪ੍ਰਤੀਤ ਹੁੰਦੇ ਹੈਨ ਸੋਈ ਸ਼ਬਦ ਖ਼ਾਲਸੇ ਥੀਂ ਅਰਥ ਭਾਸਦੇ ਹਨ ਇਹੁ ਦੋਵੇਂ ਸ਼ਬਦ ਇੱਕ ਹੀ ਅਰਥੀ ਹਨ ਇਸ ਕਰਕੇ ਆਰਯਾ ਧਰਮਦੀ ਥਾਂ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਦਾ ਨਾਂਉ ਖ਼ਾਲਸਾ ਧਰਮ ਰਖਿਆ ਇਸ ਕਰਕੇ ਕਿ ਗੁਰੂ ਗੋਬਿੰਦ ਸਿੰਘ ਜੀ ਵੇਦਾਂ ਨੂੰ ਪੰਡਿਤਾਂ ਪਾਸੋਂ ਚੰਗੀ ਤਰਾਂ ਸੁਣਦਾ ਰਿਹਾਸੀ ਤੇ ਚੰਗੀ ਪ੍ਰਕਾਰ ਕਰਕੇ ਵਾਕਫ਼ ਸੀ ਇਸ ਵਾਸਤੇ ਉਸਦੇ ਖ਼ਾਲਸਾ ਧਰਮ ਦਾ ਮੂਲ ਆਰੀਯਾ ਧਰਮ ਹੈ ਜਿਸ ਦੇ ਤੱਤ ਵੇਦ ਹਨ ਇਸੇ

ਕਰਕੇ ਖ਼ਾਲਸਾ ਧਰਮ ਵੇਦਾਂ ਦੇ ਨਿਯਮਾਂ ਨੂੰ ਬੌਹਤ ਹੀ ਨੇੜੇ ਹੈ ਵੇਦ ਸ਼ੂਦ੍ਰਾਂ ਨੂੰ ਵਡੀ ਕੌਮ ਬਨਨ ਦੀ ਆਗਿਆ ਦੇਂਦੇ ਹਨ ਜੋ ਉਚ ਕਰਮ ਕਰੇ ਸੋ ਊਚ ਨੀਚ ਕਰਮ ਕਰਨੇ ਕਰਕੇ ਨੀਚ ਤੇ ਇਹੀ ਬੜਾ ਭਾਰਾ ਮਸਲਾ ਵੇਦਕ ਧਰਮ ਦਾ ਉੱਚ ਹੈ ਇਸ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਸ਼ੂਦਰਾਂ ਨੂੰ ਖੱਤ੍ਰੀ ਬਨਾਉਨ ਦਾ ਜੋ ਉਦੇਸ਼ ਬਨਾਯਾ ਉਹੁ ਕਿਸੇ ਭਾਂਤ ਕਰਕੇ ਭੀ ਨਵੀਨ ਨਹੀਂ ਸੀ ਹਾਂ ਉਨ੍ਹਾਂ ਲੋਕਾਂ ਵਾਸਤੇ ਭਾਵੇਂ ਨਵੀਨ ਹੋਵੇਗਾ ਜੇਹੜੇ ਜ਼ਾਤੀ ਪ੍ਰਬੰਧ ਨੂੰ ਪੱਕੇ ਕਰਕੇ ਅਪਣੇ ਭਲੇ ਨੂੰ ਮੁਖ ਰਖਦੇ ਸੇ ਸੋ ਗੁਰੂ ਗੋਬਿੰਦ ਸਿੰਘ ਜੀ ਦਾ ਉਪਦੇਸ਼ ਇਹੁ ਸੀ ਕਿ ਕਰਾਮਾਨੀ ਸਭ ਧਰਮ ਪੁਰਖ ਨੂੰ ਨਾਸ਼ ਕਰਕੇ ਖ਼ਾਲਸਾ ਧਰਮ ਦੇ ਸਿੰਘ ਨੂੰ ਆਪਣਾ ਖ਼ਾਲਸਾ ਧਰਮ ਪਾਲਣ ਕਰਨਾਂ ਚਾਹੀਏ ਗੁਰੂ ਗੋਬਿੰਦ ਸਿੰਘ ਜੀ ਵੈਦਕ ਧਰਮ ਦੇ ਵਿਰੁਧ ਧਰਮ ਪਰਪਕ ਕਰਨ ਵਾਸਤੇ ਨਹੀਂ ਆਯਾ ਸੀ ਸਗੋਂ ਵੈਦਕ ਧਰਮ ਦੀ ਰੱਖਿਆ ਲਈ ਜਿਸ ਦੇਸ਼ ਵਿਖੇ ਪੁਰਾਤਨ ਰਿਖੀਆਂ ਨੇ ਵੇਦਾਂ ਨੂੰ ਬੜੇ ਕਸ਼ਟ ਦੁਖ ਸਹਾਰ ਸਹਾਰ ਕਰਕੇ ਆਪਨੀ ਆਂਛਾਤੀਆਂ ਨਾਲ ਲਾਲਾ ਕੇ ਲੁਕਾ ਲੁਕਾ ਕੇ ਰਖਿਆ ਸੀ ਉਸ ਦੇਸ਼ ਅਤੇ ਵੇਦਾਂ ਦੀ ਰੱਖਿਯਾ ਕਰਨ ਵਾਸਤੇ ਆਯਾ ਸੀ ਇਸ ਕਾਰਣ ਕਰਕੇ ਖ਼ਾਲਸਾ ਧਰਮ ਦੇ ਮੂਲ ਕੇਵਲ ਖਤ੍ਰਤਾਂ ਸੀ ਅਰਥਾਤ ਜੋ ਇਸ ਪੰਥ ਵਿਖੇ ਮਿਲੇ ਸੋ ਖੱਤ੍ਰੀ ਦਾ ਕੰਮ ਕਰੇ ਤੇ ਹੋਰ ਹਿੰਦੂ ਇਨ੍ਹਾਂ ਖੱਤ੍ਰੀਆਂ ਥੀਂ ਬਿਨਾਂ ਜੋ ਚਾਹੁਣ ਸੋ ਰੈਹਣ ਉਨ੍ਹਾਂ ਨਾਲ

ਗੁਰੂ ਗੋਬਿੰਦ ਸਿੰਘ ਜੀ ਦਾ ਕੋਈ ਝਗੜਾ ਨਹੀਂ ਸੀ ਸਗੋਂ ਹਿੰਦੂਆਂ ਦੇ ਸਭ ਨਿਸ਼ਚੇ ਤੇ ਸਭ ਹਿੰਦੂਆਂ ਦੇ ਲਈ ਖ਼ਾਲਸਾ ਜੀ ਤੇ ਖ਼ਾਲਸਾ ਧਰਮ ਉਤਪਤ ਕੀਤਾਸੀ ਖ਼ਾਲਸਾ ਧਰਮ ਦਾ ਤਾਤ ਪ੍ਰਜ ਕਿਸੇ ਭਾਂਤ ਦਾ ਵੈਦਕ ਧਰਮ ਉਪਰ ਰੱਦ ਬਦਲੀ ਦਾ ਭਾਵ ਨਹੀਂ ਸੀ ਸਗੋਂ ਉਸਦੀ ਰਖਯਾ ਲਈ ਸਾਮਾਨ ਇਕੱਤ੍ਰ ਕਰਨ ਦਾ ਸੀ ਫੇਰ ਕੀਹ ਓਹ ਦੂਸਰੇ ਬ੍ਰਾਹਮਣੀ ਧਰਮਾਂ ਵਾਂਗੂੰ ਇਕ ਨਵੀਨ ਫ਼ਿਰਕਾ ਉਤਪਤ ਕਰਨ ਦੀ ਗ਼ਰਜ਼ ਨਾਲ ਕੀਤਾ ਗਿਆ ਸੀ ਨਹੀਂ ਜੇਕਰ ਅਜੇਹਾ ਹੁੰਦਾ ਤਾਂ ਉਸਦਾ ਉਦੇਸ਼ ਬ੍ਰਾਹਮਣਾਂ ਦੀਆਂ ਪੁਸਤਕਾਂ ਵਿਖੇ ਮੰਦਰਾਂ ਵਿਖੇ ਹਿੰਦੂਆਂ ਦੀਆਂ ਪਵਿਤ੍ਰ ਜਗਾ ਨਿਸਚੇ ਤੇ ਹਿੰਦੂਆਂ ਦੀ ਸਰੀਰਕ ਰਖਿਯਾ ਕਰਨ ਦਾ ਨਾ ਹੁੰਦਾ ਉਸਦਾ ਭਾਵ ਹਿੰਦੂਆਂ ਦੇ ਕੁਲ ਧਰਮਾਂ ਫਿਰਕਿਆਂ ਦੀ ਰਖਯਾ ਦਾ ਨਾ ਹੁੰਦਾ ਫੇਰ ਖ਼ਾਲਸਾ ਧਰਮ ਕੀਹ ਸੀ ਖ਼ਾਲਸਾ ਧਰਮ ਹਿੰਦੂਆਂ ਦੇ ਵਾਸਤੇ ਇਕ ਅਜੇਹਾ ਤ੍ਰੀਕਾ ਤੇ ਸਿਲ ਸਿਲਾ ਜ਼ਰੂਰੀ ਕਾਇਮ ਕਰਨ ਲਈ ਆਯਾ ਸੀ ਜਿਸ ਕਰਕੇ ਕਿ ਸਭ ਹਿੰਦੂਆਂ ਦੇ ਸਭ ਫ਼ਿਰਕੇ ਤੇ ਜ਼ਾਤਾਂ ਇੱਕ ਈਸ਼੍ਵਰ ਨਿਰੰਕਾਰ ਦੀ ਭਗਤੀ ਕਰਨ ਤੇ ਆਪਣੇ ਜ਼ਾਤੀ ਅਭਿਮਾਨ ਨੂੰ ਤੇ ਵਿਰੋਧ ਤਾਈ ਨੂੰ ਮਿਟਾਕੇ ਖੱਤ੍ਰਤਾ ਦੀ ਵਲ ਪੈਰ ਵਧਾਉਂਦੇ ਹੋਏ ਵਰਨਾਂਸ਼੍ਰਮ ਦੀ ਬੰਧਨੂੰ ਮੋਖ ਕਰਦੇ ਹੋਏ ਅਤੇ ਇਕ ਮੂਲ ਤੇ ਧਾਰਮਕ ਪਿਆਰ ਦਾ ਨਕਾਰਾ ਬਜਾਉਂਦੇ ਹੋਏ ਦੇਸ਼ ਭਗਤੀ ਦਾ ਫਰੈਰਾ ਲੈਹਰਾਉਂਦੇ ਹੋਏ ਉਸ

ਸਮੇਂ ਦੇ ਮੁਸਲਮਾਨ ਗ਼ਾਜ਼ੀਆਂ ਨੂੰ ਆਰੀਆ ਵਰਤ ਥੀਂ ਬਾਹਰ ਕੱਢਨ ਤੇ ਆਪਣੇ ਵੱਡੇ ਵਡੇਰਿਆਂ ਦੇ ਪਦਾਂ ਨੂੰ ਪ੍ਰਾਪਤ ਕਰਨ ਗੁਰੂ ਗੋਬਿੰਦ ਸਿੰਘ ਜੀ ਦਾ ਹਿੰਦੂਆਂ ਦੇ ਵਾਸਤੇ ਇਹੀ ਪ੍ਰੇਮ ਸੰਦੇਸਾ ਸੀ ਤੇ ਇਹੀ ਉਸਦਾ ਉਦੇਸ਼ ਭੀ ਸੀ ਹੋਰ ਕੁਛ ਨਹੀਂ ਗੁਰੂ ਗੋਬਿੰਦ ਸਿੰਘ ਜੀ ਨੇ ਹੋਰ ਵਾਧੇ ਦੀ ਗਲ ਇਹੁ ਕਹੀ ਕਿ ਖ਼ਾਲਸਾ ਜੀ ਨੂੰ ਕੁਲ ਨਾਸ਼ ਹੋਣਾ ਚਾਹੀਏ ਅਰਥਾਤ ਆਪਣੇ ਪੂਰਬਲੇ ਨਾਮ ਜ਼ਾਤ ਨੂੰ ਮਿਟਾ ਦੇਣਾ ਲੋੜੀਏ ਇਸ ਦੇ ਦੋ ਪਾਸੇ ਹਨ ਇਕ ਤਾਂ ਇਹੁ ਕਿ ਦ੍ਵਿਜ ਜ਼ਾਤਾਂ ਨੂੰ ਜੇਹੜੇ ਆਪਣੇ ਵਡਿਆਂ ਦੀ ਵਡਿਆਈ ਨੂੰ ਹੀ ਵਿਚਾਰਦੇ ਹਨ ਤੇ ਕੇਵਲ ਆਪਣੀ ਖ਼ਾਨ ਦਾਨੀ ਨੂੰ ਹੀ ਵਡਿਆਈ ਦਾ ਵਸੀਲਾ ਮੰਨ ਦੇ ਹਨ ਓਹੁ ਖਾਲਸਾ ਧਰਮ ਵਿਖੇ ਮਿਲ ਕਰਕੇ ਆਪਣੀ ਖ਼ਾਨ ਦਾਨੀ ਵਡਿਆਈ ਦੀ ਵਿਚਾਰ ਗਵਾ ਦੇਣ ਜੋ ਖਾਲਸਾ ਧਰਮ ਨੂੰ ਗ੍ਰੈਹਣ ਕਰਦਾ ਹੈ ਓਹੁ ਨਵੀਨ ਸਿਰਿਓਂ ਖਾਲਸ ਅਥਵਾ ਖਾਲਸਾ ਬਨ ਜਾਂਦਾ ਹੈ ਉਸ ਨੂੰ ਖ਼ਾਨਦਾਨੀ ਤੇ ਜ਼ਾਤੀ ਅਭਿਮਾਨ ਦੀ ਕੋਈ ਲੋੜ ਨਹੀਂ ਰੈਹਦੀ ਇਸ ਗਲ ਨੂੰ ਖਾਲਸਾ ਧਰਮ ਨੇ ਸਾਫ਼ ਕਰ ਦਿੱਤਾ ਕਿ ਬ੍ਰਾਹਮਣਾਂ ਦਾ ਪੁਤ੍ਰ ਕੇਵਲ ਇਸ ਵਾਸਤੇ ਹੀ ਬ੍ਰਾਹਮਣ ਸਦਾਵੇ ਜੋ ਉਸਦਾ ਪਿਤਾ ਬ੍ਰਾਹਣ ਸੀ ਭਾਵੇਂ ਓਹੁ ਨਿਰਾ ਮੂਰਖ ਹੀ ਹੋਵੇ ਬਦਚਲਨ ਵਿਦਯਾਹੀਨ ਕਿਉਂ ਨਾਂ ਹੋਵੇ ਤੇ ਖੱਤ੍ਰੀ ਦਾ ਬੇਟਾ ਕੇਵਲ ਖੱਤ੍ਰੀ ਪਿਤਾ ਦੀ ਨਸ਼ਲ ਥੀਂ ਹੋਣ ਦੇ ਕਾਰਨ ਖੱਤ੍ਰੀ ਸਦਵਾਏ ਭਾਵੇਂ ਓਹੁ

ਕਿਤਨਾਹੀ ਕਾਇਰ ਭੀਰੂ ਬੇਹਿੰਮਤੀ ਕ ਮਹੌਸਲਾ ਕਿਉਂ ਨਹੋਵੇ ਹਿੰਦੂਆਂ ਦਾ ਘਾਟਾਹੀ ਕਿਉਂ ਹੋਯਾ ਏਸੇ ਕਰਕੇ ਕਿ ਵਡਿਆਈ ਦਾ ਸਨਬੰਧ ਕੇਵਲ ਖ਼ਾਨਦਾਨੀ ਪਰ ਰਖਿਆ ਹੋਯਾ ਸੀ ਤੇ ਓੜਕ ਨੂੰ ਵਿਦਯਾ ਦਾ ਸਿੱਖਣਾਂ ਹੁਨਰ ਦਾ ਜਾਣਨਾਂ ਇਤਯਾਦ ਕਰਮਾਂ ਵਿਖੇ ਕਰਨੀ ਤਾਂ ਉਨਤੀ ਸੀ ਸਗੋਂ ਦਿਨੋਂ ਦਿਨ ਹੇਠਾਂ ਨੂੰ ਹੀ ਹੁੰਦੇ ਗਏ ਏਸੇ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਧਰਮ ਦੇ ਮੂਲ ਨਿਯਮ ਵਿਚ ਹੀ ਵਰਨੰਨ ਕੀਤਾ ਕਿ ਖਾਲਸੇ ਨੂੰ ਕੁਲ ਨਾਸ਼ਕ ਹੋਣਾਂ ਲੋੜੀਏ ਦੂਸਰਾ ਪਾਸਾ ਭੀ ਸਾਫ਼ ਪ੍ਰਗਟ ਕਰਦਾ ਹੈ ਕਿ ਖਾਲਸਾ ਧਰਮ ਵਿਖੇ ਸਿੰਘ ਖਾਲਸਾ ਓਹੀ ਹੋਵੇਗਾ ਜੇਹੜਾ ਖਾਲਸਾ ਸਿੰਘਾਂ ਦੇ ਕੰਮ ਕਰੇਗਾ ਅਰਥਾਤ ਸਿੰਘ ਦਾ ਪੁਤ੍ਰ ਨਿਰਾ ਸਿੰਘ ਦੇ ਘਰ ਜਨਮੇ ਕਰਕੇ ਹੀ ਸਿੰਘ ਨਹੀਂ ਹੋਵੇਗਾ ਜਿਨਾਂ ਚਿਰ ਓਹੁ ਖਾਲਸਾ ਧਰਮ ਨੂੰ ਅੰਗੀਕਾਰ ਨਹੀਂ ਕਰੇਗਾ ਖਾਲਸਾ ਧਰਮ ਵਿਖੇ ਇਸ ਬੰਧਨ ਦਾ ਬੰਧੇਜ਼ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਅੱਗੇ ਵਾਲੇ ਘਾਟੇ ਹੋਣ ਵਾਲੇ ਨੂੰ ਬੌਹਤ ਸਾਰਾ ਬਚਾ ਲੀਤਾ ਸੀ ਉਸ ਨੇ ਇਹ ਨਿਯਮ ਚੰਗੀ ਤਰਾਂ ਨਾਲ ਪੱਕਾ ਕਰ ਦਿੱਤਾ ਸੀ ਕਿ ਖ਼ਾਲਸਾ ਭੀ ਕੇਵਲ ਖ਼ਾਨਦਾਨੀ ਪਰਹੀ ਵਡਿ-ਆਈ ਨੂੰ ਨਾਂ ਜਾਣ ਬੈਠੇ ਸਗੋਂ ਜੇਹਾ ਜੇਹਾ ਕਰਮ ਕਰਨ ਉਸੇ ਉਸੇ ਪਦਵੀ ਨੂੰ ਪ੍ਰਾਪਤਿ ਹੋਵਣ ਜੇ ਖ਼ਾਲਸੇ ਦਾ ਕੰਮ ਕਰਨ ਤਾਂ ਖ਼ਾਲਸਾ ਸਦਾਵਣ ਨਹੀਂ ਤਾਂ ਕੇਵਲ ਖ਼ਾਲਸਾ ਅਭਿਮਾਨ ਵਿਖੇ ਹੀ ਬੇੜੀ ਨਾਂ ਰੋੜ੍ਹ ਬੈਠੇ ਇਕ ਹੋਰ ਤਾਤਪ੍ਰਜ ਇਸ ਦਾ ਇਹੁ ਭੀ ਸੀ

ਕਿ ਸਿੰਘ ਖਾਲਸਾ ਧਰਮ ਪਰ ਚਲਣੇ ਵਾਲੇ ਭੀ ਆਪਣੀ ਇੱਕ ਜ਼ਾਤ ਵਖਰੀ ਨਾਂ ਬਣਾ ਬੈਠਨ ਅਥਵਾ ਜ਼ਾਤ ਦੀ ਹੀ ਪਕਿਆਈ ਨਾ ਕਰ ਬੈਠਣ ਕਿਉਂ ਕਿ ਜੇਕਰ ਖ਼ਾਲਸਾ ਆਪਣੀ ਇਕ ਵੱਖਰੀ ਜ਼ਾਤ ਬਣਾ ਲੈਂਦਾ ਤਾਂ ਹਿੰਦੂ ਰੋਗ ਦਾ ਦਾਰੂ ਕੀਹ ਕਰਨਾ ਸੀ ਸਗੋਂ ਓਹੁ ਤਾਂ ਹੋਰ ਭੀ ਵਧ ਜਾਂਦਾ ਤੇ ਖ਼ਾਲਸਾ ਹਿੰਦੂਆਂ ਥੀਂ ਵਖਰਾ ਹੋ ਜਾਂਦਾ ਹਿੰਦੂਆਂ ਨਾਲੋਂ ਉਨ੍ਹਾਂ ਦੀ ਹਮਦਰਦੀ ਜਾਂਦੀ ਰੈਹਦੀ ਜੇਕਰ ਇਸ ਤਰਾਂ ਹੁੰਦੀ ਤਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਭ ਮੇਹਨਤਾਂ ਐਵੇਂ ਹੀ ਜਾਂਦੀਆਂ ਅਤੇ ਉਸਦਾ ਉਦੇਸ਼ ਪੂਰਾ ਨਾ ਹੁੰਦਾ ਕਿਉਂ ਜੋ ਉਸਨੇ ਖ਼ਾਲਸਾ ਧਰਮ ਦੀ ਨੀਂਵ ਦੋ ਕਾਮਨਾਂ ਪੂਰਨ ਕਰਨ ਵਾਸਤੇ ਰਖੀ ਸੀ ਇਕ ਤਾਂ ਇਹੁ ਕਿ ਹਿੰਦੂ ਦਿਮਾਗ਼ੀ ਸੇਵਕੀ ਬ੍ਰਾਹਮਣੀ ਧਰਮ ਥੀਂ ਛੁਟਕਾਰਾ ਪਾਵਣ ਦੂਸਰਾ ਆਪਸ ਵਿਚ ਇਕਤ੍ਰ ਹੋਕਰਕੇ ਮੁਸਲਮਾਨਾਂ ਦੇ ਬਲ ਨੂੰ ਨਿਸ਼ਟ ਕਰਨ ਅਤੇ ਹਿੰਦੂਆਂ ਦੀ ਹਸਤੀ ਨੂੰ ਜੀਉਂਦਾ ਰਖਨ ਤਾ ਕਿ ਹਿੰਦੂ ਅਪਣੀ ਗਈ ਗਵਾਚੀ ਪਤ ਨੂੰ ਫਿਰ ਪ੍ਰਾਪਤ ਹੋਵਣ ਤੇ ਆਪਣੀਆਂ ਬੀਤੀਆਂ ਹੋਈਆਂ ਕਾਇਰੀਆਂ ਨੂੰ ਤੇ ਬੇ ਇਜ਼ਤੀਆਂ ਦੇ ਦਾਗਾਂ ਨੂੰ ਸੂਰਮਤਤਾ ਨਾਲ ਨਾਸ਼ ਕਰਨ ਸੋ ਖ਼ਾਲਸਾ ਖ਼ਾਲਸ ਹਿੰਦੂ ਸਨ ਬੂ ਤੇ ਫੂਲ ਦੀ ਤਰਾਂ ਹਿੰਦੂਆਂ ਵਿਚ ਮਿਲੇ ਹੋਏ ਭੀ ਸੇ ਤੇ ਵਖਰੇ ਭੀ ਸਨ ਪ੍ਰੰਤੂ ਇਸ ਗਲ ਦਾ ਭੇਦ ਜ਼ਰੂਰ ਸੀ ਕਿ ਓਹੁ ਇਕ ਵੱਖਰਾ ਫ਼ਿਰਕਾ ਹੀ ਬਨਕੇ ਹਿੰਦੂਆਂ ਨਾਲੋਂ ਵਖਰੇ ਨਾ ਹੋ ਜਾਣ ਇਸ ਕਰਕੇ ਹੁਕਮ

ਸੀ ਕਿ ਖ਼ਾਲਸਾ ਨੂੰ ਕੁਲ ਨਾਸ਼ ਹੋਣਾ ਚਾਹੀਏ ਜੇਹੜੇ ਲੋਕ ਇਸ ਧੁਨ ਵਿਖੇ ਲਗੇ ਹੋਏ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਇੱਛਾ ਇਕ ਵਖਰਾ ਧਰਮ ਬਨਾਕੇ ਹਿੰਦੂਆਂ ਨਾਲੋਂ ਵੱਖਰੀ ਕਰਨ ਦੀ ਸੀ ਸੋ ਭੁੱਲੇ ਹੋਏ ਹਨ ਹਾ ਹਾ ਅਜੇਹਾ ਆਖਣਾ ਭੀ ਗੁਰੂ ਗੋਬਿੰਦ ਸਿੰਘ ਜੀ ਦੇ ਆਤਮਾਂ ਨੂੰ ਦੁੱਖ ਦੇਣਾਂ ਤੇ ਉਸਦੇ ਪਰਉਪਕਾਰਾਂ ਦਾ ਧੰਨਵਾਦ ਨਾਂ ਕਰਨਾ ਹੈ ਪ੍ਰਸ਼੍ਨ ਤਾਂ ਇਹ ਹੈ ਕਿ ਕੀਹ ਗੁਰੂ ਗੋਬਿੰਦਸਿੰਘ ਜੀ ਹਿੰਦੂਆਂ ਦੀ ਖ਼ਾਲਸਾ ਧਰਮ ਨੂੰ ਇਕ ਸ਼ਾਖ਼ ਬਨਾਉਣ ਲਈ ਆਏ ਸੇ ਇਸਦਾ ਉਤ੍ਰ ਭੀ ਨਾਂ ਹੀ ਪ੍ਰਾਪਤ ਹੁੰਦਾ ਹੈ ਨਿਰਸੰਦੇਹ ਹਿੰਦੂ ਧਰਮ ਬੜਾ ਭਾਰਾ ਖੁੱਲਾ ਹੈ ਤੇ ਇਸ ਵਿਖੇ ਹਰਭਾਂਤ ਦੇ ਵਿਚਾਰ ਤੇ ਕਈ ਭਾਤਾਂ ਦੀਆਂ ਰਸਮਾਂ ਅਰ ਤ੍ਰੀਕੇ ਧਰਮਾਂ ਦੇ ਹੋਏ ਭੀ ਹੈਨ ਪਰ ਫੇਰ ਹਿੰਦੂ ਹਿੰਦੂ ਹੀ ਰੈਹ ਸਕਦੇ ਹਨ ਇਹੀ ਕਾਰਨ ਹੈ ਕਿ ਸ਼ਬਦ ਹਿੰਦੂ ਮਾਤ੍ਰ ਦੇ ਸਾਗਰ ਨੇ ਖ਼ਾਲਸਾ ਧਰਮ ਨੂੰ ਭੀ ਆਪਣੀ ਗੈਹਰਤ ਵਿਖੇ ਮਿਲਾ ਲੀਤਾ ਹੈ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਦੀ ਇੱਛਾ ਖਾਲਸਾ ਧਰਮ ਨੂੰ ਇਕ ਵੱਖਰੀ ਸ਼ਾਖ਼ ਭੀ ਬਨਾਉਣਦੀ ਨਹੀਂ ਸੀ ਕਿਉਂਕਿ ਓਹ ਤਾਂ ਸਗੋਂ ਹਿੰਦੂਆਂ ਦੀਆਂ ਸ਼ਾਖ਼ਾਂ ਨੂੰ ਮੇਟਣ ਲਈ ਆਯਾ ਸੀ ਤੇ ਮਿਲਾਉਣ ਲਈ ਆਯਾ ਸੀ ਹਿੰਦੂਆਂ ਦੇ ਭਾਂਤ ਭਾਂਤ ਦੇ ਧਰਮਾਂ ਨੂੰ ਇਕ ਧਰਮ ਬਣਾਉਣ ਲਈ ਆਯਾ ਸੀ ਵਖਰੇ ਕਰਨ ਲਈ ਨਹੀਂ ਸੀ ਆਯਾ ਏਸ ਵਾਸਤੇ ਖਾਲਸਾ ਧਰਮ ਸੁੱਧ ਸੁਧਾਰ ਹਿੰਦੂ ਧਰਮ ਸੀ ਜੇਹੜਾ ਹਿੰਦੂਆਂ ਦਾ

ਪ੍ਰਾਚੀਨ ਧਰਮ ਸੀ ਇਸ ਲਈ ਇਹੁ ਦੋਵੇਂ ਸ਼ਬਦ ਏਕਤਾ ਤਾ ਵਰਨੰਨ ਕਰਦੇ ਹਨ ਵਿਰੋਧਤਾਈ ਨਹੀਂ ਜੇਕਰ ਗੁਰੂ ਗੋਬਿੰਦ ਸਿੰਘ ਜੀ ਦੀ ਇੱਛਾ ਹਿੰਦੂਆਂ ਨਾਲੋਂ ਵੱਖਰਾ ਧਰਮ ਬਨਾਉਣ ਦੀ ਹੁੰਦੀ ਤਾਂ ਓਹੁ ਹਿੰਦੂਆਂ ਦਾ ਵੈਰੀ ਹੁੰਦਾ ਸਗੋਂ ਰੱਖਕ ਨਾ ਹੁੰਦਾ ਓਹੁ ਆਰੀਆ ਸੰਤਾਨ ਦਾ ਬੁਰਾ ਚਾਹੁੰਦਾ ਨਾ ਕਿ ਸੁਧਾਰ ਕਰਨ ਵਾਲਾ ਕਿਉਂ ਜੋ ਵਖਰਾ ਫ਼ਿਰਕਾ ਬਣਾਉਨ ਵਿਖੇ ਉਨ੍ਹਾਂ ਦੀ ਹਮਦਰਦੀ ਹਿੰਦੂਆਂ ਨਾਲੋਂ ਹਟ ਜਾਂਦੀ ਤੇ ਹਿੰਦੂਆਂ ਨਾਲ ਕੋਈ ਵਰਤਾਉ ਲਗਾਉ ਨਾਂ ਰੈਹੰਦਾ ਤੇ ਇਸਤਰਾਂ ਨਾਲ ਹਿੰਦੂਆਂ ਦੀ ਰੱਖਯਾ ਤੇ ਬਚਾਉ ਦਾ ਉਦੇਸ਼ ਕਿਸਤਰਾਂ ਨਾਲ ਪੂਰਨ ਹੋਸੱਕਦਾ ਫੇਰ ਹਿੰਦੂ ਧਰਮ ਰੱਖਯਾ ਦੇ ਕੀਹ ਅਰਥ ਹੁੰਦੇ ਅਫ਼ਸੋਸ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਆਪਣੀ ਜਾਂਨ ਆਪਣੇ ਬੱਚਿਆਂ ਦੀਆਂ ਜਾਨਾਂ ਆਪਣੇ ਖਾਲਸੇ ਦੀਆਂ ਜਾਨਾਂ ਹਿੰਦੂ ਧਰਮ ਨੂੰ ਜ਼ਿੰਦਾ ਕਰਨ ਵਾਸਤੇ ਬਲਿਹਾਰ ਕੀਤੀਆਂ ਤੇ ਉਸਦੇ ਮਗਰੋਂ ਕੇਵਲ ਥੋੜੇ ਵਾਲ ਵਧਾਕੇ ਸਿੰਘੀ ਦਾ ਦਾਵਾ ਕਰਨ ਵਾਲੇ ਖਾਲਸੇ ਨੂੰ ਹਿੰਦੂਆਂ ਥੀਂ ਵੱਖਰਾ ਕਰਨ ਪਰ ਤਿਆਰ ਹੋਵਣ ਗੁਰੂ ਗੋਬਿੰਦ ਸਿੰਘ ਜੀ ਤਾਂ ਖਾਲਸਾ ਧਰਮ ਨੂੰ ਹਿੰਦੂਆਂ ਦੀ ਫੁੱਟਦੇ ਘਾਵਾਂ ਲਈ ਏਕਤਾਦੀ ਮਲ੍ਹਮ ਬਨਾਵੇ ਤੇ ਇਹੁ ਲੋਕ ਉਸਨੂੰ ਹਿੰਦੂ ਸਰੀਰ ਥੀਂ ਹੀ ਵਖਰਾ ਕਰਨ ਇਸ ਵਾਸਤੇ ਹੇ ਈਸ਼ੂਰ ਗੁਰੂ ਗੋਬਿੰਦ ਸਿੰਘ ਜੀ ਦੇ ਆਤਮਾਂ ਨੂੰ ਬੜਾ ਕਠੋਰ ਦੁਖ ਪੋਹਚ ਦਾ ਹੋਵੇਗਾ ਜਦ ਓਹੁ

ਵਿਚਾਰ ਕਰਦਾ ਹੋਵੇਗਾ ਕਿ ਥੋੜੇ ਜੇਹੇ ਆਦਮੀ ਖ਼ਾਲਸਾ ਧਰਮ ਨੂੰ ਧਾਰਣ ਕਰਨ ਵਾਲੇ ਖ਼ਾਲਸੇ ਨੂੰ ਹਿੰਦੂਆਂ ਥੀਂ ਵੱਖਰਾ ਕਰ ਰਹੇ ਹਨ ਖ਼ਾਲਸਾ ਨੂੰ ਹਿੰਦੂਆਂ ਥੀਂ ਵੱਖਰਾ ਕਰਨਾ ਗੁਰੂ ਗੋਬਿੰਦ ਸਿੰਘ ਜੀ ਦੇ ਉਦੇਸ਼ ਨੂੰ ਮਿਟੀ ਵਿਖੇ ਮਿਲਾ ਦੇਣਾ ਹੈ ਉਸਦੇ ਉਪਕਾਰਾਂ ਪਰ ਪਾਨੀ ਫੇਰ ਦੇਣਾ ਹੈ ਉਸਦੇ ਧਾਰਮਕ ਨਿਸ਼ਾਨਾਂ ਨੂੰ ਮੇਟ ਦੇਣਾ ਹੈ ਨਿਰਸੰਦੇਹ ਕਿਧਰੇ ਕਿਧਰੇ ਇਹੁ ਗਲਾਂ ਦੇਖੀ ਜਾਂਦੀ ਹੈ ਕਿ ਖ਼ਾਲਸੇ ਨੂੰ ਤਾਕੀਦ ਕੀਤੀ ਗਈ ਹੈ ਕਿ ਓਹੁ ਨਾਂ ਤਾਂ ਹਿੰਦੂਆਂ ਵਿਚ ਹੀ ਮਿਲਣ ਤੇ ਨਾਂਹੀ ਉਨ੍ਹਾਂ ਦੇ ਨਾਲ ਵਿਆਹੁ ਸ਼ਾਦੀ ਕਰਨ ਜਿਸ ਦਾ ਤਾਤ ਪ੍ਰਯ ਇਹੁ ਕਦੇ ਭੀ ਨਹੀਂ ਹੋ ਸਕਦਾ ਹੈ ਕਿ ਓਹੁ ਹਿੰਦੂਆਂ ਥੀਂ ਬਿਲਕੁਲ ਵੱਖਰੇ ਹੋ ਜਾਣ ਅਥਵਾ ਵਖਰਾ ਧਰਮ ਅਥਵਾ ਪੰਥ ਨਿਯਤ ਕਰ ਲੈਣ ਸਗੋਂ ਉਸਦਾ ਤਾਤਪ੍ਰਯ ਇਹੁ ਹੈ ਕਿ ਹਿੰਦੂਆਂ ਵਿਚ ਮਿਲ ਕਰਕੇ ਉਨ੍ਹਾਂ ਹਿੰਦੂਆਂ ਵਰਗੇ ਹੀ ਬਣ ਜਾਣ ਜੇਹੜੇ ਪੁਰਸ਼ ਧਰਮ ਦੀ ਭੇਡਾਂ ਚਾਲ ਦੇ ਘੇਰੇ ਵਿਖੇ ਪਏ ਹੋਏ ਹਨ ਤੇ ਬੇ ਹਿੰਮਤੀ ਕਾਇਰਤਾ ਨੂੰ ਗ੍ਰੈਹਨ ਕਰ ਰਹੇ ਹਨ ਤੇ ਨਾਹੀਂ ਅਜੇਹੇ ਹਿੰਦੂਆਂ ਦੇ ਘਰੀ ਵਿਆਹੁ ਸ਼ਾਦੀ ਹੀ ਕਰਨ ਜੇਹੜੇ ਵਡਿਆਈ ਤੇ ਸੰਤਾਨ ਦਾ ਤਾਂ ਦਾਵਾ ਕਰਨ ਪ੍ਰੰਤੂ ਕਾਇਰ ਭੀਰੂ ਬੇਗ਼ੈਰਤ ਹੋਣ ਤੇ ਜਿਸ ਵਿਖੇ ਜੋਸ਼ ਬਲ ਅਨੁਸਾਰ ਨਾਂ ਹੋਵੇ ਕਿਉਂਕਿ ਅਜੇਹੇ ਵਿਆਹੁ ਕਰਨ ਕਰਕੇ ਬਲਵਾਨ ਸੂਰਬੀਰ ਪੁਤ੍ਰਾਂ ਦਾ ਉਤਪਤ ਹੋਨਾਂ ਅਸੰਭਵ ਹੈ ਇਸ ਕਰਕੇ ਖ਼ਾਲਸਾ

ਅਪਣੇ ਆਪ ਨੂੰ ਇਜੇਹੇ ਪੁਰਖਾਂ ਥੀਂ ਅੱਡ ਰਖੇ ਕਿਉਂਕਿ ਖ਼ਾਲਸਾ ਧਰਮ ਦੇ ਹੋਣੇ ਕਰਕੇ ਹੀ ਉਨ੍ਹਾਂ ਦੇ ਸਰੀਰਕ ਬਲ ਕਰਕੇ ਹਿੰਦੂਆਂ ਨੂੰ ਲਾਭ ਹੁੰਦਾ ਹੈ ਹੋਰ ਕੋਈ ਭਾਂਤ ਭਰੋਸੇ ਦੀ ਨਹੀਂ ਸੀ ਨਿਰਸੰਦੇਹ ਅਸੀ ਜਾਣ ਦੇਹਾਂ ਕਿ ਨੁਕਤਾ ਚੀਨੀ ਦਾ ਮੈਦਾਂਨ ਖੁਲ੍ਹਾ ਹੈ ਤੇ ਸੈਹਲ ਹੈ ਤੇ ਕਈ ਤਰਾਂ ਦੇ ਪ੍ਰਸ਼ਨ ਉਠ ਸਕਦੇ ਹਨ ਪ੍ਰੰਤੂ ਅਸੀ ਇਨ੍ਹਾਂ ਨੁਕਤਾ ਚੀਨੀਆਂ ਦੇ ਉਤ੍ਰ ਨਹੀਂ ਦੇਣਾ ਚਾਹੁੰਦੇ ਕਿਉਂ ਜੋ ਇਹੁ ਗਲ ਜੀਵਨ ਚਰਿਤ੍ਰ ਦੇ ਪਿੜੋਂ ਬਾਹਰ ਹੈ ਕਿ ਅਸੀ ਇਸ ਪੇਚਦਾਰ ਬੈਹਸ ਵਿਖੇ ਪੈਕਰਕੇ ਅਸਲੀ ਪ੍ਰਯੋਜਨ ਥੀਂ ਦੂਰ ਨਿਕਲ ਜਾਵੀਏ ਇਸ ਕਰਕੇ ਜੇਹੜੇ ਉਜ਼ਰ ਕਰਨ ਵਾਲੇ ਹੈਨ ਉਨ੍ਹਾਂ ਪਾਸੋਂ ਮਾਫ਼ੀ ਮੰਗਦੇਹਾਂ ਤੇ ਅੱਗੇ ਤੁਰਦੇ ਹਾਂ ਪ੍ਰੰਤੂ ਇਤਨੀ ਆਖਦੇਹਾਂ ਕਿ ਧਰਮ ਖ਼ਾਲਸਾ ਹੋਰ ਕੁਛ ਨਹੀਂ ਹੈ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੁਧ ਸੁਧਾਰ ਧਰਮ ਹਿੰਦੂ ਨੂੰ ਖ਼ਾਲਸਾ ਧਰਮ ਤੇ ਹਿੰਦੂਆਂ ਨੂੰ ਇਕਤ੍ਰ ਕਰਨ ਲਈ ਆਯਾ ਸੀ ਨਿਖੇੜਨ ਵਾਸਤੇ ਨਹੀਂ ਸੀ ਆਯਾ ॥

ਖ਼ਾਲਸੇ ਨੂੰ ਕਰਮ ਨਾਸ਼ ਹੋਣਾ ਚਾਹੀਏ ਕੀਹ ਇਸ ਦਾ ਤਾਤਪ੍ਰਜ ਇਹੁ ਹੈ ਕਿ ਖ਼ਾਲਸਾ ਕੋਈ ਕੰਮ ਤੇ ਕਰਮ ਨਾ ਕਰੇ ਅਥਵਾ ਕਿਸੇ ਦੇ ਕਰਮਾਂ ਦੀ ਪਤਵਲ ਨਾਂ ਦੇਖੇ ਨਹੀਂ ਕਦੇ ਭੀ ਨਹੀਂ ਇਸ ਦਾ ਤਾਂ ਪ੍ਰਯੋਜਨ ਇਹੁ ਹੈ ਕਿ ਹਿੰਦੂਆਂ ਦੀਆਂ ਬੌਹਤ ਭਾਤਾਂ ਨੂੰ ਜੇਹੜੀਆਂ ਰਸਮਾਂ ਤੇ ਬੁੱਤ ਪੂਜਣ ਵਿਖੇ ਬੱਝੀਆਂ ਹੋਈਆਂ ਹਨ ਧਰਮ ਜਾਣਦੇ ਹਨ ਤੇ ਨਿਤਪ੍ਰਤ ਦੇ ਕਰਮਾਂ ਨੂੰ ਜ਼ਿੰਦਗੀ ਨਾਲ ਬੰਨ

ਕੇ ਆਪਣੀ ਖੁਲ੍ਹ ਨੂੰ ਬੰਨ੍ਹ ਬੈਠੇ ਹਨ ਉਨ੍ਹਾਂ ਨੂੰ ਦੂਰ ਕਰੇ ਜਦ ਧਰਮ ਅਥਵਾ ਸੋਸ਼ਲ ਇਖ਼ਲਾਕੀ ਹਾਲਤ ਵਿਖੇ ਵੱਖ ਬੰਧਨ ਬੰਧੇ ਹੋਏ ਹਨ ਤਾਂ ਪੁਰਖ ਦੀ ਉੱਨਤੀ ਰੁਕ ਜਾਂਦੀ ਹੈ ਤੇ ਉਸ ਦੀ ਸੀਮ ਬੱਝਜਾਂ ਦੀ ਹੈ ਓੜਕ ਨੂੰ ਭਰਮਾਂ ਵੈਹਮਾਂ ਤੀਕ ਬੱਧੇ ਜਾਂਦੇ ਹਨ ਹਿੰਦੂਆਂ ਵਿਖੇ ਬੇਓੜਕੇ ਖਾਨਦਾਨੀ ਅਥਵਾ ਫਿਰਕਾ ਬੰਦੀ ਦੇ ਰਸਮ ਰਵਾਜ ਵਰਤਮਾਨ ਸੇ ਤੇ ਉਨ੍ਹਾਂ ਦੇ ਰਾਹੀਂ ਪੈ ਜਾਣੇ ਕਰਕੇ ਹਿੰਦੂ ਉਨਤੀ ਦੇ ਰਾਹੁ ਥੀਂ ਥੱਕ ਗਏ ਸੇ ਏਸ ਕਰਕੇ ਖ਼ਾਲਸੇ ਨੂੰ ਤਾਕੀਦ ਕੀਤੀ ਗਈ ਕਿ ਓਹੁ ਕਿਸੇ ਰਸਮ ਦੀ ਬੰਧ ਵਿਖੇ ਨਾ ਫੱਸ ਜਾਣ ਜੇਕਰ ਅਜੇਹੀ ਨਾਂ ਕੀਤੀ ਜਾਂਦੀ ਤਾਂ ਹਿੰਦੂਆਂ ਦੇ ਬੇਅੰਤ ਰਸਮਾਂ ਦੇ ਬੰਨਨਾ ਥੀਂ ਖਾਲਸਾ ਧਰਮ ਦੇ ਬੰਧ ਮੋਖ ਨਾ ਕੀਤੇ ਜਾਂਦੇ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਅਧ ਵਿਚਾਲੇ ਹੀ ਰੈਹ ਜਾਂਦਾ ਹਿੰਦੂਆਂ ਵਿਖੇ ਰਸਮ ਰਵਾਜ ਬੌਹਤਹੀ ਸਾਰੇ ਧਰਮ ਦੀ ਸੂਰਤ ਵਿਖੇ ਵਰਤੇ ਜਾਂਦੇ ਸਨ ਤੇ ਓਹੁ ਇਨ੍ਹਾਂ ਵਿਖੇ ਅਜੇਹੇ ਫਸੇ ਹੋਏ ਸੇ ਕਿ ਉਨ੍ਹਾ ਥੀਂ ਜ਼ਰਾਕੁ ਭੀ ਵਖਰਾ ਹੋਣਾ ਐਬ ਜਾਣਿਆਂ ਜਾਂਦਾ ਸੀ ਤੇ ਜ਼ਰਾਕੁ ਜਿੰਨੀ ਘਟਾਉਨ ਵਧਾਉਨ ਕਰਕੇ ਰੌਲਾ ਉਠ ਖੜੋਂਦਾ ਸੀ ਜੇਕਰ ਗੁਰੂ ਗੋਬਿੰਦ ਸਿੰਘ ਜੀ ਇਨ੍ਹਾਂ ਰਸਮਾਂ ਰਵਾਜਾਂ ਥੀਂ ਖਾਲਸੇ ਦੇ ਬੰਧ ਮੋਖ ਨਾਂ ਕਰਦੇ ਤਾਂ ਆਪਣਾ ਉਦੇਸ ਹੀ ਅਧੂਰਾ ਛੱਡ ਜਾਂਦੇ ਇਸ ਕਰਕੇ ਇਹੁ ਆਗਜਾ ਸੀ ਕਿ ਖਾਲਸਾ ਕਰਮ ਨਾਸ ਹੋਵੇ ਅਰਥਾਤ ਰਸਮਾਂ ਨੂੰ ਤਿਅਗੇ ਉਨ੍ਹਾਂ ਲਈ

ਕੇਵਲ ਖ਼ਾਲਸਾ ਹੀ ਹੋਣਾ ਬਥੇਰਾ ਹੈ ਕਿਸੇ ਰਸਮ ਰਵਾਜਦੀ ਉਨ੍ਹਾਂ ਨੂੰ ਲੋੜ ਨਹੀਂ ਹੈ ਜੇਹੜੇ ਲੋਕ ਇਹੁ ਪ੍ਰਸ਼ਨ ਇਹੁ ਕਰਦੇ ਹਨ ਕਿ ਕੇਸ਼ ਆਦਿਕ ਧਾਰਨ ਕਰਨੇ ਅਥਵਾ ਪਾਹੁਲ ਆਦਿਕ ਲੈਣੀ ਇਹੁ ਰਸਮਾਂ ਨਹੀਂ ਹੈਨ ਇਸਦਾ ਉਤ੍ਰ ਕੇਵਲ ਇਹੀ ਹੈ ਕਿ ਇਹ ਰਸਮਾਂ ਨਹੀਂ ਹਨ ਸਗੋਂ ਇਹੁ ਚਿੰਨ੍ਹ ਹਨ ਜੇਹੜੇ ਖ਼ਾਲਸੇ ਨੂੰ ਹਰ ਸਮੇ ਚੇਤੇ ਕਰਵਾਉਂਦੇ ਹਨ ਕਿ ਓਹੁ ਖ਼ਾਲਸਾ ਹੈ ਤੇ ਉਸਦਾ ਉਦੇਸ਼ ਖੱਤ੍ਰਤਾ ਖ਼ਾਲਸਾ ਹੈ ਤੇ ਸਦੀਵ ਇਹੁ ਚਿੰਨ ਉਨ੍ਹਾਂ ਦੇ ਪਾਸ ਹੀ ਰੈਹਨ ਤਾ ਕਿ ਉਨ੍ਹਾਂ ਨੂੰ ਆਪਣਾਂ ਉਦੇਸ਼ ਨਾਂ ਭੁਲ ਜਾਵੇ ਇਨ੍ਹਾਂ ਨਿਸ਼ਾਨਾਂ ਨੂੰ ਖ਼ਾਲਸੇ ਦੀ ਦੂਸਰੀ ਤਬੀਅਤ ਦੇ ਬਨਾਨੇ ਦੀ ਕੋਸ਼ਸ ਕੀਤੀ ਗਈ ਹੈ ਰਸਮ ਰਵਾਜ ਥੀਂ ਬਾਹਰ ਹੈਨ ਸੋ ਗੁਰੂ ਗੋਬਿੰਦ ਸਿੰਘ ਜੀ ਦਾ ਉਪਦੇਸ਼ ਤੇ ਮੂਲ ਨਿਯਮ ਇਹੀ ਸੀ ਕਿ ਖਾਲਸਾ ਨੂੰ ਧਰਮ ਨਾਸ ਕੁਲਨਾਸ ਕਿਰਤ ਨਾਸ ਕਰਮ ਨਾਸ ਹੋਣਾਂ ਚਾਹੀਏ ਅਤੇ ਜ਼ਾਤ ਪਾਤ ਆਦਿਕ ਵਰਨਾਂ ਦੇ ਬੰਧਨ ਹਟਾਕੇ ਇਕ ਬਣ ਜਾਣਾਂ ਲੋੜੀਏ ਰਸਮਾਂ ਦੇ ਬੰਧਨ ਤੋੜ ਦੇਣੇ ਚਾਹੀਏ ਸਿੱਖਾਂ ਵਿਖੇ ਜੇਹੜੀਆਂ ਜ਼ਾਤਾਂ ਸੋਢੀ ਬੇਦੀ ਫੂਲਆਦਿਕ ਵਧੀਕ ਪਰਵਿਰਤ ਹਨ ਇਹੁ ਖ਼ਾਲਸਾ ਧਰਮ ਦੇ ਜੌਹਰ ਦੇ ਵਿਰੁਧ ਹਨ ਤੇ ਇਨ੍ਹਾਂ ਦੇ ਕਾਰਨ ਖ਼ਾਲਸਾ ਧਰਮ ਦਾ ਜ਼ਾਤ ਪਾਤੀ ਦੀ ਬੰਧਨ ਵਿਖੇ ਬੱਝ ਜਾਣਾ ਪ੍ਰਤੀਤ ਹੁੰਦਾ ਹੈ ਤੇ ਬ੍ਰਾਹਮਣ ਸਿੱਖ ਖੱਤ੍ਰੀ ਸਿੱਖ ਦਾ ਵੇਰਵਾ ਖ਼ਾਲਸਾ ਵਿਖੇ ਪ੍ਰਬੰਧ ਕਰਨਾ ਜੇਹਾਕੁ ਹੁਣ ਪਾਯਾ

ਜਾਂਦਾ ਹੈ ਬੜਾਹੀ ਬੁਰਾ ਹੈ ਜੇਹੜੇ ਲੋਕ ਇਹੁ ਦਲੀਲ ਸਨ-ਮੁਖ ਲਿਆਂਉਂਦੇ ਹਨ ਕਿ ਇਹੁ ਲਿਹਾਜ਼ ਕਰਤਬ ਗੁਣ ਕਰਮ ਸੁਭਾਵ ਜ਼ਾਤ ਦਾ ਹੋਣਾ ਜ਼ਰੂਰੀ ਹੈ ਤੇ ਸੁਭਾਵ ਤੇ ਸੰਗਤ ਦਾ ਇਸ ਥੀਂ ਬਿਨਾਂ ਉਨਤ ਹੋਣਾ ਠੀਕ ਨਹੀਂ ਹੈ ਉਨ੍ਹਾਂ ਪੁਰਖਾਂ ਨੂ ਯੂਰਪ ਦੇ ਨਿਵਾਸੀਆਂ ਪਰ ਵਿਚਾਰ ਕਰਨੀ ਚਾਹੀਏ ਕਿ ਜਿਸ ਵਿਖੇ ਕੇਵਲ ਧਰਮ ਦੇ ਹੀ ਲਿਹਾਜ਼ ਕਰਕੇ ਏਕੱਤਾ ਹੈ ਹੋਰਨਾ ਜ਼ਾਤਾਂ ਦੇ ਵੇਰਵੇ ਦੀ ਕੁਛ ਲੋੜਹੀ ਨਹੀਂ ਹੈ ਕੋਈ ਕੋਈ ਪੁਰਖ ਇਹੁ ਦਿਖਾਉਂਨ ਲਈ ਉੱਦਮ ਅਰਥਾਤ ਕੋਸ਼ਸ਼ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਵਰਨਾਂਸ਼੍ਰਮਾਂ ਨੂੰ ਤੋੜਨਾਂ ਨਹੀਂ ਚਾਹੁੰਦਾ ਸੀ ਤੇ ਉਸਦੇ ਉਤ੍ਰ ਵਿਖੇ ਇਹੁ ਦਲੀਲ ਦੇਂਦੇ ਹਨ ਕਿ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਮਗਰੋਂ ਜੇਹੜੇ ਗੁਰੂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇ ਥੀਂ ਪੈਹਲੇ ਹੋਏ ਹਨ ਸਾਰੇ ਹੀ ਵਰਨ ਆਸ਼੍ਰਮਾਂ ਦੇ ਭਲੇ ਵਿਖੇ ਸੇ ਤੇ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਪੈਹਲਿਆਂ ਗੁਰੂਆਂ ਦੇ ਨਿਯਮਾਂ ਪਰ ਚਲੱਣ ਲਈ ਉਪਦੇਸ਼ ਕਰਦਾ ਸੀ ਜੋ ਕਿ ਪੂਰਬਲੇ ਗੁਰੂਆਂ ਦੀ ਸੰਮਤੀ ਦੇ ਅਨੁਸਾਰ ਉਪਦੇਸ਼ ਕਰਦਾ ਸੀ ਇਸ ਵਾਸਤੇ ਵਰਨ ਆਸ਼੍ਰਮ ਦੇ ਤੋੜਨ ਦੇ ਹੱਕ ਵਿਖੇ ਨਹੀਂ ਸੀ ਪੈਹਲੇ ਤਾਂ ਇਹੁ ਭੀ ਠੀਕ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਥੀਂ ਪੂਰਬਲੇ ੯ ਗੁਰੂਆਂ ਦੀ ਰਾਇ ਬਿਲਕੁਲ ਅਨੁਸਾਰੀ ਸੀ ਜੇਕਰ ਕੁਛ ਸੁਲੋਕ ਵਰਨ ਆਸ਼੍ਰਮ ਦੇ ਹਕ ਵਿਚ ਕੁਛ ਸ਼ਲੋਕ ਅੰਦਰਲੇ

ਖ੍ਹਾਨੇ ਮਿਲਦੇ ਭੀ ਹਨ ਤਾਂ ਉਸਦੇ ਵਿਰੁੱਧ ਭੀ ਤਾਂ ਬੌਹਤ ਸਾਰੇ ਸ਼ਲੋਕ ਹੈਨ ਜੇਹਾਕੁ ਗੁਰੂ ਨਾਨਕ ਦੇਵਜੀ ਸਾਰੰਗ ਰਾਗ ਵਿਖੇ ਉਚਾਰਦੇ ਹਨ ਕਿ ਜਾਤ ਦੀ ਪਰਵਾਹੁ ਨਾਂ ਕਰਦੇ ਹੋਏ ਮੁਕਤੀ ਭਾਲ ਕਰੋ ਪ੍ਰਭਾਤੀ ਰਾਗਨੀ ਵਿਖੇ ਲਿਖਯਾ ਹੈ ਕਿ "ਈਸ਼੍ਵਰ ਪੁਰਖੁ ਪਾਸੋਂ ਇਹੁ ਨਹੀਂ ਪੁੱਛੇਗਾ ਕਿ ਤੇਰੀ ਕੀਹ ਜ਼ਾਤ ਹੈ ਸਗੋਂ ਇਹੁ ਪੁੱਛੇਗਾ ਕਿ ਤੂੰ ਸ਼ੁਭ ਕੰਮ ਕੀਹ ਕੀਤੇ ਹਨ ਗੁਰੂ ਅਮਰਦਾਸ ਜੀ ਨੇ ਭੀ ਭੈਰਵੀ ਰਾਗਵਿਖੇ ਲਿਖਯਾ ਹੈ ਕਿ ਜੇਕਰ ਲੋਕ ਆਖਨ ਕਿ ਇਕ ਈਸ਼੍ਵਰ ਦੇ ਬਨਾਏ ਹੋਏ ਚਾਰੋਂ ਵਰਨ ਹਨ ਸੋ ਅਸਲ ਵਿਚ ਇੱਕੋ ਹੀ ਬ੍ਰਹਮ ਹੈ ਉਸੇ ਦਾਹੀ ਸਭ ਬੀਜ ਹਨ ਸੋ ਇਸੇ ਤਰਾਂਹੀ ਗੁਰੂ ਗੋਬਿੰਦ ਸਿੰਘ ਜੀ ਦਾ ਭੀ ਸਾਫ਼ ਕਥਨ ਰੈਹਤ ਨਾਮੇ ਵਿਖੇ ਹੈ ਕਿ ਚਾਰੇ ਵਰਨ ਜ਼ਾਤਾਂ ਇਕ ਹੋ ਕਰਕੇ ਇਕ ਵਾਹਿ ਗੁਰੂ (ਈਸ਼੍ਵਰ) ,, ਪਰ ਵਿਸ਼ਵਾਸ ਰੱਖਨ ਇਕ ਜਗਹ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਯਾ ਹੈ (ਦੇਖੋ ਤਵਾਰੀਖ਼ ਮਲਕਮ ਸਫ਼ੇ ੪੫ ਚਾਰੋਂ ਵਰਨ ਖ਼ਾਲਸਾ ਵਿਖੇ ਇਕ ਹੋ ਕਰਕੇ ਇਸਤਰਾਂ ਮਿਲ ਜਾਵਨ ਕਿ ਜਿਸ ਤਰਾਂ ਪਾਨ ਵਿਖੇ ਸੁਪਾਰੀ ਆਦਿਕ ਦੇ ਚਬਾਉਨ ਕਰਕੇ ਇਕ ਹੋ ਜਾਂਦੇ ਹਨ ਇਨ੍ਹਾਂ ਸਭ ਸਚੀਆਂ ਗੱਲਾਂ ਥੀਂ ਹੋਰ ਭੀ ਇਹੁ ਕੈਹਣਾਂ ਕਿ ਗੁਰੂ ਗੋਬਿੰਦ ਸਿੰਘ ਜੀ ਵਰਨ ਆਸ਼੍ਰਮ ਦੇ ਹੱਕ ਵਿਖੇ ਸਨ ਤਾਂ ਬੜੀ ਭਾਰੀ ਭੁੱਲ ਹੈ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਨੂੰ ਹਿੰਦੂ ਬਨਾਯਾ ਸੀ

ਜੇਹੜਾ ਜ਼ਾਤ ਪਾਤ ਵਰਨ ਆਸ਼੍ਰਮਾਂ ਦੀ ਬੰਧਨ ਥੀਂ ਮੁਕਤ ਹੈ ਗੁਰੂ ਗੋਬਿੰਦ ਸਿੰਘ ਜੀ ਦਾ ਉਪਦੇਸ਼ ਤਾਂ ਸ੍ਰੀਹਨ ਦਿਸਦਾ ਪਿਆ ਹੈ ਪ੍ਰੰਤੂ ਜੇਹੜੇ ਲੋਕ ਖ਼ਾਲਸਾ ਪੰਥ ਨੂੰ ਵਰਨ ਆਸ਼੍ਰਮਾਂ ਦੇ ਬੰਧਨਾਂ ਵਿਖੇ ਪਾਉਨਦੇ ਪ੍ਰੇਮੀ ਹਨ ਸੋ ਉਨ੍ਹਾਂ ਦੀ ਮਰਜ਼ੀ ਹੈ ਜੋ ਚਾਹੇ ਸੋ ਕਰਨ ਤੇ ਕੈਹਣ॥

ਚੌਹਾਂ ਵਰਨਾਂ ਨੂੰ ਇਕ ਭਾਂਡੇ ਵਿਖੇ ਖਾਂਣ ਦੇ ਲਈ ਆਗਿਆ ਹੈ ਜਦ ਓਹੁ ਖ਼ਾਲਸਾ ਹੋ ਜਾਣ ਇਸ ਬਾਤ ਦੀ ਵਰਤੰਤ ਭੁਲਕੇ ਗਲਤੀ ਪਰ ਨਹੀਂ ਕਰਨੀ ਚਾਹੀਏ ਇਸਦਾ ਅਰਥ ਕਦੇ ਭੀ ਇਹੁ ਨਹੀਂ ਹੋਸਕਦਾ ਕਿ ਮੁਸਲਮਾਨਾਂ ਦੀ ਤਰਾਂ ਇਕ ਹੀ ਬਰਤਨ ਵਿਖੇ ਮਿਲ ਕੇ ਖਾਂਣ ਸਗੋਂ ਇਹੁ ਅਰਥ ਹੈ ਕਿ ਇਕ ਖ਼ਾਲਸੇ ਦੇ ਭਾਂਡੇ ਵਿਖੇ ਪੱਕਾ ਹੋਯਾ ਖਾਣਾ ਸਭ ਖ਼ਾਲਸੇ ਨੂੰ ਖਾਂਣਾ ਲੋੜੀਏ ਤੇ ਇਸਥੀਂ ਕਿਸੇ ਭੀ ਖ਼ਾਲਸੇ ਨੂੰ ਸੰਦੇਹ ਭਰਮ ਨਹੀਂ ਹੋਣਾ ਲੋੜੀਏ ਇਹੁ ਇਸ ਕਰਕੇ ਮੂਲ ਦੇ ਨਿਜਮਾਂ ਵਿਖੇ ਗਿਣਿਆ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੇ ਵਿਖੇ ਭੀ ਪੱਕੀ ਕੱਚੀ ਰੋਟੀ ਦਾ ਝਗੜਾ ਪਸਰਿਆ ਹੋਯਾ ਸੀ ਇਕ ਜ਼ਾਤ ਦੀ ਪੱਕੀ ਹੋਈ ਰੋਟੀ ਦੂਸਰੀ ਜ਼ਾਤ ਵਾਲੇ ਨਹੀਂ ਸੇ ਖਾਂਦੇ ਸਗੋਂ ਇਕ ਆਦਮੀ ਦੀ ਪੱਕੀ ਹੋਈ ਰੋਟੀ ਨੂੰ ਬੁਰੀ ਤੇ ਹਰਾਮ ਖਾਣਾ ਸਮਝਦੇ ਸੇ ਅਤੇ ਇਥੋਂ ਤੱਕ ਭਰਮ ਵਿਖੇ ਫਸੇ ਹੋਏ ਸੇ ਕਿ ਦੂਸਰੇ ਦੇ ਘਰ ਭੀ ਬੈਠਕੇ ਖਾਣਾ ਬੁਰਾ ਜਾਣਦੇ ਸੇ ਅਤੇ ਇਥੋਂ ਤੋੜੀ ਭਰਮਾਂ ਤੇ ਵੈਹਮਾਂ ਨੂੰ ਵਧਾਯਾ ਹੋਯਾ ਸੀ ਕਿ

ਇਸਤ੍ਰੀ ਪੁਰਖ ਦੇ ਹੱਥੋਂ ਲੈਕੇ ਰੋਟੀ ਨਹੀਂ ਖਾਂਦੀ ਸੀ ਅਤੇ ਨਾਹੀਂ ਪੁਰਖ ਇਸਤ੍ਰੀ ਦੀ ਪੱਕੀ ਖਾਂਦਾ ਸੀ ਇਸ ਖਾਨ ਪਾਨ ਦੀ ਬੰਧਨ ਨੇ ਕਦੇ ਭੀ ਹਿੰਦੂਆਂ ਨੂੰ ਇਕ ਪੰਥਦੇ ਬਨਨ ਦਾ ਸਮਾਂ ਨਹੀਂ ਦਿੱਤਾ ਸੀ ਇਸੇ ਕਰਕੇ ਹੀ ਬਰਾਦਰੀ ਤੇ ਕੌਮੀ-ਅਤ ਦੀਆਂ ਜੜ੍ਹਾਂ ਵਿਖੇ ਵਿਰੋਧਤਾਈ ਦਾ ਤੇਲ ਪੈਂਦਾ ਰਿਹਾ ਅਤੇ ਇਸੇ ਨਕੰਮੀ ਬੰਧਨ ਨੇ ਹਿੰਦੂਆਂ ਦੀ ਉੱਨਤੀ ਨੂੰ ਬੌਹਤ ਸਾਰਾ ਨਾ ਹੋਣ ਦਿੱਤਾ ਏਸੇ ਬੰਧਨ ਦਾ ਕਾਰਨ ਸੀ ਕੇ ਹਿੰਦੂ ਦੂਸਰੇ ਦੇਸ਼ਦੇ ਧਰਮਾਂ, ਤੇ ਪੁਰਖਾਂ ਨੂੰ ਆਪਣੇ ਵਿਚ ਨਾਂ ਰਲਾ ਸਕੇ ਸਗੋਂ ਆਪਣੇ ਵਿਛੁੜੇ ਹੋਯਾਂ ਨੂੰ ਭੀ ਆਪਣੇ ਵਲ ਨਾਂ ਖਿੱਚ ਸੱਕੇ ਤੇਆਏ ਦਿਨ ਘਾਟੇਹੀ ਘਾਟੇ ਵਿਚ ਉੱਜੜਦੇ ਗਏ ਏਸੇ ਬੰਧਨ ਦਾ ਫਲਸੀ ਕਿ ਹਿੰਦੂ ਭਾਰਤ ਵਰਸ਼ ਥੀਂ ਬਾਹਰ ਜਾਣੋਂ ਰੈਹਗਏ ਅਰਥਾਤ ਕੌਮਦੀ ਹਸਤੀ ਦੇ ਮੂਲ ਉਪਰ ਅਜੇਹਾ ਕੁਹਾੜਾ ਧਰਿਆ ਗਿਆ ਕਿ ਜੇਕਰ ਗੁਰੂ ਗੋਬਿੰਦ ਸਿੰਘ ਉੱਦਮ ਨਾਲ ਇਸ ਕੁਹਾੜੇ ਨੂੰ ਨਾਂ ਚੁੱਕਦਾਅਤੇ ਦੂਰ ਨਾਂ ਸੁਟਦਾ ਤਾਂ ਓਹੁ ਹਸਤੀ ਨਾਸ਼ ਹੋ ਜਾਂਦੀ ਅਤੇ ਸ੍ਵਾਹ ਬਨਕੇ ਪੌਣ ਨਾਲ ਉੱਡੀ ਹੋਈ ਭੀ ਨਾਂ ਲੱਭਦੀ ਹੇ ਗੁਰੂ ਗੋਬਿੰਦ ਸਿੰਘ ਜੀ-ਆਪ ਨੇ ਜੇਹੜੇ ਉਪਕਾਰ ਕੀਤੇ ਹਨ ਓਹੁ ਬੇਅੰਤ ਹਨ ਕੇਹੜੇ ਕੇਹੜੇ ਨੂੰ ਅਸੀਂ ਚੇਤੇ ਕਰੀਏ ਤੇ ਕੇਹੜੇ ਕੇਹੜੇ ਉਪਕਾਰ ਦਾ ਤੇਰਾ ਧੰਨ ਵਾਦ ਕਰੀਏ॥

ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਜ਼ਾਤ ਪਾਤ ਦੇ ਬੰਧਨਾਂ ਨੂੰ ਮੇਟ

ਦੇਣ ਦੇ ਮਗਰੋਂ ਖ਼ਾਲਸਾ ਧਰਮ ਵਿਖੇ ਇਹੁ ਭੀ ਸੁਧਾਰ ਕੀਤਾ ਕਿ ਓਹੁ ਹਿੰਦੂ ਧਰਮ ਥੀਂ ਵਖਰੇ ਹੋਰ ਧਰਮਾਂ ਵਾਲਿਆਂ ਨੂੰ ਭੀ ਆਪਣੇ ਵਿਖੇ ਮਿਲਾ ਲੈਣ ਭਲਾ ਜੀ ਫੇਰ ਕੀਹ ਕਾਰਨ ਹੋ ਸਕਦਾ ਸੀ ਕਿ ਇਕ ਭੁੱਲਾ ਹੋਯਾ ਰਾਹ ਮਾਰਿਆ ਹੋਯਾ ਭਰਾਭਾਈ ਫੇਰ ਆਕੇ ਭਰਾਵਾਂ ਵਿਖੇ ਨਾਂ ਮਿਲਾਯਾ ਜਾਵੇ ਇਸ ਤਰੀਕੇ ਨਾਲ ਹਿੰਦੂਆਂ ਦੀ ਹਸਤੀ ਦੇ ਨਾਸ਼ ਹੋਣ ਦੇ ਪ੍ਰਸ਼ਨ ਨੂੰ ਸਦਾ ਦੇ ਲਈ ਸੁਖਾਲਾ ਕਰ ਦਿੱਤਾ ਤੇ ਹਿੰਦੂ ਧਰਮ ਨੂੰ ਫੇਰ ਜਿਵਾ ਦਿੱਤਾ ॥

ਖ਼ਾਲਸਾ ਧਰਮ ਵਿਖੇ ਖ਼ਾਲਸੇ ਦੇ ਲਈ ਇਕ ਹੋਰ ਮੂਲ ਨਿਯਮ ਇਹੁ ਬਣਾਯਾ ਕਿ ਲੜਨਾਂ ਤੇ ਮਰਨਾਂ ਜੇਹੜਾ ਛੱਤ੍ਰੀਆਂ ਦਾ ਧਰਮ ਹੈ ਸੋ ਖ਼ਾਲਸੇ ਨੂੰ ਧਾਰਨਾ ਲੋੜੀਏ ਜੇਹੜਾ ਖਾਲਸਾ ਜੁੱਧ ਵਿਖੇ ਮਰੇਗਾ ਅਤੇ ਜੇਹੜਾ ਧਰਮ ਜੁੱਧ ਵਿਖੇ ਮਿਲੇਗਾ ਜੇਹੜਾ ਆਪਣੇ ਵੈਰੀ ਦਾ ਨਾਸ਼ ਕਰੇਗਾ ਤੇ ਜੇਹੜਾ ਜੁੱਧ ਵਿਖੇ ਹਾਰ ਕੇ ਭੀ ਨਿਰਾਸ ਨਹੀਂ ਹੋਵੇਗਾ ਓਸ ਸਿੰਘ ਨੂੰ ਉੱਤਮ ਪਦਵੀ ਮਿਲੇਗੀ ਅਤੇ ਮੁਕਤੀ ਕੇਵਲ ਖ਼ਾਲਸਾ ਧਰਮ ਦੇ ਹੀ ਧਾਰਨ ਪਾਲਣ ਕਰਕੇ ਪ੍ਰਾਪਤ ਹੋਵੇਗੀ ਏਸੇ ਵਾਸਤੇ ਵਰਨੰਨ ਹੈ ਕਿ ਮੁਕਤੀ ਕੇਵਲ ਖ਼ਾਲਸਾ ਧਰਮ ਵਿਖੇ ਹੀ ਮਿਲਦੀ ਹੈ ਇਤਆਦਿਕ ॥

ਇਹੁ ਉਪਦੇਸ਼ ਭੀ ਗੁਰੂ ਗੋਬਿੰਦ ਸਿੰਘ ਜੀ ਦਾ ਨਵੀਨ ਨਹੀਂ ਸ੍ਰੀ ਭੀਖਮ ਨੇ ਤੇ ਕ੍ਰਿਸ਼ਨ ਨੇ ਮਹਾਭਾਰਥ ਵਿਖੇ ਕਿਹਾ ਹੈ ਕਿ

ਜੇਹੜਾ ਖੱਤ੍ਰੀ ਜੁੱਧਵਿਖੇ ਮਰੇਗਾ ਓਹੁ ਰਣਭੂਮੀ ਥੀਂ ਹੀ ਸਿੱਧਾ ਸ੍ਵਰਗ ਨੂੰ ਜਾਂਦਾ ਹੈ ॥

ਅਰਥਾਤ ਤਲਵਾਰ ਖੱਤ੍ਰੀ ਲਈ ਜੁੱਧਦਾ ਰਾਹੁ ਹੈ ਖੱਤ੍ਰੀ ਦਾ ਬਿਨਾਂ ਰਣਭੂਮੀ ਦੇ ਮਰਨਾਂ ਭੀ ਪਾਪ ਜਾਣੀਦਾ ਹੈ ਅਤੇ ਇਸ ਦਾ ਦ੍ਰਿਸ਼ਟਾਂਤ ਭੀਖਮ ਨੇ ਇਕ ਸਮੇ ਪੰਰ ਜੁਧਿਸ਼ਟਰ ਨੂੰ ਉਸਦੇ ਪ੍ਰਸ਼ਨਦਾ ਉਤ੍ਰ ਦੇਣ ਸਮੇ ਕਿਹਾਹੈ ਕਿ ਤਿਆਗੀ ਮੁਕਤੀ ਦਾ ਅਧਿਕਾਰੀ ਹੈ ਪ੍ਰੰਤੂ ਤਿਆਗਾਂ ਸਭ ਨਾਂ ਵਿਚੋਂ ਉਤਮ ਤਿਆਗ ਖੱਤ੍ਰੀ ਦਾ ਹੈ ਜੇਹੜਾ ਆਪਣੇ ਸ਼ਰੀਰ ਨੂੰ ਰਣਭੂਮੀ ਵਿਖੇ ਦੂਸਰਿਆਂ ਦੇ ਭਲੇ ਦੇ ਵਾਸਤੇ ਤਿਆਗਦਾ ਹੈ ਏਸ ਕਰਕੇ ਓਹੁ ਅਵੱਸ਼ ਹੀ ਮੁਕਤੀ ਦਾ ਅਧਿਕਾਰੀ ਹੈ ॥

ਏਸੇ ਆਸ਼ੇ ਨੂੰ ਲੈਕਰ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਧਰਮ ਵਿਖੇ ਇਸ ਨਿਯਮ ਨੂੰ ਅਸਥਿਤ ਕੀਤਾ ਹੈ ਕਿ ਖਾਲਸੇ ਦਾ ਯੁੱਧ ਵਿਖੇ ਮਰਨਾ ਭਲਾ ਹੈ ਅਤੇ ਖਾਲਸਾ ਧਰਮ ਦੇ ਪਾਲਣ ਕਰਨੇ ਕਰਕੇ ਓਹੁ ਪੁਰਖ ਮੁਕਤੀ ਦਾ ਭਾਗੀ ਹੋਵੇਗਾ ਸੋ ਇਸ ਥੀਂ ਪ੍ਰਤੱਖ ਇਹੁ ਫਲ ਪ੍ਰਾਪਤ ਹੁੰਦਾਹੈ ਕਿ ਖਾਲਸਾ ਸਿੰਘ ਅਤੇ ਖੱਤ੍ਰੀ ਦੇ ਅਰਥ ਇਕ ਹੀ ਹਨ ਉਸ ਖੱਤ੍ਰਤਾ ਨੂੰ ਸਰਜੀਤ ਕਰਨ ਦੇ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਹੁ ਸਾਰੀਆਂ ਕੋਸ਼ਸ਼ਾਂ ਕੀਤੀਆਂ ਜਿਨ੍ਹਾਂ ਦਾ ਭੀਖਮ ਤੇ ਕ੍ਰਿਸ਼ਨ ਨੇ ਪੰਜ ਹਜ਼ਾਰ ਬਰਸ ਪੈਹਲੇ ਭੀ ਉਪਦੇਸ਼ ਕੀਤਾਸੀ ਤੇ ਜਿਸ ਨੂੰ ਹਿੰਦੂ ਇਸ ਮਧਜਬ ਸਮੇ ਵਿਖੇ ਗਵਾ ਬੈਠੇ ਸੇ

ਪੈਹਲੇ ਰਵਾਜ ਦੇ ਅਨੁਸਾਰ ਓਹੁ ਆਪ ਖੱਤ੍ਰੀ ਸੀ ਪ੍ਰੰਤੂ ਉਸ ਖੱਤ੍ਰਤਾ ਨੂੰ ਓਹੁ ਸੜੀ ਹੋਈ ਤੇ ਨਿਕੰਮੀ ਜਾਣਦਾ ਸੀ ਏਸ ਵਾਸਤੇ ਓਹੁ ਆਪ ਭੀ ਨਵੀਨ ਖੱਤ੍ਰੀ ਅਰਥਾਤ ਖਾਲਸਾ ਬਣਿਆ ਸੀ ਤੇ ਆਪ ਪਾਹੁਲ ਛੱਕੀ ਸੀ ਕੀਹ ਇਸਦੇ ਮਗਰੋਂ ਭੀ ਕਿਹਾ ਜਾ ਸਕਦਾ ਹੈ ਕਿ ਓਹੁ ਪੁਰਾਣੇ ਵਰਨ ਆਸ਼੍ਰਮਾਂ ਨੂੰ ਜੀਂਊਂਦੇ ਜਾਗਦੇ ਰਖਨ ਲਈ ਚਾਹੁੰਦਾ ਸੀ ਭਲਾ ਜਿਸ ਨੇ ਆਪਣੀ ਜ਼ਾਤ ਭੀ ਪੂਰਬਲੀ ਮੇਟਕੇ ਖਾਲਸਾ ਧਰਮ ਨੂੰ ਗ੍ਰੈਹਣ ਕੀਤਾ ਹੋਵੇ ਉਸਨੂੰ ਕੈਹਣਾ ਕਿ ਓਹੁ ਜ਼ਾਤ ਪਾਤ ਨੂੰ ਸਥਿਰ ਕਰਨ ਵਾਸਤੇ ਆਯਾ ਸੀ ਕੇਹੜੇ ਪੱਖ ਦੀ ਗਲ ਹੈ ਇਹੁ ਸੁਧਾਰ ਉਸ ਸਮੇ ਦੀ ਲੋੜ ਦੇ ਅਨੁਸਾਰ ਸੀ ਤੇ ਹਿੰਦੂ ਜ਼ਮਾਨੇ ਨੂੰ ਇਸ ਥੀਂ ਬੜਾ ਲਾਭ ਦਾਇਕ ਸੀ ਅਤੇ ਇਹੁ ਕੰਮ ਗੁਰੂ ਗੋਬਿੰਦ ਸਿੰਘ ਜੀ ਦੇ ਭਾਗ ਵਿਖੇ ਆਯਾ ਸੀ ਜਿਸਨੂੰ ਓਸਨੇ ਚੰਗੀ ਤਰਾਂ ਨਾਲ ਨਿਭਾਯਾ ਤਿਆਗ, ਵੈਰਾਗ ਤੇ ਕਾਇਰਤਾ ਦੀ ਜੜ੍ਹ ਨੂੰ ਜਿਵੇਂ ਕ੍ਰਿਸ਼ਨ ਨੇ ਆਪਣੇ ਸਮੇ ਵਿਖੇ ਦੂਰ ਕਰ ਦਿੱਤਾ ਸੀ ਤਿਵੇਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਦੂਰ ਕਰ ਦਿੱਤਾ ਤੇ ਇਸੇ ਹੀ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖਾਲਸੇ ਨੂੰ ਆਗਿਆ ਕੀਤੀ ਕਿ ਓਹੁ ਸਦੀਵ ਹੀ ਆਪਣੇ ਸਭ ਬਲ ਨੂੰ ਲੋਹੇ ਪਰ ਖਰਚ ਕਰਨ ਤੇ ਸਦੀਵ ਹੀ ਸਨੱਧ ਬਧ ਰਿਹਾ ਕਰਨ ਸ਼ਸਤ੍ਰ ਪਕੜਿਆ ਕਰਨ ਉਸ ਸਮੇ ਵਿਖੇ ਇਸ ਉਪਦੇਸ਼ ਦੀ ਅਤਯੰਤ ਹੀ ਲੋੜ ਸੀ ਤੇ ਲੋਹੇ ਦੀ ਵਲ ਸਿਖਾਂ ਨੂੰ

ਲਾਉਣ ਥੀਂ ਇਹੁ ਤਾਤ ਪ੍ਰਯਸੀ ਕਿ ਸ਼ਸਤ੍ਰਾਂ ਨੂੰ ਚਲਾਉਂਣਾਂ ਖਾਲਸਾ ਆਪਣਾਂ ਪਵਿਤ੍ਰ ਤੇ ਚੰਗਾ ਧਰਮ ਜਾਣੇ ਇਕ ਹੋਰ ਮੂਲ ਨਿਯਮ ਖਾਲਸਾ ਧਰਮ ਵਿਖੇ ਪ੍ਰਚਲਤ ਕਰਾਯਾ ਕਿ ਖਾਲਸਾ ਹੋਕਰ ਜਨੇਊ ਨਾਂ ਧਾਰਨ ਕਰੇ ਹਿੰਦੂਆਂ ਵਿਖੇ ਜਗਜੋ ਪਵੀਤ (ਜਨੇਊ ਪਾਉਨਾ) ਇਕ ਪੂਰਬਲੀ ਰੀਤੀ ਤੇ ਰਸਮ ਚਲਜਾ ਆਉਂਦਾ ਸੀ ਤੇ ਹੁਣ ਤਕ ਭੀ ਓਹੁ ਜ਼ਰੂਰੀ ਰਸਮ ਜਾਣੀ ਜਾਂਦੀ ਸੀ ਤੇ ਹੈ ਭਾਂਵੇ ਇਕ ਸਿਆਣੇ ਪੰਡਿਤ ਦਾ ਇਹੁ ਬਚਨ ਹੈ ਕਿ ਵੇਦ ਸੰਘਤਾਂ ਵਿਖੇ ਯਗਜੋ ਪਵੀਤ ਦੀ ਰੀਤੀ ਦਾ ਕੋਈ ਵਰਨੰਨ ਨਹੀਂ ਹੈ ਪ੍ਰੰਤੂ ਮੈਨੂੰ ਇਸਦੇ ਨਿਤਾਰੇ ਦਾ ਕੋਈ ਸਮਾਂ ਨਹੀਂ ਲਭਾ ਪਰ ਇਸ ਵਿਖੇ ਭੀ ਸੰਦੇਹ ਨਹੀਂ ਕਿ ਯਗਜੋ ਪਵੀਤ ਦੀ ਰਸਮਦਾ ਵਰਨੰਨ ਹਿੰਦੂਆਂ ਦੀਆਂ ਪੁਰਾਤਨ ਧਰਮ ਸ਼ਾਸਤ੍ਰਾਂ ਵਿਖੇ ਪ੍ਰਗਟ ਹੈ ਮਨੂ ਜੀ ਦਾ ਕਾਨੂਨ ਜੋ ਬੋਹਤ ਪੁਰਾਨਾ ਹੈ ਉਸ ਵਿਖੇ ਵਰਨੰਨ ਹੈ ਕਿ ਹਿੰਦੂਆਂ ਦੀ ਇਹੁ ਪੁਰਾਨੀ ਰਸਮ ਸੀ ਤੇ ਇਸ ਨੂੰ ਬੜਾਹੀ ਜ਼ਰੂਰੀ ਵਿਚਾਰਦੇ ਚਲੇ ਆਏ ਹਨ ਦੋ ਜਨਮੀਆਂ ਜਾਤਾਂ ਇਸੇ ਕਰਕੇ ਅੱਡਰੀਆਂ ਪ੍ਰਤੀਤ ਹੁੰਦੀਆਂ ਸੇ ਸਗੋਂ ਦ੍ਵਿਜ ਬਣਨ ਦਾ ਬੂਹਾ ਜਨੇਊ ਪਾਉਣ ਦੀ ਹੀ ਰਸਮ ਸੀ ਇਹੁ ਸੰਸਕਾਰ ਸਭਨਾਂ ਨਾਲੋਂ ਵਧਕੇ ਜ਼ਰੂਰੀ ਸਮਝਿਆ ਜਾਂਦਾ ਸੀ ਇਸ ਦੇ ਹੀ ਕਾਰਣ ਹਿੰਦੂ ਉਚੀਆਂ ਜ਼ਾਤਾਂ ਵਿਖੇ ਮਿਲ ਸਕਦਾਸੀ ਨਹੀਂ ਤਾਂ ਇਸ ਥੀਂ ਪੈਹਲੇ ਸ਼ੂਦਰ ਜਾਣਿਆਂ

ਜਾਂਦਾ ਸੀ ਭਾਵੇ ਕਿਸੇ ਭੀ ਵਰਨ ਵਿਖੇ ਕਿਉਂ ਨਾ ਉਤਪਤ ਹੋਯਾ ਹੋਵੇ ਕਿਉਂ ਜੋ ਸੂਦਰ ਨੂੰ ਜਨੇਊ ਪਾਉਨਦੀ ਰਾਜ ਆਗਿਆ ਰੀ ਨ ਹੀ ਸੀ ਭਾਵੇਂ ਤਾਂ ਇਹੁ ਧਰਮੀ ਰਸਮ ਸੀ ਅਥਵਾ ਵਿਦਯਾ ਪ੍ਰਾਪਤ ਦੀ ਨਿਸ਼ਾਨੀ ਸੀ ਇਸ ਵਿਖੇ ਸੰਦੇਹ ਨਹੀਂ ਕਿ ਹਿੰਦੂ ਦ੍ਵਿਜ ਇਸ ਨੂੰ ਬੜੀ ਹੀ ਅਮੋਲਕ ਵਸਤੂ ਜਾਣਦੇ ਸੇ ਤੇ ਇਹੀ ਕਾਰਣ ਸੀ ਕਿ ਮੁਸਲਮਾਂਨ ਹਿੰਦੂਆਂ ਦੀ ਇਸ ਨਿਸ਼ਾਨੀ ਧਾਰਮਕ ਨੂੰ ਦੇਖਕੇ ਹੀ ਉਨ੍ਹਾਂ ਨੂੰ ਕਾਫ਼ਰ ਜਾਣਦੇ ਸੇ ਤੇ ਇਸਦੇ ਤੋੜਨੇ ਨੂੰ ਹੀ ਓਹੁ ਆਪਣਾਂ ਪਵਿਤ੍ ਧਰਮੀ ਭਾਵ ਜਾਣ ਦੇ ਸੇ ਤੇ ਇਸੇ ਹੀ ਕਾਰਣ ਥੀਂ ਪ੍ਰਤੀਤ ਹੁੰਦਾ ਹੈ ਕਿ ਜਨੇਊ ਪਾਉਣਾਂ ਹਿੰਦੂਆਂ ਵਿਖੇ ਇਕ ਬੜਾ ਹੀ ਜ਼ਰੂਰੀ ਹੈ ਤੇ ਧਰਮ ਦਾ ਹੀ ਅੰਗ ਵਿਚਾਰਦੇ ਹਨ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਦੀ ਦ੍ਰਿਸ਼ਟੀ ਵਿਖੇ ਇਹੁ ਰਸਮ ਸੂਦਰਾਂ ਨੂੰ ਉੱਚੇ ਰਜ਼ਨ ਥੀਂ ਵਰਜਨ ਵਾਲੀ ਸੀ ਤੇ ਸਦੀਵ ਹੀ ਹੇਠਾਂ ਰੈਹਣੇ ਪਰ ਜ਼ੋਰ ਲਾਉਂਦੀ ਸੀ ਇਸੇ ਦੇ ਧਾਰਨ ਕਰਕੇ ਉੱਚੇ ਵਰਨ ਹੋਣ ਦਾ ਅਭਿਮਾਨ ਹੋਂਦਾ ਸੀ ਤੇ ਇਕ ਭਾਗ ਹਿੰਦੂਆਂ ਦਾ ਨਕਾਰਾ ਪਿਆ ਹੋਯਾ ਸੀ ਹਿੰਦੂ ਇਸ ਰਸਮ ਥੀਂ ਭੱਜ ਦੇ ਨਹੀਂ ਸੇ ਜੇਹਾ ਕੁ ਮੁਸਲਮਾਨਾਂ ਵਿਖੇ ਸੁੰਨਤ ਹੈ ਈਸਾਈਆਂ ਵਿਖੇ ਬਪਤਿਸਮਾ ਇੱਕ ਅਜੇ ਹੀ ਰਸਮ ਹੈ ਕਿ ਉਸਦੇ ਕਰਨੇ ਕਰਕੇ ਹੀ ਓਹੁ ਮੁਸਲਮਾਂਨ ਅਥਵਾ ਈਸਾਈ ਕਹਾ ਸਕਦੇ ਹਨ ਏਸੇ ਤਰਾਂ ਹੀ ਪੈਹਲੇ ਹਿੰਦੂਆਂ ਦੀ ਇਹੁ ਰਸਮ ਸੀ

ਤੇ ਇਹੀ ਕਾਰਣ ਹੈ ਕਿ ਦੂਸਰੇ ਮਤਵਾਲਿਆਂ ਦਾ ਸਦੀਵ ਹੀ ਜਨੇਊ ਤੋੜਨੇ ਪਰ ਜ਼ੋਰ ਲਗਦਾ ਰਿਹਾ ਔਰੰਗਜ਼ੇਬ ਦਾ ਸਾਰਾਹੀ ਬਲ ਹਿੰਦੂਆਂ ਦੇ ਜਨੇਊਆਂ ਪਰ ਸੀ ਅਕਬਰ ਨੇ ਭੀ ਮਦਾੜ ਵਿਖੇ ਸਾਢੇ ਚੁਹੱਤਰ ਮਨ ਜਨੇਊ ਉਤਰਵਾਕੇ ਆਪਣੀ ਫਤੇ ਦਾ ਡੰਕਾ ਬਜਵਾਯਾ ਸੀ ਜਨੇਊ ਦਾ ਨਾਹੋਣਾ ਅਥਵਾ ਤੋੜਨਾ ਹਿੰਦੂ ਧਰਮ ਨੂੰ ਅਜੇਹਾ ਡੰਗ ਦੇਂਦਾ ਸੀ ਕਿਫੇਰ ਓਹੁ ਪ੍ਰਾਣੀ ਹਿੰਦੂਆਂ ਵਿਖੇ ਮਿਲ ਹੀ ਨਹੀਂ ਸਕਦਾ ਸੀ ਪ੍ਰੰਤੂ ਹਿੰਦੂਆਂ ਦੇ ਸੁਧਾਰ ਤੇ ਖ਼ਾਲਸਾ ਧਰਮ ਦੀ ਜੜ ਧਾਰਨ ਵਿਖੇ ਇਹੁ ਜਨੇਊ ਧਾਰਨ ਦਾ ਪ੍ਰਸ਼ਨ ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁਖ ਬੌਹਤ ਬੁਰਾ ਪ੍ਰਤੀਤ ਹੋਯਾ ਤੇ ਉਸਨੇ ਜਨੇਊ ਪਾਉਣੋਂ ਖ਼ਾਲਸੇ ਨੂੰ ਮਨਾਂ ਕੀਤਾ ਕਿਉਂ ਜੋ ਖਾਲਸਾ ਧਰਮ ਲਈ ਉਸਨੇ ਜਨੇਊ ਦੀ ਰਸਮ ਦੀ ਲੋੜ ਨਾਂ ਵਿਚਾਰੀ ਜਿਸਦਾ ਤਾਤਪ੍ਰਯ ਪ੍ਰਤੱਖ ਹੈ ਜੋ ਇਸ ਰਸਮ ਦੀ ਥਾਂ ਉਸਨੇ ਖਾਲਸਾ ਧਰਮ ਵਿਖੇ ਪਾਹੁਲ ਦੇਣ ਦੀ ਰੀਤ ਚਲਾਈ ਸੀ ਪ੍ਰਸ਼ਨ ਤਾਂ ਇਹੁ ਹੈ ਕਿ ਉਸਨੇ ਜਨੇਊ ਹੀ ਪੈਹਨਣੇ ਦੀ ਰੀਤ ਖਾਲਸਾ ਧਰਮ ਵਿਖੇ ਕਿਉਂ ਨਾਂ ਚਲਾਈ ਪ੍ਰੰਤੂ ਚੇਤੇ ਰਖਣਾ ਲੋੜੀਏ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਕੀਹ ਸੀ ਓਹੁ ਬ੍ਰਾਹਮਣੀ ਧਰਮ ਅਥਵਾ ਖੁਰਾਫਕ ਧਰਮ ਦੇ ਤ੍ਰੀਕੇ ਨੂੰ ਹਿੰਦੂਆਂ ਨੂੰ ਘਾਟਾ ਦੇਣ ਵਾਲੇ ਜਾਣਦਾ ਸੀ ਤੇ ਸਗੋਂ ਘ੍ਰਿਣ ਕਰਦਾ ਸੀ ਅਤੇ ਇਸ ਲਈ ਉੱਦਮ ਕਰਦਾ ਸੀ ਕਿ ਖਾਲਸਾ ਫੇਰ ਪੁਰਾਣੇ ਹੀ ਹਿੰਦੂ ਨਾਂ

ਬਣ ਜਾਵੇ ਜੇਕਰ ਓਹੁ ਕਿਸੇ ਬ੍ਰਾਹਮਣੀ ਤ੍ਰੀਕੇ ਨਾਲ ਖਾਲਸਾ ਧਰਮ ਵਿਖੇ ਮਿਲ ਜਾਣੇ ਦੀ ਰਸਮ ਚਲਾਉਂਦਾ ਤਾਂ ਇਹੁ ਗਲ ਜ਼ਰੂਰ ਸੀ ਕਿ ਓਹੁ ਖ਼ਾਲਸਾ ਧਰਮ ਨੂੰ ਫੇਰ ਡਰ ਵਿੱਚ ਪਾ ਦੇਂਦਾ ਤੇ ਉਸਦੀ ਲਗਾਮ ਉਨ੍ਹਾਂ ਲੋਕਾਂ ਦੇ ਹੱਥੀਂ ਹੀ ਦੇ ਦੇਂਦਾ ਜੇਹੜੇ ਪੈਹਲੇ ਭੀ ਹਿੰਦੂਆਂ ਦੇ ਗਿਰਨ ਦਾ ਕਾਰਣ ਸੇ ਇਹੁ ਕੀਕੂੰ ਹੋਸਕਦਾ ਸੀ ਕਿ ਓਹੁ ਹਿੰਦੂਆਂ ਦੇ ਬ੍ਰਾਹਮਣੀ ਧਰਮ ਦੇ ਬੰਧਨਾਂ ਥੀਂ ਮੁਕਤੀ ਹੋਣ ਦੀ ਇੱਛਾ ਵਾਲਾ ਹੋ ਕਰਕੇ ਫੇਰ ਸਿੱਖਾਂ ਨੂੰ ਉਨ੍ਹਾਂ ਦੇ ਹੀ ਹਵਾਲੇ ਕਰ ਦੇਂਦਾ ਜੇਕਰ ਓਹੁ ਬ੍ਰਾਹਮਣਾਂ ਦੀ ਕੋਈ ਜ਼ਰਾਕੁ ਜਿੰਨੀ ਭੀ ਗਲ ਭੈੜੀ ਯਾ ਰਸਮ ਪਰਵਿਰਤ ਰਖਦਾ ਤਾਂ ਇਹੁ ਗਲ ਅਸੰਭਵ ਸੀ ਕਿ ਓਹੁ ਫਲ ਨੂੰ ਪ੍ਰਾਪਤ ਹੁੰਦਾ ਖ਼ਾਸ ਕਰਕੇ ਜਨੇਊ ਦੀ ਰਸਮ ਨੂੰ ਦੂਰ ਨਾਂ ਕਰਦਾ ਤਾਂ ਸ਼ੂਦਰ ਖੱਤ੍ਰੀ ਨਾਂ ਬਣ ਸਕਦੇ ਤੇ ਨਾਹੀਂ ਓਹੁ ਉੱਚੀਆਂ ਜ਼ਾਤਾਂ ਦੀ ਬਰਾਬਰੀ ਕਰ ਸਕਦੇ ਸੇ ਖ਼ਾਲਸਾ ਧਰਮ ਵਿਖੇ ਇਸ ਰਸਮ ਦੇ ਚਲਦੀ ਰੈਹਣ ਦੇ ਕਾਰਣ ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁਖ ਝਮੇਲਾ ਜੇਹਾ ਵਿਖਾਈ ਦੇਣਾ ਸੀ ਜੇਕਰ ਸ਼ੂਦਰਾਂ ਨੂੰ ਜਨੇਊ ਪਵਾਉਨ ਪਰ ਜ਼ੋਰ ਦਿੱਤਾ ਜਾਂਦਾ ਤਾਂ ਪੈਹਲੇ ਤਾਂ ਬ੍ਰਾਹਮਣੀ ਧਰਮ ਵਾਲੇ ਮੰਨਦੇ ਹੀ ਨਾਂ ਦੂਸਰਾ ਫੇਰ ਉਨ੍ਹਾਂ ਦਾ ਹੀ ਮੁਹਤਾਜ ਤੇ ਮਗਰ ਲਗਣਾਂ ਪੈਂਦਾ ਤੇ ਸਮਾਂ ਪਾਕੇ ਸ਼ੂਦਰ ਫੇਰ ਸ਼ੂਦਰ ਦੇ ਸ਼ੂਦਰ ਹੀ ਰੈਂਹਦੇ ਤੇ ਜੇਹੜੀ ਉੱਨਤੀ ਕੌਮੀ ਖਿਆਲ ਵਿਖੇ ਸੀ ਓਹੁ ਉਤਪਤ ਨਾਂ

ਹੁੰਦੀ ਤੇ ਫਿਰ ਸੰਦੇਹ ਬ੍ਰਾਹਮਣਾਂ ਦੇ ਤਰੀਕੇ ਨਾਲ ਸ਼ੂਦਰਾਂ ਨੂੰ ਉੱਚਪਦ ਪ੍ਰਾਪਤ ਹੋਣਾਂ ਅਸੰਭਵ ਸੀ ਏਸ ਵਾਸਤੇ ਜਨੇਊ ਦੇ ਬੰਧਨ ਨੂੰ ਤੋੜ ਕੇ ਉਸਦੀ ਥਾਂ ਉਸਨੇ ਪਾਹੁਲ ਦਾ ਤਰੀਕਾ ਚਲਾਯਾ ਜੇਹੜੇ ਲੋਕ ਇਸ ਗਲ ਦੇ ਪਿੱਛੇ ਪਏ ਹੋਏ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਧਰਮ ਨੂੰ ਗੁਰੂ ਨਾਨਕ ਦੇਵ ਜੀ ਦੀ ਵਿਚਾਰ ਦੇ ਅਨੁਸਾਰੀ ਤੇ ਅਦਬ ਕਰਨ ਦੀ ਆਗਿਆ ਦਿੱਤੀ ਹੈ ਤੇ ਗੁਰੂ ਨਾਨਕ ਦੇਵ ਜੀ ਜਨੇਊ ਪੈਹਨਾ-ਉਣ ਦੇ ਵਿਸ਼ੇ ਵਿਚ ਅਨਕੂਲ ਸੇ ਇਸ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਭੀ ਉਸਦੇ ਅਨੁਸਾਰ ਚਲਣਾਂ ਲੋੜੀਦਾ ਸੀ ਸੋ ਅਜੇਹੀਆਂ ਨਿਕੰਮੀਆਂ ਵਿਚਾਰਾਂ ਥੀਂ ਕੁਛ ਲਾਭ ਨਹੀਂ ਹੁੰਦਾ ਆਪ ਸ੍ਰੀ ਗੁਰੂ ਨਾਨਕ ਦੇਵ ਨੇ ਪਾਹੁਲ ਦਾ ਤਰੀਕਾ ਵਖਰਾ ਕੀਤਾ ਸੀ ਜਿਸ ਤਰੀਕੇ ਨਾਲ ਓਹੁ ਹਿੰਦੂਆਂ ਨੂੰ ਆਪਣੇ ਸਿੱਖ ਬਣਾਂਉਂਦੇ ਸੇ ਤੇ ਜਨੇਊ ਪੈਹਨਣ ਦੇ ਵਿਰੁੱਧ ਉਨ੍ਹਾਂ ਦੇ ਕਈ ਬਚਨ ਪ੍ਰਸਿੱਧ ਹੈਨ ਭਲਾ ਜੇਕਰ ਔਖੇ ਸੌਖੇ ਹੋਕੇ ਮੰਨ ਭੀ ਲਈਏ ਕਿ ਗੁਰੂ ਨਾਨਕ ਦੇਵ ਜਨੇਊ ਪਾਉਣ ਦੀ ਰਸਮ ਦੇ ਵਿਰੁੱਧ ਨਹੀਂ ਸੇ ਸਗੋਂ ਅਨਕੂਲ ਸੇ ਪਰ ਪ੍ਰਸ਼ਨ ਤਾਂ ਇਹੁ ਹੈ ਕਿ ਗੁਰੂ ਗੋਬਿੰਦ ਸਿੰਘਜੀ ਉਸਦੇ ਅਨਕੂਲ ਸਨ ਯਾ ਪ੍ਰਤਿਕੂਲ ਸਨ ਸੋ ਜਦ ਉਸਦੇ ਬਚਨ ਪ੍ਰਸਿਧ ਹੈਨ ਕਿ ਜਨੇਊ ਨਹੀਂ ਪਾਉਣਾ ਲੋੜੀਏ ਤਾਂ ਫੇਰ ਇਸ ਹੁੱਜਤ ਦਾ ਲਾਭ ਹੀ ਕੀਹ ਹੈ ਕਿ ਗੁਰੂ ਨਾਨਕ ਦੇਵ ਉਸਦੇ ਅਨਕੂਲ ਸਨ ਜਨੇਊ ਦੀ

ਰਸਮ ਦੀ ਥਾਂ ਪਰ ਪਾਹੁਲ ਨੂੰ ਖੱਤ੍ਰੀ ਧਰਮ ਦੀ ਸੂਰਤ ਵਿਖੇ ਦਿਖਾਯਾ ਸੋਈ ਉਨ੍ਹਾਂ ਦੀ ਇੱਛਾ ਸੀ ਸੋ ਇਸ ਵਿਖੇ ਜੇਹੜੇ ਲੋਕੀ ਕੋਸ਼ਸ਼ ਕਰਦੇ ਹਨ ਕਿ ਗੁਰੂ ਗੋਬਿੰਦ ਜੀ ਜਨੇਊ ਪਾਉਣ ਦੇ ਅਨਕੂਲ ਸਨ ਓਹ ਭਾਂ ਨਹੀਂ ਹੋ ਸਕਦੀ ਹੈ ਪ੍ਰੰਤੂ ਜੇਹੜੇ ਲੋਕ ਇਹੁ ਕੋਸ਼ਸ਼ ਕਰਦੇ ਹਨ ਕਿ ਪਾਹੁਲ ਭੀ ਲਈ ਜਾਵੇ ਤੇ ਜਨੇਊ ਭੀ ਪਾਈ ਰਖੀਏ ਤੇ ਖ਼ਾਲਸਾ ਧਰਮ ਭੀ ਬਣੇ ਰਹੀਏ ਸੋ ਗੁਰੂ ਗੋਬਿੰਦ ਸਿੰਘ ਜੀ ਦੇ ਉਦੇਸ਼ ਦੇ ਵਿਰੁਧ ਹੈਨ ਜਿਵੇਂ ਓਹੁ ਚਾਹੁਣ ਤਿਵੇਂ ਕਰਨ ਪ੍ਰੰਤੂ ਇਹੁ ਨਤੀਜਾ ਕਢਣਾਂ ਉਨ੍ਹਾਂ ਦੀ ਭੁੱਲ ਹੈ ਗੁਰੂ ਗੋਬਿੰਦਸਿੰਘ ਜੀ ਜੇ ਖ਼ਾਲਸੇ ਲਈ ਜਨੇਊ ਪੈਹਨਣ ਦੀ ਰਸਮ ਚਲਦੀ ਰੈਹਣ ਦੇਂਦੇ ਤਾਂ ਕੋਈ ਇਸਦੀ ਬਾਬਤ ਲਿਖਤ ਤਾਂ ਜ਼ਰੂਰ ਹੁੰਦੀ ਸੋ ਕੋਈ ਭੀ ਨਜ਼ਰ ਨਹੀਂ ਆਉਂਦੀ ਨਿਰਸੰਦੇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਓਸ ਸਮੇ ਵਿਖੇ ਉਤਪਤ ਹੋਏ ਸੇ ਕਿ ਜਦੋਂ ਮੁਸਲ ਮਾਨਾਂ ਦਾ ਜ਼ੋਰ ਹਿੰਦੂਆਂ ਦੇ ਜਨੇਊ ਲਾਹੁਣ ਪਰ ਚਲ ਰਿਹਾ ਸੀ ਉਸ ਥੀਂ ਪੈਹਲੇ ਭੀ ਮੁਸਲਮਾਨ ਰਾਜੇ ਹਿੰਦੂਆਂ ਦੇ ਜਨੇਊ ਉਤਾਰਨੇ ਪਰ ਤਤਪਰ ਹੋ ਰਹੇ ਸੇ ਕਿਉਂ ਜੋ ਹਿੰਦੂਆਂ ਦਾ ਸਦੀਵ ਨਿਸ਼ਚਾ ਇਹੀ ਰਿਹਾ ਕਿ ਜਨੇਊ ਲੈਹ ਜਾਂਣ ਕਰਕੇ ਓਹੁ ਆਪਣੇ ਧਰਮ ਥੀਂ ਅਜੇਹੇ ਪਤਿਤ ਹੋ ਜਾਂਦੇ ਹੈਨ ਕਿ ਫੇਰ ਓਹੁ ਹਿੰਦੂ ਹੀ ਨਹੀਂ ਬਣ ਸਕਦੇ ਤੇ ਇੱਕ ਪਲ ਭੀ ਬਿਨਾਂ ਜਨੇਊ ਨਹੀਂ ਰੈਂਹਦੇ ਜੇਕਰ ਕਿਸੇ ਪੱਕੇ ਹਿੰਦੂ ਦਾ ਜਨੇਊ

ਸੀ ਅਜੇਹੇ ਖ਼ਾਲਸਾ ਵਿਖੇ ਵਰਨਾਂ ਦਾ ਭੇਦ ਨਹੀਂ ਹੁੰਦਾ ਜਨੇਊ ਦੇ ਨਾਂ ਪੈਹਨਣੇ ਕਰਕੇ ਜਿਸ ਫ਼ਿਰਕੇ ਨੂੰ ਹਿੰਦੂ ਸ਼ੂਦਰ ਤੇ ਕਮੀਨੇ ਜਾਣਦੇ ਸੇ ਉਸਨੂੰ ਗੁਰੂ ਗੋਬਿੰਦ ਸਿੰਘ ਜੀ ਪਾਹੁਲ ਦੇਕੇ ਅਜੇਹਾ ਖ਼ਾਲਸ ਹਿੰਦੂ ਬਨਾਉਂਦਾ ਹੈ ਜੋ ਦ੍ਵਿਜ ਜ਼ਾਤਾਂ ਨਾਲੋਂ ਭੀ ਵਧਕੇ ਸਤਕਾਰ ਜੋਗ ਹੋ ਜਾਂਦਾ ਹੈ ਅਤੇ ਖ਼ਾਲਸਾ ਸਿੱਖਾਂ ਵਿਖੇ ਜਨੇਊ ਪਾਉਨ ਦੀ ਰਸਮ ਦੇ ਏਹੁ ਅਰਥ ਹੋਣਗੇ ਕਿ ਓਹੁ ਸ਼ੂਦਰ ਬਣ ਜਾਣਗੇ ਜੇਕਰ ਜਨੇਊ ਨਾਂ ਪਾਉਣ ਤਾਂ ਜੇਹੜੇ ਸ਼ੂਦਰ ਹਨ ਸੋ ਸ਼ੂਦਰ ਹੀ ਰੈਹਣ ਤਾਂ ਉਨ੍ਹਾਂ ਦੀ ਉਨੱਤੀ ਦਾ ਬੂਹਾ ਫਿਰ ਬਿਲਕੁਲ ਬੰਦ ਕੀਤਾ ਜਾਵੇ ਪ੍ਰੰਤੂ ਏਹ ਗਲ ਨਹੀਂ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਇਸਦੇ ਵਿਰੁਧ ਸੀ ਓਹੁ ਸ਼ੂਦਰਾਂ ਨੂੰ ਖ਼ਾਲਸ ਹਿੰਦੂ ਬਨਾਉਂਦਾ ਸੀ ਤੇ ਖ਼ਾਲਸੇ ਨੂੰ ਹਿੰਦੂਆਂ ਦੀਆਂ ਦ੍ਵਿਜ ਜਾਤਾਂ ਨਾਲੋਂ ਭੀ ਉੱਚੀ ਪਦਵੀ ਦੇਣਾਂ ਚਾਹੁੰਦਾ ਸੀ ਇਸ ਵਾਸਤੇ ਜਨੇਊ ਪਾਉਣ ਦੀ ਵਲ ਖ਼ਾਲਸੇ ਨੂੰ ਲੈਜਾਣਾ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਂ ਉਤਮ ਕੋਸ਼ਸ਼ ਨੂੰ ਨਿਸ਼ਫਲ ਕਰਨ ਦੀ ਹਿੰਮਤ ਕਰਨਾ ਹੈ ਆਪੇ ਹੀ ਪੈਹਲੇ ਹਿੰਦੂਆਂ ਵਿਖੇ ਬਿਨਾਂ ਜਨੇਊ ਦੇ ਪੁਰਖਾਂ ਦੇ ਬੌਹਤ ਫ਼ਿਰਕੇ ਹਨ ਤੇ ਓਹੁ ਦ੍ਵਿਜਾਂ ਥੀਂ ਘਟ ਇਜ਼ਤ ਤੇ ਛੋਟੇ ਪਦਪਰ ਨਹੀਂ ਹਨ ਸਗੋਂ ਕੁਛ ਵੱਧ ਹੀ ਹੈਨ ਫੇਰ ਜੇਕਰ ਖ਼ਾਲਸਾ ਬਿਨਾਂ ਜਨੇਊ ਰਹੇ ਤਾਂ ਹਿੰਦੂਆਂ ਦਾ ਇਸ ਵਿਖੇ ਕੀਹ ਘਾਟਾ ਹੈ ਖ਼ਬਰੇ ਇਹੁ ਨੁਕਸਾਨਤਾਂ ਹੈ ਕਿ

ਹਿੰਦੂਆਂ ਦੇ ਵਾਸਤੇ ਇਕੋ ਜੇਹੀ ਰਸਮ ਹਿੰਦੂ ਪਨ ਵਿਖੇ ਮਿਲਣੇ ਦੀ ਨਹੀਂ ਰਹੇਗੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਧਰਮ ਵਾਸਤੇ ਕੇਵਲ ਪਾਹੁਲ ਹੀ ਲੈਣਾ ਨਿਯਤ ਹੈ ਤੇ ਉਸਦੀ ਇਜ਼ਤ ਇਸ ਵਿਖੇ ਹੈ ਕਿ ਉਸਦੇ ਉਦੇਸ਼ ਨੂੰ ਦ੍ਰਿਸ਼ਟੀ ਗੋਚਰ ਨਾਂ ਕੀਤਾ ਜਾਵੇ ਗੁਰੂ ਗੋਇੰਦ ਸਿੰਘ ਜੀ ਦੀ ਪੌਹਲ ਤੇ ਹਿੰਦੂਆਂ ਦੀ ਪ੍ਰਾਚੀਨ ਰਸਮ ਜਗਯੋਪਵੀਤ ਵਿਖੇ ਭੇਦ ਦਿਸਦਾ ਹੈ ਜਨੇਊ ਪਵਾਕੇ ਸ਼ੂਦਰ ਨੂੰ ਦ੍ਵਿਜ ਨਹੀਂ ਬਣਾ ਸਕਦੇ ਤੇ ਉਨ੍ਹਾਂ ਦੇ ਨਿਯਮਾਂਨੁਸਾਰ ਜੇਕਰ ਕੋਈ ਸ਼ੂਦਰ ਵਿਦਵਾਨ ਤੇ ਭਲੇ ਕਰਮ ਕਰਦਾ ਹੋਵੇ ਤਾਂ ਸ਼ਾਇਦ ਕੋਈ ਉੱਚੀ ਪਦਵੀ ਪਾਲਵੇ ਪ੍ਰੰਤੂ ਕੇਵਲ ਜਨੇਊ ਪੈਹਰਣੇ ਕਰਕੇ ਓਹੁ ਦ੍ਵਿਜਾਂ ਦੀ ਕੋਈ ਪਦਵੀ ਨਹੀਂ ਪਾਸਕਦਾ ਇਹੁ ਤਾਂ ਗਲਹੀ ਅਸ਼ੰਭਵ ਹੈ ਕਿ ਹਿੰਦੂ ਦੂਸਰੀ ਕੌਮ ਨੂੰ ਜਨੇਊ ਪਵਾਕੇ ਹਿੰਦੂ ਬਣਾ ਸਕਨ ਪ੍ਰੰਤੂ ਖਾਲਸਾ ਧਰਮ ਦੀ ਪਹੁਲ ਸ਼ੂਦਰਾਂ ਨੂੰ ਖ਼ਾਲਸ ਹਿੰਦੂ ਬਣਾ ਸਕਦੀ ਹੈ ਤੇ ਦੂਸਰੇ ਧਰਮਾਂ ਵਾਲਿਆਂ ਨੂੰ ਭੀ ਖਾਲਸਾ ਸਜਾਵਣ ਦਾ ਦਾਵਾ ਕਰਦੀ ਹੈ ਜੋ ਹਿੰਦੂਆਂ ਦੀ ਜਨੇਊ ਦੂਸਰੇ ਮਤਵਾਲਿਆਂ ਨੂੰ ਤਾਂ ਹਿੰਦੂ ਨਹੀਂ ਬਨਾ ਸਕਦੀ ਪ੍ਰੰਤੂ ਖਾਲਸਾ ਦੀ ਪਾਹੁਲ ਉਨ੍ਹਾਂ ਨੂੰ ਖਾਲਸਾ ਹਿੰਦੂ ਬਣਾਕੇ ਹਿੰਦੂਆਂ ਦਾ ਹਮਦਰਦ ਤੇ ਭਲਾ ਚਾਹੁਣ ਵਾਲਾ ਅਤੇ ਅੰਗ ਬਣਾ ਸਕਦੀ ਹੈ ਤੇ ਹਿੰਦੂਆਂ ਦੇ ਜਨੇਊ ਧਾਰਨ ਦੀ ਰਸਮ ਨੇ ਜੋ ਕੁਛ ਹਿੰਦੂਆਂ ਦਾ ਨੁਕਸਾਨ

ਕੀਤਾ ਸੀ ਉਸਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਪਾਹੁਲ ਨੇ ਫੇਰ ਖੜਾ ਕੀਤਾ ਇਸ ਵਾਸਤੇ ਜੇਹੜੇ ਹਿੰਦੂ ਜਨੇਊ ਧਾਰਦੇ ਸੇ ਉਨ੍ਹਾਂ ਨੂੰ ਗੁਰੂ ਜੀ ਨੇ ਬੰਦ ਨਹੀਂ ਸੀ ਕੀਤਾ ਪ੍ਰੰਤੂ ਜੇਹੜਾ ਖ਼ਾਲਸਾ ਪੈਹਰਦਾ ਸੀ ਉਸਨੂੰ ਤਾਂ ਸਖ਼ਤ ਆਗਿਆ ਸੀ ਕਿ ਜਗਯੋ ਪਵੀਤ ਨਾਂ ਪਾਵੇ ਅਤੇ ਹਿੰਦੂਆਂ ਦੀ ਇਸ ਰਸਮ ਦੀ ਰਖਜਾ ਲਈ ਸਿਖਾਂ ਨੂੰ ਉਪਦੇਸ਼ ਦੇਂਦੇ ਰਹੇ ॥

ਅੰਮ੍ਰਿਤਸਰ ਵਿਖੇ ਖਾਲਸੇ ਲਈ ਕਦੇ ਕਦੇ ਜਾਣ ਤੇ ਵਰਹੇ ਵਿਚ ਦੋ ਵਾਰੀ ਜਾਕੇ ਸ੍ਰੀ ਦਰਬਾਰ ਸਾਹਿਬ ਜੀ ਇਸ਼ਨਾਨ ਕਰਨ ਦੀ ਜੋ ਆਗਿਆ ਸੀ ਸੋ ਭੀ ਹਿਕਮਤ ਥੀਂ ਖ਼ਾਲੀ ਨਹੀਂ ਸੀ ਸਗੋਂ ਇਸਦਾ ਬੜਾ ਤਾਤਪਰਯ ਏਹੁ ਸੀ ਕਿ ਓਥੇ ਸੰਗਤ ਕਈ ਥਾਵਾਂ ਥੀਂ ਆਕੇ ਇਕੱਤ੍ਰ ਹੋਵੇਗੀ ਤੇ ਇੱਕ ਦੂਸਰੀ ਦੀ ਜਾਣੂ ਬਣੇਗੀ ਸੋ ਇਸ ਜਾਣੂ ਬਣਾਉਣ ਲਈ ਭੀ ਅਵਸ਼ਕਤਾ ਥਾਂਦੀ ਅਤਯੰਤ ਸੀ ਕਿ ਜਿਸ ਥਾਉਂ ਨੂੰ ਖਾਲਸਾ ਜੀ ਆਪਣਾ ਪਵਿੱਤ੍ਰ ਤੀਰਥ ਜਾਣੇ ਅੰਮ੍ਰਿਤਸਰ ਜੀ ਥੀਂ ਵਧੀਕ ਪਵਿਤ੍ਰ ਤੇ ਦਰਬਾਰ ਸਾਹਿਬ ਜੀ ਨਾਲੋਂ ਪੁਨੀਤ ਅਸਥਾਨ ਖਾਲਸੇ ਜੀ ਲਈ ਹੋਰ ਕੇਹੜਾ ਹੋਸਕਦਾ ਸੀ ਸੋ ਇਕ ਅਸਥਾਨ ਨਿਯਤ ਕਰਨ ਦੀ ਅਵਸ਼ ਲੋੜਸੀ ਮੁਸਲਮਾਨਾਂ ਨੇ ਆਪਣਾ ਨਮਸਕਾਰ ਦਾ ਅਸਥਾਨ ਕਾਬਾ ਨਿਯਤ ਕੀਤਾ ਹੋਯਾ ਹੈ ਤੇ ਈਸਾਈਆਂ ਵਾਸਤੇ ਯੂਰੋਸ਼ੁਲਮ ਦੇ ਲੈਣ ਲਈ ਯੂਰੁਪਵਾਲੇ ਈਸਾਈਆਂ ਦੀ ਮਿਲਵੀ ਕੋਸ਼ਸ਼ਾਂ

ਓ ਧਰਮ ਜੁੱਧ ਮੁਸਲਮਾਨਾਂ ਦੇ ਤੁਰਕੀ ਦੇ ਵਿਰੁਧ ਤਵਾਰੀਖ਼ਾਂ ਵਿਖੇ ਲਿਖੇ ਹਨ ਹਰ ਧਰਮ ਦੇ ਲੋਕਾਂ ਵਾਸਤੇ ਕੋਈ ਨਾਂ ਕੋਈ ਪਵਿਤ੍ਰ ਅਸਥਾਨ ਨਿਯਤ ਹੁੰਦਾ ਚਲਾ ਆਯਾ ਹੈ ਸੋ ਗੁਰੂ ਗੋਬਿੰਦ ਸਿੰਘ ਜੀ ਨੇ ਭੀ ਖਾਲਸਾ ਧਰਮ ਦਾ ਨਿਸ਼ਾਨ ਮਧਜਾਨ ਅਸਥਾਨ ਅੰਮ੍ਰਿਤਸਰ ਨੂੰ ਨਿਯਤ ਕੀਤਾ ਜਿਸ ਨੂੰ ਸਿਖ ਪ੍ਰਾਚੀਨ ਸਮੇ ਥੀਂ ਪਵਿਤ੍ਰ ਗਿਣਦੇ ਆਏ ਹਨ ਅੰਮ੍ਰਿਤਸਰ ਨੂੰ ਨਿਯਤ ਕਰਨ ਦਾ ਕਾਰਨ ਇਕ ਹੋਰ ਭੀ ਸੀ ਕਿ ਬਹਾਦਰ ਸਿੰਘ ਇਸ ਮਧਜਸਥਾਨ ਨੂੰ ਛੱਡਕੇ ਕੋਈ ਹੋਰ ਸਥਾਂਨ ਤੀਰਥਾਂ ਦਾ ਨਾਂ ਸਥਾਪਤ ਕਰਲਵੇ ਇਸ ਕਰਕੇ ਆਪੇਹੀ ਇਹੁ ਨਿਰਣੈ ਕਰ ਦਿੱਤਾ ਕਿ ਪਵਿੱਤ੍ਰ ਤੀਰਥ ਸਥਾਨ ਸਿੰਘ ਦਾ ਅੰਮ੍ਰਿਤਸਰ ਜੀ ਹੋਵੇਗਾ॥

ਖ਼ਾਲਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਮੁਸਲਮਾਨਾਂ (ਜਿਨਾਂ ਨੂੰ ਤੁਰਕ ਭੀ ਆਖਦੇ ਹਨ) ਰਾਜਿਆਂ ਨੂੰ ਹਿੰਦੁਸਤਾਂਨ ਥੀਂ ਕੱਢਨਾਂ ਉੱਚ ਨਿਯਮ ਨਿਯਤ ਕੀਤਾ ਸੀ ਤੇ ਇਹੀ ਗਲ ਕਰਨ ਵਾਸਤੇ ਖਾਲਸਾ ਧਰਮ ਦੀ ਨਿਉਂ ਰਖੀ ਗਈ ਸੀ ਏਸ ਕਰਕੇ ਉਸਨੇ ਇਹੁ ਭੀ ਹੁਕਮ ਨਾਮੇ ਵਿਖੇ ਉਪਦੇਸ਼ ਦੇ ਦਿੱਤਾ ਸੀ ਕਿ ਮੁਸਲਮਾਨਾਂ ਦਾ ਨਾਸ਼ ਕਰਨਾ ਚਾਹੀਏ ਸੋ ਦੇਖ ਲਵੋ ਸਿੰਘਾਂ ਦੇ ਕਾਰ ਨਾਮੇ ਸਾਖੀ ਹਨ ਕਿ ਉਨ੍ਹਾਂ ਨੇ ਬੜੇ ਬੜੇ ਕਸ਼ਟ ਭੀ ਸਿਰ ਪਰ ਸਹਾਰ ਕੇ ਇਸ ਬਚਨ ਨੂੰ ਸੀਮ ਤਕ ਪੁਚਾਯਾ ਤੇ ਪੂਰਾ ਕੀਤਾ॥

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਸਾਫ਼ ਆਗਿਆ ਕੀਤੀ ਕਿ ਓਹੁ ਕਿਸੇ ਕੀਤੀ ਹੋਈ ਚੀਜ਼ ਦੀ ਪੂਜਾ ਨਾਂ ਕਰੇ ਤੇ ਹਿੰਦੂਆਂ ਦੀ ਤਰਾਂ ਮੜੀ, ਕਬਰਾਂ ਨਾਂ ਪੂਜੇ ਪ੍ਰੰਤੂ ਹੁਣਦੇ ਸਮੇ ਦੇ ਸਿਖ ਆਪਣੇ ਗੁਰੂ ਆਸ਼ੇ ਦੇ ਵਿਰੁਧ ਗ੍ਰੰਥ ਸਾਹਿਬ ਦੀ ਪੂਜਾ ਕਰਦੇ ਹਨ ਅਤੇ ਹਿੰਦੂਆਂ ਦੀ ਤਰਾਂ ਜਿਵੇਂ ਓਹੁ ਮੂਰਤੀ ਆਂ ਸਾਹਮਣੇ ਆਰਤੀ ਉਤਾਰਦੇ ਹਨ ਖਾਲਸਾ ਗੁਰੂ ਗ੍ਰੰਥ ਸਾਹਿਬ ਜੀ ਦੀ ਆਰਤੀ ਉਤਾਰਦਾ ਹੈ ਤੇ ਸਗੋਂ ਬੇਓੜਕੀਆਂ ਹੀ ਮੜੀਆਂ ਤੇ ਮਕਾਨ ਬਣਾ ਬਣਾ ਕੇ ਪੂਜਾ ਦਾ ਸਿਲਸਿਲਾ ਨਿਯਤ ਕਰ ਰਖਿਆ ਹੈ ਤੇ ਦੂਸਰੇ ਧਰਮ ਵਾਲਿਆਂ ਦਿਆਂ ਮੁਕਬਰਿਆਂ ਤੇ ਮੜ੍ਹੀਆਂ ਨੂੰ ਭੀ ਪੂਜਦੇ ਹਨ ਜੇਹਾਕੁ ਨਿਗਾਹੇ ਪੀਰ ਮਸ਼ਹੂਰ ਸਖ਼ੀ ਸਰਵਰ ਦੀ ਕਬਰ ਪਰ ਲੱਖਾਂ ਹੀ ਸਿਖ ਪੂਜਾ ਕਰਨ ਵਾਸਤੇ ਸਾਲ ਦੇ ਸਾਲ ਜਾਂਦੇ ਹਨ ਖਾਲਸੇ ਨੂੰ ਤਾਂ ਚਾਹੀਦਾ ਸੀ ਕਿ ਖ਼ਬਰਦਾਰ ਹੁੰਦੇ ਤੇ ਆਪਣੇ ਗੁਰੂ ਦੇ ਉਦੇਸ਼ ਦੇ ਅਨੁਸਾਰ ਅਗਾਹਾਂ ਨੂੰ ਪੈਰ ਵਧਾਉਂਦੇ ਸਗੋਂ ਇਹੁ ਤਾਂ ਪੁੱਠੇ ਹੀ ਤੁਰਪਏ ॥

ਖਾਲਸੇ ਨੂੰ ਬਾਕੀ ਹਿੰਦੂਆਂ ਵਿੱਚੋਂ ਭੀ ਭੇਦੀ ਕਰਨ ਵਾਸਤੇ ਉਨ੍ਹਾਂ ਦੀ ਪ੍ਰਣਾਮ ਦਾ ਤ੍ਰੀਕਾ ਭੀ ਵਟਾ ਦਿੱਤਾ ਅਤੇ ਆਗਿਆ ਕੀਤੀ ਕਿ ਓਹੁ ਕਿਸੇ ਪੁਰਖ ਨੂੰ ਪ੍ਰਣਾਂਮ ਨਾਂ ਕਰਨ ਪਰ ਬਿਨਾਂ ਵਾਹਿ ਗੁਰੂ ਜੀ ਕਾਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫ਼ਤੇ ਕਿਸੇ ਨੂੰ ਨਾਂ ਬੁਲਾਂਵਣ, ਇਸ ਵਿਖੇ ਭੀ ਇਕ ਛੋਟਾ ਜੇਹਾ ਭੇਦ ਹੈ

ਕਿ ਕੀਹ ਇਹੁ ਸਾਰਾ ਹੀ ਬੋਲ ਪ੍ਰਣਾਮ ਦਾ ਅਥਵਾ ਇਸ ਦਾ ਕੋਈ ਅੰਗ ਗੁਰੂ ਗੋਬਿੰਦ ਸਿੰਘ ਜੀ ਨੇ ਨਿਯਤ ਕੀਤਾ ਸੀ ਪਰ ਸਾਨੂੰ ਇਸ ਬਚਨ ਪਰ ਬੈਹਸ ਕਰਨ ਦੀ ਲੋੜ ਨਹੀਂ ਇਨ੍ਹਾਂ ਸ਼ਬਦਾਂ ਦੇ ਅਰਥ ਤਾਂ ਪ੍ਰਸਿੱਧ ਹੈਨ ਕਿਸੇ ਪ੍ਰਕਾਰ ਕਰਕੇ ਵਰਣਨ ਕਰਨ ਦੀ ਲੋੜ ਨਹੀਂ ਪਰ ਤਾਂ ਭੀ ਇਕ ਦੋ ਪਾਸਿਆਂ ਥੀਂ ਇਸ ਦਾ ਨਿਰਣਾਂ ਕਰਨਾਂ ਭੀ ਚੰਗਾ ਪ੍ਰਤੀਤ ਹੁੰਦਾ ਹੈ ਵਾਹਿਗੁਰੂ ਥੀਂ ਈਸ਼੍ਵਰ ਦੀ ਮੁਰਾਦ ਹੈ ਜਿਸਦਾ ਸਾਰਾ ਨਿਰਣਾ ਕਿਸੇ ਹੋਰ ਥਾਂ ਪਰ ਕੀਤਾ ਗਿਆ ਹੈ ਇਸਦਾ ਇਕ ਤਾਂ ਅਰਥ ਇਹੁ ਹੈ ਕਿ ਖਾਲਸਾ ਵਾਹਿ ਗੁਰੂ ਦਾ ਹੈ ਅਰਥਾਤ ਵਾਹਿ ਗੁਰੂ ਦਾ ਖਾਲਸਾ ਉੱਤਮ ਤੇ ਚੰਗਾ ਧਰਮ ਹੈ ਤੇ ਦੂਸਰੇ ਅੰਗ ਦਾ ਇਹੁ ਪ੍ਰਯੋਜਨ ਹੈ ਕਿ ਵਾਹਿ ਗੁਰੂ ਦੀ ਫ਼ਤੇ ਹੋਵੇ ਤੇ ਸੁਭਾਇਮਾਨ ਕਰਨੇ ਕਰਕੇ ਜੀ ਪਦ ਲਾਯਾ ਗਿਆ ਹੈ ਅਰਥਾਤ ਸਦੀਵਹੀ ਈਸ਼੍ਵਰ ਦੇ ਆਗਿਆ ਅਨੁਸਾਰੀ ਰਹੀਏ ਉਸਨੂੰ ਸਰਬ ਵਿਆਪਕ ਜਾਣ ਕੇ ਉਸਦੀ ਸਦਾਹੀ ਜੈ ਮਨਾਈਏ ਦੂਸਰਾ ਜੀ ਦੇ ਅਰਥ ਜੀਵ ਦੇ ਕਰਦੇ ਹਨ ਤੇ ਇਉਂ ਅਰਥ ਕਰਦੇ ਹਨ ਕਿ ਹੇ ਈਸ਼੍ਵਰ (ਵਾਹਿ ਗੁਰੂ) ਜੀਉਦੀ ਫ਼ਤੇ ਹੋਵੇ ਅਰਥਾਤ ਓਹੁ ਮੁਕਤੀ ਪਾਵੇ ਅਥਵਾ ਖਾਲਸਾ ਦੀ ਵਾਹਿ ਗੁਰੂ ਦੀ ਕ੍ਰਿਪਾ ਨਾਲ ਫ਼ਤੇ ਹੋਵੇਗੀ ਇਸਦੇ ਦੋਹੀ ਅਰਥ ਕਰਦੇ ਹਨ ਇਕ ਤਾਂ ਇਹੁ ਕਿ ਜੀਉ ਮੁਕਤੀ ਪਾਵੇ ਦੂਸਰਾ ਇਹੁ ਕਿ ਜੀਉ ਆਪਣੇ ਉਦੇਸ਼ ਨੂੰ ਪੂਰਨ ਕਰੇ ਇਕ ਹੋਰ

ਤਰਾਂ ਭੀ ਆਖਦੇ ਹਨ ਕਿ ਸਤਜੁਗ ਵਿਖੇ ਕੇਵਲ ਪ੍ਰਣਾਮ ਵਾਸ਼ਦੇਵ ਵਾਸ਼ਦੇਵ ਹੀ ਕਰਦੇ ਸਨ ਦ੍ਵਾਪੁਰ ਵਿਖੇ ਹਰੀ ਹਰੀ ਸੀ ਤ੍ਰੇਤੇ ਵਿਖੇ ਗੋਬਿੰਦ ਗੋਬਿੰਦ ਸੀ ਤੇ ਕਲ ਜੁਗ ਵਿਖੇ ਰਾਮ ਰਾਮ ਹੈ ਅਥਵਾ ਇਹੁ ਕਿ ਚੌਹਾਂ ਤ੍ਰੀਕਿਆਂ ਨਾਲ ਹੀ ਹਿੰਦੂ ਪ੍ਰਣਾਮ ਕਰਿਆ ਕਰਦੇ ਸੇ ਜੇਹੋ ਜੇਹਾ ਹੁਣ ਭੀ ਕਰਦੇ ਹਨ ਇਸ ਵਾਸਤੇ ਸਭਨਾਂ ਦਾ ਪੈਹਲਾਂ ਅਖਰ ਲੈ ਕਰਕੇ ਵਾਹਿ ਗੁਰੂ ਬਨਾਂ ਦਿੱਤਾ ਅਰਥਾਤ ਈਸ਼੍ਵਰ ਦੇ ਕਈ ਪ੍ਰਕਾਰਦੇ ਨਾਵਾਂ ਨੂੰ ਇਕੱਤ੍ਰ ਕਰਕੇ ਉਸਦੀ ਫ਼ਤੇ ਦੀ ਪ੍ਰਣਾਮ ਨਿਯਤ ਕਰ ਦਿੱਤੀ ਇਸ ਵਾਦ ਦੀ ਲੋੜ ਨਹੀਂ ਕਿ ਕੇਹੜਾ ਅਰਥ ਠੀਕ ਹੈ ਪ੍ਰੰਤੂ ਇਸ ਵਿਖੇ ਭੀ ਸੰਦੇਹ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨਮਸਕਾਰ ਦਾ ਅਜੇਹਾ ਢੰਗ ਨਿਯਤ ਕੀਤਾ ਜੇਹੜਾ ਹਿੰਦੂਆਂ ਵਿਖੇ ਪੈਹਲੇ ਕਦੇਭੀ ਨਹੀਂ ਸੀ ਹੋਯਾ ਭਾਵੇਂ ਇਸ ਦਾ ਮਤਲਬ ਇਹੀ ਹੈ ਜੋ ਜੈ ਗੋਬਿੰਦ ਜੈ ਗੋਪਾਲ ਜੈ ਹਰੀ ਤੇ ਜੈ ਰਾਮ ਦੀ ਹੋਵੇ ਸਭ ਹਿੰਦੂ ਜੈ ਪਦਹੀ ਪੂਰਬ ਵਿਖੇ ਸਥਾਪਤ ਕਰਦੇ ਹਨ ਗੁਰੂ ਗੋਬਿੰਦ ਸਿੰਘ ਜੀ ਨੇ ਉਸਦੀ ਥਾਂ ਫ਼ਤੇ ਦਾ ਪਦ ਅੰਤ ਵਿਖੇ ਸਥਾਪਤ ਕੀਤਾ ਸ਼ਬਦ ਵਾਹਿ ਗੁਰੂਜੀਦਾ ਖਾਲਸਾ ਦੇ ਅਰਥ ਸਪਸ਼ਟ ਇਹੀ ਹਨ ਕਿ ਖਾਲਸਾ ਵਾਹਿ ਗੁਰੂ ਦਾ ਬਨਾਯਾ ਹੋਯਾ ਹੈ ਗੁਰੂ ਗੋਬਿੰਦ ਸਿੰਘ ਨੇ ਅਪਣਤ ਦਾ ਰੰਚਕ ਮਾਤ੍ਰਭੀ ਭੇਦ ਨਹੀਂ ਧਾਰਿਆ ਤਮਾਕੂ ਵਲੋਂ ਜੋ ਮਨਾਹੀ ਹੈ ਉਸਦਾ ਵਿਸੇਸ਼ ਕਰਕੇ ਇਹੀ ਕਾਰਨ ਪ੍ਰਤੀਤ ਹੁੰਦਾ ਹੈ

ਇਹੁ ਤਮਾਕੂ ਭੀ ਨਸ਼ੇ ਵਾਲੀਆਂ ਚੀਜ਼ਾਂ ਵਿਖੇ ਗਿਨਦੇ ਹੈਨ, ਭਲਾ ਇਹੁ ਕਦੇ ਹੋਸਕਦਾ ਹੈ ਕਿ ਖਾਲਸਾ ਜੀ ਮਦਵਾਲੀ ਚੀਜ਼ ਨੂੰ ਅੰਗੀਕਾਰ ਕਰਨ ਤੇ ਇਸ ਥੀਂ ਵਧੀਕ ਇਹੁ ਭੀ ਗਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਇਸ ਨੂੰ ਤੰਦਰੁਸਤੀ ਵਿਖੇ ਖ਼ਰਾਬੀ ਕਰਨ ਵਾਲੀ ਚੀਜ਼ ਜਾਣਦੇ ਸੇ ਹੋਸਕਦੀ ਹੈ ਕਿ ਇਸੇ ਵਿਚਾਰ ਕਰਕੇ ਇਸ ਵਲੋਂ ਸਿਖਾਂ ਨੂੰ ਮਨਾਂ ਕੀਤਾ ਹੋਵੇ ਇਕ ਹੋਰ ਗਲੋਂ ਭੀ ਮਨਾ ਕੀਤਾ ਹੈ ਸੀ ਕਿ ਇਹੁ ਇਕ ਰਵਾਜ ਹਿੰਦੂਆਂ ਦੇ ਵਿਖੇ ਪੈਗਿਆ ਸੀ ਕਿ ਜਿਸਦੇ ਕਾਰਨ ਹਿੰਦੂ ਵਿਰੁਧ ਧਰਮ ਤੇ ਰਸਮਾਂ ਵਿਖੇ ਗੁੱਸੇ ਨੂੰ ਧਾਰਨ ਕਰ ਲੈਂਦੇ ਸੇ ਤੇ ਉਸਦਾ ਹੁੱਕਾ ਬਰਾਦਰੀ ਥੀਂ ਬੰਦ ਕਰ ਦੇਂਦੇ ਸੇ ਤੇ ਹੁੱਕੇ ਦੀ ਅਉ ਭਗਤ ਉਨ੍ਹਾਂ ਵਿਖੇ ਅਜੇਹੀ ਧਸਗਈ ਸੀ ਕਿ ਪਰਾਹੁਣੇ ਦੀ ਸਭ ਨਾਲੋਂ ਪੈਹਲੇ ਹੁੱਕੇ ਦੀਹੀ ਪੁੱਛ ਕਰਕੇ ਪਰਾਹੁਣਤਾਈ ਕੀਤੀ ਜਾਂਦੀ ਸੀ ਸੋ ਜੇਕਰ ਖਾਲਸੇ ਵਿਖੇ ਇਸ ਤਮਾਕੂ ਦੀ ਰਸਮ ਹੁੰਦੀ ਤਾਂ ਸੰਦੇਹ ਸੀ ਕਿ ਹਿੰਦੂ ਕੌਮ ਖਾਲਸੇ ਨੂੰ ਆਪਣੇ ਧਰਮ ਦੇ ਵਿਰੋਧੀ ਪਾਕਰਕੇ ਉਨ੍ਹਾਂ ਦੇ ਹੁੱਕੇ ਬਰਾਦਰੀ ਥੀਂ ਛੇਕ ਦੇਂਦੀ ਤੇ ਵਿਰੋਧਤਾਈ ਦਾ ਬਾਜ਼ਾਰ ਫੇਰ ਗਰਮ ਨਾਂ ਹੁੰਦਾ ਫਿਰਦਾ ਇਹੁ ਹੀ ਚੰਗੀ ਵਿਚਾਰੀ ਕਿ ਖਾਲਸੇ ਨੂੰ ਹੁੱਕਾ ਪੀਣੋਂ ਹੀ ਵਰਜ ਦਿੱਤਾ ਤੇ ਇਹੁ ਭੀ ਹੋਸਕਦੀ ਹੈ ਕਿ ਹੁੱਕਾ ਪੀਣ ਕਰਕੇ ਪੁਰਖ ਸੁਸਤ ਹੋਜਾਂਦਾ ਹੈ ਸੋ ਗੁਰੂ ਜੀ ਨੇ ਇਹੁ ਵਿਚਾਰ ਕੇ ਕਿ ਸਿੰਘਾਂ ਵਿਚ ਸੁਸਤੀ ਦੀ ਸੁਭਾ

ਨਾਂ ਪੈਜਾਵੇ ਇਸਵਾਸਤੇ ਭੀ ਮਨਾਂ ਹੀ ਕੀਤਾ ਧਾਰਮਕ ਬਾਤਾਂ ਵਿਖੇ ਗੁਰੂ ਗੋਬਿੰਦ ਸਿੰਘ ਜੀ ਆਪਣੇ ਪੈਹਲੇ ਨਵਾਂ ਗੁਰਾਂ ਦੇ ਅਨੁਸਾਰ ਹੀ ਚਲਣਾ ਚਾਹੁੰਦੇ ਸੀ ਤੇ ਚਲਦੇ ਭੀ ਰਹੇ ਸਭਨਾ ਪੈਹਲਿਆਂ ਗੁਰੂਆਂ ਦਾ ਸਤ ਕਾਰ ਰੱਖਨ ਦੇ ਲਈ ਖਾਲਸੇ ਨੂੰ ਬੜੀ ਕਰੜੀ ਆਗਿਆ ਦਿੱਤੀ ਤੇ ਇਸ ਨੂੰ ਮੂਲ ਨਿਯਮਾਂ ਵਿਖੇ ਧਰਿਆ ਕਿ ਗੁਰੂ ਨਾਨਕ ਦੇਵ ਨੂੰ ਸਦੀਵ ਹੀ ਆਪਣਾਂ ਗੁਰੂ ਜਾਣੋ ਤੇ ਸਦੀਵ ਹੀ ਤਿਨਾਂ ਦੇ ਉਪਦੇਸ਼ਾਂ ਨੂੰ ਧਾਰਣ ਕਰੋ ਇਹੀ ਖਾਲਸੇ ਦਾ ਪਰਮ ਧਰਮ ਹੈ ਇਸ ਥੀਂ ਪ੍ਰਤੱਖ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਗੁਰੂ ਨਾਨਕ ਦੇਵ ਜੀ ਦੀ ਇੱਛਾ ਹੋਰ ਕੋਈ ਨਵੀਨ ਧਰਮ ਅਥਵਾ ਪੰਥਸਜਾਉਣ ਦੀ ਨਹੀਂ ਸੀ ਇਸੇ ਤਰਾਂ ਹੀ ਗੁਰੂ ਗੋਬਿੰਦ ਸਿੰਘ ਜੀ ਦੀਭੀ ਇੱਛਾ ਕੋਈ ਨਵੀਨ ਵਖਰਾ ਮਤ ਬਨਾਉਂਨ ਦੀ ਨਹੀਂ ਸੀ ਓਹ ਤਾਂ ਸਗੋਂ ਹਿੰਦੂਆਂ ਨੂੰ ਇੱਕਤ੍ਰ ਕਰਨ ਆਏ ਸੇ ਨਾ ਕਿ ਉਨ੍ਹਾਂ ਵਿਖੇ ਹੋਰ ਭੇਦ ਪਾਉਣ ਲਈ ਆਏ ਸੇ ਗੁਰੂ ਨਾਨਕ ਦੇਵ ਜੀ ਨੇ ਈਸ਼੍ਵਰ ਭਗਤੀ ਪਰ ਜ਼ੋਰ ਦਿੱਤਾ ਸੀ ਸੋਈ ਈਸ਼੍ਵਰ ਭਗਤੀ ਦ੍ਰਿੜਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਭੀ ਤਾਕੀਦ ਕੀਤੀ ਅਤੇ ਇਹੁ ਅਮੋਲਕ ਨਿਯਮ ਖਾਲਸਾ ਧਰਮ ਲਈ ਨਿਯਤ ਕੀਤਾ ਕਿ ਖਾਲਸੇ ਦਾ ਧਰਮ ਇਹ ਹੋਵੇਗਾ ਕਿ ਈਸ਼੍ਵਰ ਦੀ ਸਹਾਈ ਤੇ ਭਰੋਸੇ ਨਾਲ ਸਭ ਕਰਮਾਂ ਨੂੰ ਧਾਰਕੇ ਭਗਤੀ ਕਰਨ ਪ੍ਰੰਤੂ ਈਸ਼੍ਵਰ ਦੀ ਸਹਾਇਤਾ ਤੇ ਵਿਆਪਕਤਾ ਨੂੰ ਕਿਸੇ

ਪ੍ਰਕਾਰ ਕਰਕੇ ਗਵਾਹੀ ਨਾਂ ਬੈਠਣ ਕੇਵਲ ਇਕ ਈਸ੍ਵਰ ਦੀ ਹੀ ਭਗਤੀ ਕਰਨ ਅਰਥਾਤ ਸ਼ੁਭ ਕਰਮਾਂ ਨੂੰ ਧਾਰਕੇ ਅਕਾਲ ਪੁਰਖ ਦੀ ਭਗਤੀ ਭਜਨ ਕਰਨ ਕੇਵਲ ਰਸਮੀ ਤੌਰ ਪਰ ਭਜਨ ਕਰਨੋਂ ਖਾਲਸੇ ਨੂੰ ਬੰਦ ਕੀਤਾ ਹੈ ਤੇ ਉਨ੍ਹਾਂ ਲਈ ਮੁਕਤੀ ਦਾ ਵਿਦਤ ਸੈਹਜ ਤ੍ਰੀਕਾ ਜੋ ਅਸਲ ਵਿਖੇ ਸਭ ਨਾਲੋਂ ਕਠਿਨ ਹੈ ਖੱਤ੍ਰਤਾ ਧਰਮ ਨੂੰ ਪਾਲਣਾ ਨਿਯਤ ਕੀਤਾ ਹੈ ਜੇਹਾ ਕਿ ਪੈਹਲੇ ਆਰੀਆਂ ਲੋਕਾਂ ਦਾ ਸੀ ਹਿੰਦੂਆਂ ਵਿਖੇ ਐਨੇ ਭਾਤਾਂ ਦੇ ਅੱਡੋ ਅੱਡੀ ਧਰਮ ਤੇ ਵਿਚਾਰਾਂ ਸਨ ਕਿ ਉਨ੍ਹਾਂ ਦਾ ਗਿਣਨਾਂ ਭੀ ਕਠਿਨ ਹੈ ਵੇਦਕ ਧਰਮ ਥੀਂ ਡਿਗਨ ਮਗਰੋਂ ਸਭ ਹਿੰਦੂ ਧਰਮਾਂ ਤੇ ਫਿਰ ਕਿਆਂ ਨੇ ਭਾਵੇਂ ਓਹੁ ਦੇਵਤਾ ਧਰਮੀਸੀ ਭਾਵੇਂ ਬ੍ਰਾਹਮਣ ਧਰਮ ਭਾਵੇਂ ਮਨੁਖ ਧਰਮ ਭਾਵੇ ਹੈਵਾਨੀ ਧਰਮ ਭਾਵੇਂ ਓਹੁ ਪੁਰਾਨਕ ਧਰਮਸੀ ਅਥਵਾ ਫ਼ਿਲਾਸਫ਼ੀਮਤ ਸਾਰੇ ਹੀ ਇਕ ਦੂਸਰੇ ਨਾਲੋਂ ਵਖੋ ਵਖਰੇ ਹੀ ਹੁੰਦੇ ਗਏ ਵਿਰੋਧ ਵਧਾਈ ਚਲੇ ਗਏ ਮੈਤ੍ਰਤਾ ਨੂੰ ਦੂਰ ਕਰਕੇ ਆਏ ਹਿੰਦੂਆਂ ਨੂੰ ਬਲਹੀਣ ਕਰਦੇ ਆਏ ਆਰੀਯਾ ਸੰਤਾਨ ਨੂੰ ਬਿਖੇੜਦੇ ਆਏ ਅਤੇ ਵੇਦਾਂਤ ਦੀ ਸੱਟ ਕਰਕੇ ਤਾਂ ਹਿੰਦੂਆਂ ਦੀ ਕੌਮ ਸਭਬਲ ਨੂੰਤਿਆਗਕੇਬਿਲਕੁਲਭੰਗ ਤੇ ਚਕਨਾਚੂਰਹੋਗਈਸੀਮਾਯਾ ਦੇ ਜੰਜਾਲਵਿਖੇ ਅਜੇਹਾਫਸਾਯਾਕਿਸਾਰੇਹੀਬੈਰਾਗੀਬਣਬੈਠੇ ਸੰਸਾਰਕਕਾਰਵਿਹਾਰਸਭਮਿਥੱਯਾਪ੍ਰਤੀਤ ਹੋਣਲੱਗੇ ਕੇਵਲ ਗਿਆਨ ਕਰਕੇ ਹੀ ਮੁਕਤੀ ਪ੍ਰਾਪਤ ਹੋਣ ਲੱਗੀ ਕਿਸੇ ਨੇ

ਉਪਾਸ਼ਨਾਂ ਨੂੰ ਹੀ ਮੁਕਤੀ ਦਾ ਰਾਹੁ ਬਣਾਯਾ ਕਿਸੇ ਨੇ ਪ੍ਰਾਰਥਨਾਂ ਤੇ ਭਗਤੀ ਨੂੰ ਹੀ ਮੁਕਤੀ ਦਾ ਰਾਹੁ ਜਾਣਿਆਂ ਕਰਮਾਂ ਦੀ ਫ਼ਿਲਾਸਫ਼ੀ ਜੇਹੜੀ ਕੁਦਰਤ ਦੇ ਨਿਯਮਾਂ ਦੇ ਅਨੁਸਾਰੀ ਤੇ ਕੁਦਰਤੀ ਨਿਯਮਾਂ ਦੇ ਅਨੁਸਾਰ ਸੀ ਤਿਨਾਂ ਨੂੰ ਲੋਕਾਂ ਨੇ ਤਿਆਗਨਾਂ ਆਰੰਭ ਕਰ ਦਿੱਤਾ ਕ੍ਰਿਸ਼ਨ ਜੀ ਦੀ ਫ਼ਿਲਾਸਫ਼ੀ ਨਿਸਫਲ ਹੋਣ ਲਗੀ ਏਸੇ ਲਈ ਕ੍ਰਿਸ਼ਨ ਜੀ ਦੇ ਵਾਂਗੂੰ ਗੁਰੂ ਗੋਬਿੰਦ ਸਿੰਘ ਜੀ ਨੇ ਚੰਗੀ ਤਰਾਂ ਵਿਚਾਰਿਆ ਕਿ ਕਰਮਾਂ ਥੀਂ ਬਿਨਾਂ ਧਾਰਮਕ ਮੁਕਤੀ ਦਾ ਮਿਲਣਾਂ ਅਸੰਭਵ ਹੈ ਇਸ ਕਰਕੇ ਉਸ਼ਨੇ ਖਾਲਸੇ ਨੂੰ ਖ਼ਿਆਲੀ ਤੇ ਭਰਮੀ ਤ੍ਰੀਕਿਆਂ ਥੀਂ ਕੱਢਕੇ ਸਚਾਈ ਦਾ ਰਾਹੁ ਦਿਖਾਯਾ ਕਿ ਈਸ਼੍ਵਰ ਨੂ ਆਪਣੇ ਸ਼ੁਭ ਕਰਮਾਂ ਦੇ ਵਸੀਲੇ ਸਚਾਈ ਤੇ ਭਰੋਸੇ ਨਾਲ ਯਾਦ ਕਰਿਆ ਕਰੋ ਤੇ ਉਸਦਾਹੀ ਭਜਨ ਕਰਨ ਪ੍ਰੰਤੂ ਨਾਲ ਹੀ ਕਿਹਾ ਕਿ ਮਾਯਾਵੀ ਸਾਮਾਂਨ ਵਿਖੇ ਅਜੇਹੇ ਨਾਂ ਫਸੋ ਕਿ ਈਸ਼੍ਵਰ ਥੀਂ ਭੁਲਕੇ ਮਾਯਾ ਕ੍ਰਿਤ ਮੂਰਤੀਆਂ ਦੀ ਪੂਜਾ ਵਿਖੇ ਨਾਂ ਲਗੇ ਰਹੋ ਏਸ ਵਾਸਤੇ ਤਾਕੀਦ ਕੀਤੀ ਕਿ ਕੀਤੇ ਦੀ ਪੂਜਾ ਨੂੰ ਤਿਆਗੋ ਪਰ ਹਿੰਦੂ ਧਰਮ ਥੀਂ ਵਿਰੁਧ ਉਸਨੇ ਖਾਲਸਾ ਧਰਮ ਨੂੰ ਨਹੀਂ ਸਜਾਯਾ ਕਿਸੇ ਨਾਲ ਵਿਰੋਧਤਾਈ ਪ੍ਰਗਟ ਨਹੀਂ ਕੀਤੀ ਚਾਰੇ ਚੀਜ਼ਾਂ ਉਸਦੇ ਸਨਮੁਖ ਰਖੀਆਂ ਈਸ਼੍ਵਰ ਭਗਤੀ, ਖਤ੍ਰਤਾ ਭਗਤੀ, ਦੇਸ਼ ਭਗਤੀ ਤੇ ਤੁਰਕਾਂ ਦੀ ਹਕੂਮਤ ਨੂੰ ਬਲਹੀਣ ਕਰਨਾਂ ਹੋਰ ਕੁਛ ਨਹੀਂ ॥

ਖਾਲਸਾ ਧਰਮ ਵਿੱਚ ਮਿਲਣੋਂ ਕਿਨਾਂਨੂੰ ਬੰਦ ਕੀਤਾ

ਖਾਲਸਾ ਧਰਮ ਦੀ ਨੀਉ ਰਖਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਕਿਸਮਾਂ ਦੇ ਪੁਰਖਾਂ ਨੂੰ ਖਾਲਸਾ ਧਰਮ ਵਿਖੇ ਮਿਲਣੋਂ ਮਨਾਂ ਕੀਤਾ ਹੈਸੀ ਪੈਹਲੇ ਮਸੰਦ ਜੇਹੜੇ ਉਨ੍ਹਾਂ ਦਿਨਾਂ ਵਿਖੇ ਧਰਮਸਾਲਾ ਵਿਖੇ ਰੈਹਕੇ ਬੰਦੋਬਸਤ ਰਖਦੇ ਹੁੰਦੇ ਸੇ ਅਰਥਾਤ ਧਰਮ ਸਾਲਾ ਦੇ ਮੈਨੇਜਰ ਸੇ ਜੇਹੜੇ ਇੱਕ ਭਾਂਤ ਦੇ ਪੁਜਾਰੀ ਬਣ ਗਏ ਇਸ ਜੱਥੇ ਦੇ ਲੋਕ ਵਿਸ਼ੇਸ਼ ਕਰਕੇ ਕਾਇਰ ਨਿਕੰਮੇ ਤੇ ਅਮਾਨਤ ਨੂੰ ਲੋਭ ਕਰਕੇ ਖਾ ਜਾਂਣ ਵਾਲੇ ਹੁੰਦੇ ਸੇ ਦੂਜੇ ਧੀਰਮਲੀਏ ਅਰਥਾਤ ਧੀਰਮਲ ਦੇ ਸਿੱਖ ਕਿਉਂਕਿ ਧੀਰ-ਮਲ ਨੇ ਗੱਦੀ ਦੇ ਵਾਸਤੇ ਪੈਹਲੇ ਗੁਰਾਂ ਨਾਲ ਬੜਾ ਝਗੜਾ ਕੀਤਾ ਸੀ ਤੇ ਸ੍ਰੀ ਗੁਰੂ ਤੇਗ਼ਬਹਾਦਰ ਜੀ ਦੀ ਵਿਰੋਧਤਾਈ ਬੌਹਤ ਕੀਤੀ ਸੀ ਤੇ ਸਦੀਵ ਉਨ੍ਹਾਂ ਨੂੰ ਦੁਖ ਕਸ਼ਟ ਦੇਂਦਾ ਰਿਹਾਸੀ ਇਸ ਕਰਕੇ ਖਾਲਸੇ ਵਲੋਂ ਉਸਨੂੰ ਭੀ ਧ੍ਰਿਕਾਰਿਆ ਗਿਆ ਤੀਜੇ ਰਾਮਰਈਏ ਅਰਥਾਤ ਰਾਮਰਾਇ ਦੀ ਸੇਵਕੀ ਸਿੱਖੀ ਇਹ ਭੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਕ ਚਾਚੇ ਸੇ ਤੇ ਗੁਰੂ ਤੇਗਬਹਾਦੁਰ ਜੀ ਦੇ ਸਮੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇ ਭੀ ਗੱਦੀ ਨਸ਼ੀਨੀ ਲਈ ਝਗੜੇ ਕਰਦਾ ਦੇ ਹਰੇ ਸੇ ਤੇ ਕਸ਼ਟ ਦੇਂਦੇ ਰਹੇ ਸੇ ਸੋ ਭੀ ਖ਼ਾਲਸਾ ਧਰਮ ਥੀਂ ਖਾਰਜ ਰਖੇ ਗਏ ਚੌਥੇ ਮੀਣੇ

ਪੰਜਵੇਂ ਜੈਨੀ ਸਿਰਗੁੰਮ ਸਰਾਵਗੀ ਪਹਿਲੇ ਤੇ ਚੌਥੇ ਪੰਜਵੇਂ ਨੂੰ ਖਾਰਜ ਰਖਨੇ ਦੀਆਂ ਤਾਂ ਵਜੂਹਾਂ ਪ੍ਰਤਖ ਹੈਨ ਇੱਕ ਕਹਾਵਤ ਹੈ ਕਿ ਜੇਕਰ ਕੋਈ ਮੰਗਤਾ ਧਨੀ ਬਣ ਜਾਵੇ ਤਾਂ ਸੌ ਵਰਹੇ ਤਕ ਗਦਾਈ ਦੀ ਬੋ ਨਹੀਂ ਜਾਂਦੀ ਤੇ ਇਸੇ ਤਰਾਂ ਇਸ ਦੇ ਵਿਰੁੱਧ ਜਾਣੋ ਕਿਉਂਕਿ ਕੌਮ ਮੀਣੇ ਤੇ ਸਰਾਵਗੀ ਨਾਂ ਕੇਵਲ ਕਾਇਰ ਹੀ, ਬਲਹੀਨ ਹੀ, ਲੋਭੀ ਤੇ ਹਿਰਸੀ ਹੀ ਸਨ ਸਗੋਂ ਇੱਕ ਕੌਡੀ ਦੇ ਲਾਲਚ ਪਿੱਛੇ ਆਪਣੀ ਕੌਮ ਨੂੰ ਕੁਰਬਾਨ ਕਰਨ ਵਿਖੇ ਭੀ ਕਦੇ ਪਿਛੇ ਨਹੀ ਸੇ ਹੱਟਦੇ ਤੇ ਵਿਸ਼ੇਸ਼ ਡਰਾਕੁਲ ਹੋਣ ਥੀਂ ਸਿਵਾਇ ਕੀੜੀਆਂ ਤਕ ਭੀ ਦੁਖ ਦੇਣਾ ਭਲਾ ਨਹੀਂ ਸੇ ਜਾਣਦੇ ਸੈਕੜੇ ਵਰਿਹਾਂ ਤੀਕ ਉਨ੍ਹਾਂ ਵਿਖੇ ਖੱਤ੍ਰਤਾਂ ਦੀ ਸੁਭਾਵ ਉਤਪਤ ਕਰਨੀ ਕਠਿਨ ਸੀ ਤੇ ਇਧਰੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਅਜੇਹੇ ਸਮੇ ਪਰ ਅਜੇਹੇ ਪੁਰਖਾਂ ਦੀ ਲੋੜ ਸੀ ਜੇਹੜੇ ਰਣਭੂਮੀ ਵਿਖੇ ਨਿਕਲ ਕੇ ਯੁੱਧ ਕਰਨ ਵਿਖੇ ਰੁਝਣ ਬਹਾਦੁਰ ਤੇ ਸੂਰਬੀਰ ਹੋਵਣ ਨਿਡਰ ਹੋਵਣ ਉਨ੍ਹਾਂ ਪਾਸੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਕੀਹ ਭਰੋਸਾ ਪੈਸਕਦਾ ਸੀ ਇਸ ਵਾਸਤੇ ਉਨ੍ਹਾਂ ਨੂੰ ਖਾਰਜ ਕਰ ਦੇਣ ਕਰਕੇ ਕੋਈ ਬੁਰਾ ਤਾਂ ਪ੍ਰਤੀਤ ਨਹੀਂ ਹੁੰਦਾ ਉਨ੍ਹਾਂ ਨੂੰ ਵਖਰੇ ਹੀ ਰਖਣਾ ਭਲਾ ਸੀ ਪ੍ਰੰਤੂ ਠਾਮ ਰਈਏ, ਤੇ ਧੀਰਮਲੀਆਂ ਨੂੰ ਖਾਰਜ ਰਖਣੇ ਵਿਖੇ ਅਤੇ ਸਾਰੀ ਦੁਨੀਆਂ ਵਿਖੇ ਖਾਲਸਾ ਧਰਮ ਦਾ ਢੰਢੋਰਾ ਦੇਣ ਵਾਲੇ ਸੇ ਤਿਸ ਪਰ ਭੀ ਗੁਰੂ ਗੋਬਿੰਦ ਜੀ

ਨੇ ਬੜੇ ਹੌਸਲੇ ਨਾਲ ਕੰਮ ਨਹੀਂ ਲੀਤਾ। ਅਤੇ ਸ੍ਵਾਰਥਤਾ ਦੇ ਬਦਲੇ ਧਾਰਮਕ ਉਦੇਸ਼ ਵਿਖੇ ਮਿਲਾਉਣ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਲੰਮੀ ਦ੍ਰਿਸਟੀ ਨਾਲ ਨਹੀਂ ਦੇਖਿਆ ਅਜੇਹੇ ਸੂਰਬੀਰ ਬਹਾਦੁਰ ਨੂੰ ਜੇਹਾ ਕਿ ਗੁਰੂ ਗੋਬਿੰਦ ਸਿੰਘ ਜੀ ਜਾਨ ਨਿਸਾਰ ਸੀ ਛੋਟਾ ਚਿਤ ਕਰਨਾ ਭਲਾ ਪ੍ਰਤੀਤ ਨਹੀਂ ਹੁੰਦਾ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਦੀ ਅਜੇਹੀ ਤੰਗ ਦਿਲੀ ਪਰ ਨੁਕਤਾਚੀਨੀ ਕਰਨ ਥੀਂ ਪੈਹਲੇ ਇਹੁ ਭੀ ਬਾਤ ਵਿਚਾਰ ਯੋਗ ਹੈ ਕਿ ਉਨ੍ਹਾਂ ਨੂੰ ਮਿਲਾਉਣ ਕਰਕੇ ਵਿਰੋਧਤਾਈ ਤੇ ਈਰਖਾ ਦਾ ਕਾਰਨ ਹੋਣ ਜੋ ਹੋ ਸਕਦਾ ਸੀ ਤੇ ਪੱਕ ਗਲ ਏਹੀ ਹੈ ਕਿ ਕਿਸੇ ਅਜੇਹੀ ਵਿਚਾਰ ਨੇ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਉਨ੍ਹਾਂ ਦੇ ਮਿਲਾਉਣ ਥੀਂ ਵਰਜਿਆ ਹੋਵੇ ਨਹੀਂ ਤਾਂ ਗੁਰੂ ਗੋਬਿੰਦ ਸਿੰਘ ਜੀ ਵਰਗੇ ਬੜੇ ਚਿਤ ਦਲੇਰ ਪਾਸੋਂ ਇਸ ਗਲ ਦਾ ਭਰੋਸਾ ਕਦ ਹੋ ਸਕਦਾ ਹੈ ਜੋ ਕੇਵਲ ਸ੍ਵਾਰਥੀਂ ਵਿਰੋਧਤਾਈ ਦੇ ਕਾਰਣ ਉਨ੍ਹਾਂ ਨੂੰ ਅਜੇਹਾ ਕਮੀਨਾ ਜਾਣੇ ਉਨ੍ਹਾਂ ਦੇ ਮਿਲਾਉਣ ਵਿਖੇ ਅਵਸ਼ ਹੀ ਕੋਈ ਨੁਕਸਾਨ ਪੈਦਾ ਹੋਂਦਾ ਹੋਵੇਗਾ ਜਿਸ ਕਰਕੇ ਉਨ੍ਹਾਂ ਨੂੰ ਮਿਲਾਉਣੋਂ ਨਾਂਹ ਕੀਤੀ ਵਿਸੇਸ਼ ਕਰਕੇ ਉਨ੍ਹਾਂ ਪੰਜਾਂ ਥੀਂ ਜੇਹੜਾ ਕੁੜੀ ਮਾਰ ਭੀ ਹੋਵੇ ਉਸ ਨੂੰ ਭੀ ਖਾਲਸੇ ਵਿਖੇ ਮਿਲਾਉਨਾਂ ਨਹੀਂ ਚਾਹੀਦਾ ਉਨ੍ਹਾਂ ਦਿਨਾਂ ਵਿਖੇ ਜ਼ਾਤ ਦੇ ਅਭਮਾਨ ਕਰਕੇ ਕੁੜੀ ਮਾਰਨ ਦਾ ਬੜਾ ਰਵਾਜ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਭੀ ਵਖਰੇ ਹੀ ਕੀਤਾ ਪ੍ਰੰਤੂ ਜੇਕਰ ਗੁਰੂ

ਗੋਬਿੰਦ ਸਿੰਘ ਜੀ ਉਨ੍ਹਾਂ ਨੂੰ ਮਿਲਾ ਲੈਂਦਾ ਤਾਂ ਭਰੋਸਾ ਸੀ ਜੋ ਓਹ ਖ਼ਾਲਸਾ ਧਰਮ ਨੂੰ ਗ੍ਰੈਹਣ ਕਰਕੇ ਇਸ ਸੁਭਾਵ ਨੂੰ ਤਿਆਗ ਕਰ ਦੇਂਦੇ ਪਰ ਇਹ ਭੀ ਹੋ ਸਕਦਾ ਸੀ ਕਿ ਓਹ ਆਪਣੇ ਸੁਭਾਵ ਥੀਂ ਨਾਂ ਟਲਦੇ ਇਸਵਾਸਤੇ ਉਨ੍ਹਾਂ ਨੂੰ ਵਖਰੇ ਹੀ ਰਖਣਾ ਪਸੰਦ ਕੀਤਾ ਇਹ ਗਲ ਇਕ ਕਮਜ਼ੋਰ ਕਹਾਵਤ ਹੈ ਪਰ ਇਹ ਠੀਕ ਕਹਾਵਤਾਂ ਵਿਚੋਂ ਪ੍ਰਤੀਤ ਹੁੰਦਾਹੈ ਜੋ ਸਿਖਾਂਨੂੰ ਕੁੜੀਆਂ ਮਾਰਾਂਨਾਲੋਂ ਮਿਲਣੋਂ ਜੁਲਣੋ ਵਿਆਹ ਸ਼ਾਦੀ ਕਰਨੋ ਵਰਜਿਆਗਿਆ ਮੁਕਦੀ ਗਲ ਤਾਂਇਹੁਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਧਰਮ ਦੀ ਨੀਉਂ ਰਖ ਕਰਕੇ ਆਪਣਾ ਪ੍ਰੇਮ ਸੰਦੇਸਾ ਪੂਰਣ ਕੀਤਾ ਉਸਨੇ ਖ਼ਾਲਸਾ ਧਰਮਦੇ ਨਿਜਮਾਨੂੰ ਸੰਸਾਰ ਰੂਪੀ ਪਤ੍ਰਿਆਂ ਪਰਤੇ ਸਮਾ ਰੂਪੀ ਕਾਗਦਾਂ ਪਰ ਚੰਗੀਤਰਾਂ ਵਿਦਤ ਕੀਤਾ ਪ੍ਰੰਤੂ ਅਜੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਉਸ ਪਰ ਦਸਤਖ਼ਤ ਕਰਨੇਸੇ ਤੇ ਸਾਥੀਂ ਬਣਾਕੇ ਪ੍ਰੀਪਕ ਕਰਨ ਦਾ ਕੰਮ ਅਜੇ ਬਾਕੀ ਸੀ ਸੋ ਉਸ ਪ੍ਰੇਮ ਸੰਦੇਸੇ ਪਰ ਉਸਨੇ ਆਪਣੇ ਲਹੂ ਨਾਲ ਦਸਤਖ਼ਤ ਕੀਤੇਤੇ ਆਪਣੇ ਚੌਹਾਂ ਪੁਤ੍ਰਾਂਦਾ ਬਲੀਦਾਨਕਰਾਕੇ ਸ਼ਾਖੀ ਬਨਾਕੇ ਤਸਦੀਕ ਕਰਾਦਿੱਤਾ॥

ਜਿਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਖ਼ਾਲਸਾ ਧਰਮ ਵਿਖੇ ਓਨ੍ਹਾਂ ਪੰਜਾਂ ਨੂੰ ਮਿਲਾ ਚੁੱਕੇ ਤੇ ਆਪ ਭੀ ਮਿਲ ਚੁੱਕੇ ਅਤੇ ਖ਼ਾਲਸਾ ਧਰਮ ਦੇ ਮੂਲ ਨਿਜਮਾਂ ਨੂੰ ਭੀ ਖ਼ਾਲਸਾ ਦੇ ਚਿੱਤਾਂ

ਰ ਜਮਾ ਚੁੱਕੇ ਤਾਂ ਓਥੇ ਜੇਹੜੇ ਹੋਰ ਲੋਕ ਖੱਤ੍ਰੀ ਬ੍ਰਹਮਣ ਸਿਖ ਨਹੀਂ ਬਣੇਸੇ ਤਿਨਾਂ ਨੇ ਇਸ ਗਲ ਨੂੰ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਪਸੰਦ ਨਾਂ ਕੀਤਾ ਤੇ ਉਠ ਉਠਕੇ ਘਰਾਂ ਨੂੰ ਜਾਂਣ ਲਗੇ ਜੇਹੀ ਕਿ ਉਨ੍ਹਾਂ ਦੀ ਸੁਭਾਵਕ ਪ੍ਰਕਿਰਤੀ ਸੀ ਕਿ ਜੇ ਕਰ ਕੋਈ ਉਨ੍ਹਾਂ ਦੇ ਰਸਮਾਂ ਤੇ ਧਰਮ ਵਿਖੇ ਹਥ ਪਾਉਂਦਾ ਤਾਂ ਰੌਲਾ ਪਾਯਾ ਕਰਦੇ ਸੇ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਿਖਾਂ ਦੇ ਸਨਮੁਖ ਹੋਕਰਕੇ ਬਚਨ ਕੀਤਾ ਕਿ ਨੀਚਾਂ ਨੂੰ ਅਵਸ਼ਹੀ ਉਚਾਂ ਹੋਣਾਂ ਲੋੜੀਏ ਇਹੀ ਹੁਕਮ ਅਕਾਲ ਪੁਰਖ ਦਾ ਹੈ ਜਿਸ ਨੂੰ ਮੈਂ ਪੂਰਾ ਕਰਨ ਵਾਸਤੇ ਆਯਾ ਹਾਂ ਅਤੇ ਜੇਹੜੇ ਲੋਕ ਇਸ ਵੇਲੇ ਉਨ੍ਹਾਂ ਥੀਂ ਅਰਥਾਤ ਦਿਜ ਜਾਤਾਂ ਵਾਲਿਆਂ ਥੀਂ ਸੇ ਨਫ਼ਰਤ ਕੀਤੇ ਜਾਂਦੇ ਹਨ ਉਨ੍ਹਾਂ ਨੂੰ ਮੇਰੇ ਪਿੱਛੋਂ ਮੇਰੇ ਜੇਹੀ ਪਦਵੀ ਮਿਲੇਗੀ ਸੋ ਗੁਰੂ ਗੋਬਿੰਦ ਸਿੰਘ ਜੀ ਨੇ ਬਚਨਾਂ ਨੂੰ ਪੂਰਾ ਕੀਤਾ ਤੇ ਉਨ੍ਹਾਂ ਦੀ ਵਿਰੁਧਤਾਈ ਤੇ ਰੌਲੇ ਦੀ ਕੁਛ ਭੀ ਪਰਵਾਹੁ ਨਾਂ ਕੀਤੀ ॥

ਗੁਰੂ ਦੇ ਵਿਆਹੁ

ਗੁਰੂ ਗੋਬਿੰਦ ਸਿੰਘ ਜੀ ਦਾ ਪੈਹਲਾ ਵਿਆਹੁ ਪਿਤਾ ਨੇ ਆਪਣੀ ਜ਼ਿੰਦਗੀ ਵਿਖੇ ਭਾਈ ਹਰਜਸ ਦੀ ਸਪੁਤ੍ਰੀ ਮਾਈ ਜੀਤੋ ਜੀ ਨਾਲ ਕੀਤਾ ਸੀ ਤੇ ੧੫ ਜੇਠੋਂ ਸੰਮਤ ੧੭੩੦ ਬਿਕ੍ਰਮੀ ਨੂੰ ਹੋਯਾ ਸੀ ਕੋਈ ਕੋਈ ਆਖਦੇ ਹਨ ਕਿ ਗੁਰੂ ਜੀ ਦੀ ਉਮਰ ਓਦੋਂ

ਸੱਤਾਂ ਬਰਸਾਂ ਦੀ ਸੀ ਇਹੁ ਵਿਆਹੁ ਛੋਟੀ ਉਮਰਾਂ ਵਿਖੇ ਹੋਯਾ ਸੀ ਤੇ ਪਿਤਾਨੇ ਬੜੀ ਧੂਮ ਧਾਮ ਨਾਲ ਵਿਆਹ ਕੀਤਾ ਸੀ ਇਸ ਥੀਂ ਪੂਰਬ ਭੀ ਪੈਹਲੇ ਕਈਆਂ ਗੁਰੂਆਂ ਦਾ ਵਿਆਹੁ ਛੋਟੀ ਹੀ ਉਮਰਾਂ ਵਿਖੇ ਹੁੰਦਾ ਰਿਹਾ ਸੀ ਜਿਸਥੀਂ ਪ੍ਰਤੀਤ ਹੁੰਦਾ ਹੈ ਕਿ ਪੈਹਲੇ ਗੁਰੂਆਂ ਨੂੰ ਇਸ ਬਾਤ ਦੀ ਵਿਚਾਰ ਉਤਪਤ ਨਹੀਂ ਹੋਈ ਸੀ ਜੋ ਛੋਟੀ ਉਮਰਾਂ ਵਿਖੇ ਵਿਆਹੁ ਕਰਨੇ ਕਰਕੇ ਹਿੰਦੂ ਜਾਤਿ ਨੂੰ ਕੁਛ ਘਾਟਾ ਪੋਹੁੰਚਦਾ ਹੈ ਜੇਕਰ ਇਸ ਬਾਤ ਦਾ ਧਿਆਨ ਹੋ ਭੀ ਗਿਆ ਤਾਂ ਲਾਚਾਰੀ ਗਲ ਸੀ ਕਿ ਮੁਸਲਮਾਨਾਂ ਦੀ ਜ਼ੋਰਾ ਜ਼ਬਰੀ ਥੀਂ ਡਰਦੇ ਮਾਰੇ ਛੋਟੀ ਉਮਰਾਂ ਦੇ ਹੀ ਵਿਆਹੁ ਨੂੰ ਕਰਨਾਂ ਪੈਂਦਾ ਸੀ ਸੋਈ ਹਾਲ ਗੁਰੂਆਂ ਦੇ ਸਮੇਂ ਤਕ ਬਰਾਬਰ ਪ੍ਰਚਲਤ ਸੀ ਭਰੋਸਾ ਹੈ ਕਿ ਗੁਰੂ ਨਾਨਕ ਦੇਵ ਜੀ ਥੀਂ ਲੈਕਰਕੇ ਗੁਰੂ ਗੋਬਿੰਦ ਸਿੰਘ ਜੀ ਤੀਕ ਇਸ ਬਾਤ ਨੂੰ ਵਿਚਾਰਦੇ ਹੋਣ ਪਰ ਛੋਟੀ ਉਮਰਾਂ ਦੇ ਵਿਆਹੁ ਨੂੰ ਹਟਾਉਨ ਲਈ ਰਸਨਾਂ ਤੇ ਕਲਮ ਦ੍ਵਾਰਾ ਨਹੀਂ ਲਿਖ੍ਯਾ ਦੂਸਰਾ ਤੇ ਤੀਸਰਾ ਵਿਆਹੁ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਕੀਤਾ ਸੀ ਤੇ ਦੋਵੇਂ ਹੀ ਵਿਆਹੁ ਪੈਹਲੀਆਂ ਇਸਤ੍ਰੀਆਂ ਦੇ ਜੀਉਂਦੇ ਜੀ ਹੋਏ ਸੇ ਦੂਜਾ ਵਿਆਹੁ ਮਾਤਾ ਸੁੰਦਰੀ ਨਾਲ ਹੋਯਾ ਤੀਸਰਾ ਮਾਤਾ ਸਾਹਿਬ ਦੇਵੀ ਨਾਲ ਜੋ ਰੁਹਤਾਸ ਦੇ ਖਤ੍ਰੀ ਦੀ ਸਪੁਤ੍ਰੀ ਸੀ ਹੋਯਾ॥

ਭਾਵੇਂ ਅੱਜ ਕਲ ਦੇ ਨੁਕਤਾ ਚੀਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸੁਭਾਵ ਨੂੰ ਜੋ ਤਿੰਨ ਵਿਆਹੁ ਕੀਤੇ ਨੁਕਤਾਚੀਨੀ

ਕਰਨ ਦੀ ਜਗਾ ਹੈ ਪ੍ਰੰਤੂ ਉਸ ਸਮੇਂ ਵਿਖੇ ਜਿੱਥੋਂ ਤੀਕ ਪਤਾ ਲਗਾ ਹੈ ਬੌਹਤ ਇਸਤ੍ਰੀਆਂ ਕਰਨੀਆਂ ਖ਼ਾਸ ਕਰਕੇ ਅਮੀਰਾਂ ਲਈ ਹੀ ਬੁਰੀਆਂ ਨਹੀਂ ਜਾਣੀਆਂ ਜਾਂਦੀਆਂ ਸਨ ਹਿੰਦੂਆਂ ਵਿਖੇ ਇੱਕ ਥੀ ਵਧੀਕ ਇਸਤ੍ਰੀਆਂ ਰਖਣੀਆਂ ਪੁਰਾਣਾਂ ਰਵਾਜ ਹੈ ਕ੍ਰਿਸ਼ਨ ਦੀਆਂ ਕਈ ਇਸਤ੍ਰੀਆਂ ਸਨ ਅਰਜਨ ਦਾ ਭੀ ਇਹੀ ਹਾਲ ਸੀ ਬੌਹਤ ਇਸਤ੍ਰੀਆਂ ਰਖਣ ਦੀ ਹਿੰਦੂਆਂ ਵਿਖੇ ਕੋਈ ਧਾਰਮਕ ਰੋਕ ਨਹੀਂ ਹੈ ਭਾਵੇਂ ਇਹ ਖ਼ਰਾਬੀ ਦੇ ਕਾਰਨ ਹੈਨ ਮੰਨਿਆ ਜੇਕਰ ਬੌਹਤ ਇਸਤ੍ਰੀਆਂ ਦਾ ਰਖਨਾ ਚੰਗਾ ਨਹੀਂ ਸੀ ਪਰ ਇਸ ਬਾਤ ਦਾ ਰਵਾਜ ਤਾਂ ਹਿੰਦੁਸਤਾਨ ਵਿਖੇ ਪੂਰਬ ਕਾਲ ਥੀਂ ਸੀ ਕਈ ਖ਼ਾਸ ਰਵਾਜ ਅਜੇਹੇ ਵਰਤਮਾਨ ਹੋਗਏ ਸੇ ਕਿ ਜਿਨਾਂ ਨੂੰ ਓਹ ਲੋਕ ਬੁਰਾ ਨਹੀਂ ਜਾਣਦੇ ਸੇ ਸਗੋਂ ਭਲਾ ਸਮਝਦੇ ਸੇ ਜੇਹਾਕੁ ਖਤ੍ਰੀਆਂ ਵਿਖੇ ਪੁਰਾਣੇ ਸਮੇਂ ਵਿਖੇ ਲੜਕੀਆਂ ਨੂੰ ਜੋਰ ਨਾਲ ਕੱਢ ਕੇ ਲੈ ਜਾਣਾਂ ਬਦੋਬਦੀ ਵਿਆਹੁ ਕਰਨਾ ਰਾਖਸ਼ ਵਿਆਹੁ ਕਰਨ ਦਾ ਤ੍ਰੀਕਾ ਸੀ ਤੇ ਆਪ ਕ੍ਰਿਸ਼ਨ ਨੇ ਅਜੇਹਾ ਕੀਤਾ ਭੀਖ਼ਮ ਨੇ ਭਰਾਵਾਂ ਲਈ ਅਜੇਹਾ ਕੰਮ ਕੀਤਾ ਅਰਜਨ ਨੇ ਅਜੇਹਾ ਕੰਮ ਕੀਤਾ ਉਸ ਸਮੇ ਵਿਖੇ ਉਸਨੂੰ ਚੰਗਾ ਜਾਣਦੇ ਸੇ ਪਰ ਅੱਜ ਕਲ ਬੁਰਾ ਪ੍ਰਤੀਤ ਹੋਂਦਾ ਹੈ ਅਤ ਇਸੇ ਤਰਾਂ ਹੀ ਇੱਕ ਨਾਲੋਂ ਵਧੀਕ ਇਸਤ੍ਰੀਆਂ ਦਾ ਮੁਕਾਬਲਾ ਸੀ ਉਸ ਸਮੇ ਵਿਖੇ ਇਸ ਬਾਤ ਨੂੰ ਬੁਰਾ ਨਹੀਂ ਜਾਣਦੇ ਸੇ ਏਸੇ ਕਰਕੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ

ਭੀ ਇਸ ਬਾਤ ਨੂੰ ਬੁਰਾ ਨਹੀਂ ਜਾਤਾ ਸੀ ਅਤੇ ਸਮੇਂ ਦੇ ਰਵਾਜ ਮੂਜਬ ਤੇ ਕਾਲ ਦੇ ਅਨੁਸਾਰ ਤਿੰਨ ਵਿਆਹੁ ਕਰਾ ਲਏ ਸੇ ਇਸ ਕਰਕੇ ਉਸਦਾ ਇਹੁ ਕੰਮ ਕਿਸੇ ਭਾਂਤ ਕਰਕੇ ਨਿੰਦਾ ਯੋਗ ਨਹੀਂ ਭਾਵੇਂ ਅਜ ਕਲ ਦੇ ਖਿਆਲਾਤ ਦੇ ਵਿਖੇ ਪਸੰਦ ਨਹੀਂ ਪ੍ਰਤੀਤ ਹੁੰਦਾ ਪ੍ਰੰਤੂ ਇਸ ਗਲਨੂੰ ਭੁਲਾਉਣਾ ਭੀ ਨਹੀਂ ਚਾਹੀਏ ਜੋ ਸਾਡੇ ਸਮੇ ਤੇ ਉਸ ਸਮੇ ਵਿਖੇ ਬੜਾ ਸਾਰਾ ਭੇਦਸੀ ਅਫਸੋਸ ਹੈ ਕਿ ਕਿਸੇ ਜਨਮ ਸਾਖੀ ਦੇ ਲਿਖਨ ਵਾਲੇ ਨੇ ਨਿਰਣੈਂ ਕਰਕੇ ਨਹੀਂ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਤਿੰਨ ਵਿਆਹੁ ਕਰਨ ਦੀ ਕੀਹ ਲੋੜ ਪਈਸੀ ਗੁਰੂ ਦੀਸੰਤਾਨ ਦੇ ਨਾਉ ਹੇਠਾਂ ਲਿਖੇ ਹਨ ॥

ਪੇਹਲਾਪੁੱਤ੍ਰਮਾਤਾਸੁੰਦਰੀਜੀਦੀਕੁਖਥੀ	ਅਜੀਤਸਿੰਘ ਸੰਮਤ ੧੭੪੭ ਬਿਃ ਨੂੰ ਜਨਮਿਆ
ਦੂਸਰਾ ਪੁਤ੍ਰ ਮਾਤਾ ਜੀਤੋ ਜੀ ਦੀ ਕੁਖੋਂ	ਜੁਝਾਰ ਸਿੰਘ ਚੇਤ ਸੰਮਤ ੧੭੪੭ ,,
ਤੀਸਰਾ ਪੁਤ੍ਰ ਮਾਤਾ ਜੀਤੋ ਜੀ ਦੀ ਕੁਖੋਂ	ਜ਼ੋਰਾਵਰਸਿੰਘ ਮਘਰਦੀ ੬ ਸੰਮਤ੧੭੫੩ ,,
ਚੋਥਾ ਪੁਤ੍ਰ ਮਾਤਾ ਜੀਤੋ ਜੀ ਦੀ ਕੁਖੋਂ	ਫਤੇ ਸਿੰਘ ੭ ਫਗੁਣ ਸੰਮਤ ੧੭੫੫ ,,

ਗੁਰੂ ਗੋਬਿੰਦ ਸਿੰਘ ਜੀ ਦੀ ਜ਼ਿੰਦਗੀ ਬਿਤੀਤ ਕਰਨ ਦਾ ਤ੍ਰੀਕਾ ਤੇ ਨਿਰਬਾਹੁ ਦਾ ਢੰਗ

ਜੋ ਕੁਛ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਘਰੋਗੀ ਸੁਭਾਵਾਂ ਨੂੰ ਤੇ ਉਸਦੀ ਨਿੱਜਦੀ ਜ਼ਿੰਦਗੀ ਦੇ ਲਗਾਉ ਨੂੰ ਸਿੱਧ ਕਰ ਸਕੇਹਾਂ ਉਸਦਾ ਵਰਨੰਨ ਇਸ ਕਿਤਾਬ ਵਿਖੇ ਨਾਂ ਕਰਨਾ ਜੀਵਣ ਚਰਿਤ੍ਰ ਦੇ ਲਿਖਣ ਦੇ ਫਰਜ਼ ਨੂੰ ਨਿਕੰਮਾਂ

ਕਰਨਾ ਹੈ ਇਸ ਵਾਸਤੇ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਅਸੀਂ ਕੁਛ ਏਥੇ ਲਿਖਦੇਹਾਂ ॥

ਗੁਰੂ ਗੋਬਿੰਦ ਸਿੰਘ ਜੀ ਸ਼ਰੀਰ ਦਾ ਭਾਰਾ ਤੇ ਤਕੜਾਸੀ ਕਦ ਜ਼ਰਾਕੁ ਉੱਚਾਸੀ ਸੂਰਤ ਤੇ ਬਨਾਵਟ ਵਿਖੇ ਬੜਾ ਪੱਕਾਸੀ ਤੇ ਮੇਹਨਤੀ ਤੇ ਕਰੜੇ ਕੰਮਾਂ ਵਿਖੇ ਚਿਤ ਲਾਉਨ ਵਾਲਾਸੀ ਆਪਨੂੰ ਸ਼ਿਕਾਰ ਦੀ ਭੂਮੀ ਉਪਦੇਸ਼ ਦੀ ਗਦੀ ਨਾਲੋਂ ਬੜੀ ਭਾਉਂਦੀ ਤੇ ਪਸੰਦ ਆਉਂਦੀਸੀ ਵਿਸ਼ੇਸ਼ ਕਰਕੇ ਉਸਦੀ ਜ਼ਿੰਦਗੀ ਦਾ ਭਾਗ ਸੈਰ ਸ਼ਿਕਾਰ ਵਿਖੇ ਬਿਤੀਤ ਹੁੰਦਾਸੀ ਤੇ ਦੂਸਰੇ ਆਪਨੇ ਸਿੱਖਾਂ ਨੂੰ ਭੀ ਇਸੇ ਪਾਸੇ ਵਲ ਪ੍ਰੇਰਦਾਸੀ ਰਿਛ, ਸ਼ੇਰ, ਸੂਰ, ਚੀਤੇ ਤੇ ਗੋਰਖਰਦਾ ਸ਼ਿਕਾਰ ਕਰਦਾਸੀ ਸ਼ਿਕਾਰ ਕੀਤੇ ਹੋਏ ਮਾਸ ਥੀਂ ਬਿਨਾਂ ਹੋਰ ਦੂਸਰਾ ਮਾਸ ਨਹੀਂ ਸੀ ਖਾਂਦਾ ਤੇ ਇਸੇ ਕਰਕੇ ਆਪਣੇ ਖਾਲਸਾ ਧਰਮ ਦੇ ਸਿੰਘਾਂ ਨੂੰ ਭੀ ਹੁਕਮ ਦਿੱਤਾਸੀ ਕਿ ਮੁਸਲਮਾਨਾਂ ਦੇ ਹੱਥਾਂ ਦਾ ਮਾਰਿਆ ਹੋਯਾ ਮਾਸ ਨਾਂ ਖਾਣਾ ਸਗੋਂ ਉਸਨੂੰ ਹਰਾਮ ਜਾਨਣਾ ਤੇ ਆਪ ਝਟਕਾ ਕਰਕੇ ਅਥਵਾ ਸ਼ਿਕਾਰ ਕਰਕੇ ਯਾ ਸ਼ਿਕਾਰ ਕੀਤਾ ਹੋਯਾ ਮਾਸ ਖਾਯਾ ਕਰਨਾ ਇਸ ਦਾ ਨਾਉ ਮਹਾਂ ਪ੍ਰਸ਼ਾਦ ਧਰਿਆਸੀ ਇਸਦੇ ਬਿਨਾਂ ਉਸਦੀ ਦ੍ਰਿਸ਼ਟੀ ਵਿੱਚ ਸਭ ਪ੍ਰਸ਼ਾਦ ਯਾ ਪ੍ਰਸ਼ਾਦੀਆਂ ਸਨ ਸ਼ਸਤ੍ਰਾਂ ਦਾ ਅਭਿਆਸ ਆਪ ਭੀ ਕਰਦਾ ਹੁੰਦਾ ਤੇ ਸਿੱਖਾਂ ਪਾਸੋਂ ਭੀ ਕਰਾਯਾ ਕਰਦਾਸੀ ਆਪਣੇ ਪੁੱਤ੍ਰਾਂ ਨੂੰ ਭੀ ਵਿਦਯਾ ਨਾਲੋਂ ਵਧਕੇ ਸ਼ਸਤ੍ਰ ਵਿਦਯਾ

ਬੋਹਤ ਸਿਖਾਈ ਜੇਹੜਾ ਸਿਖ ਸ਼ਸਤ੍ਰ ਤੇ ਘੋੜਾ ਭੇਟਾ ਦੇਂਦਾ ਉਸਪਰ ਬੜਾਹੀ ਖੁਸ਼ ਤੇ ਪ੍ਰਸੰਨ ਹੁੰਦਾਸੀ ਘੋੜੇ ਰਖਣ ਦਾ ਤੇ ਘੋੜੇ ਦੀ ਸਵਾਰੀਦਾ ਬੜਾਹੀ ਸ਼ੌਕ ਆਪਨੂੰ ਸੀ ਤੇ ਆਪ ਬੜੇ ਤਕੜੇ ਸ੍ਵਾਰੀ ਵਿਖੇ ਨਿਪੁਣਸੇ ਤਲਵਾਰ ਤੇ ਤੀਰ ਚਲਾਉਣ ਦਾ ਅਭਿਆਸ ਬੜਾ ਭਾਰਾ ਕੀਤਾ ਹੋਯਾਸੀ ਸ਼ਿਕਾਰ ਵਿਖੇ ਤੇਗੇਂ ਕਟਾਰੀ ਸਰੋਹੀ ਤੇ ਨੇਜ਼ੇ ਦਾ ਭੀ ਵਰਤਾਉ ਕਰਦੇ ਸੇ ਤਵੇਲੇ ਵਿਖੇ ਚੰਗੇ ਚੰਗੇ ਘੋੜੇ ਰਖਦੇ ਸੀ ਅਮੀਰਾਂ ਵਾਗੂੰ ਦਰਬਾਰ ਭੀ ਲਾਯਾ ਕਰਦੇ ਸੀ ਇੱਕ ਦੀਵਾਂਨ ਆਪਨਾਂ ਨਿਯਤ ਕੀਤਾ ਹੋਯਾਸੀ ਜੇਹੜਾ ਸਦੀਵ ਹੀ ਮੀਰ ਮੁਨਸ਼ੀ ਤੇ ਘਰਬਾਰਦਾ ਇੰਤਜ਼ਾਮ ਕਰਿਆ ਕਰਦਾਸੀ ਪੋਸ਼ਾਕ ਭੀ ਅਮੀਰਾਨਾਂ ਪੈਹਨਦੇ ਸੀ ਤਲਵਾਰ ਦਾ ਸਦੀਵ ਕਮਰ ਕਸਾ ਰਖਦੇ ਤੇ ਆਪਨੀ ਕਵਿਤਾਭੀ ਰੱਚਦੇ ਸੀ ਤੇ ਆਪਣੀ ਦੇਸ਼ਭਾਸ਼ਾ ਵਿਖੇ ਭਾਂਤ ਭਾਂਤ ਦੀ ਛੰਦਾਬੰਦੀ ਰਚਿਆ ਕਰਦੇ ਸੀ ਜੁੱਧ ਸਮੇਦੀ ਕਵਿਤਾਦੇ ਤਾਂ ਅਲੰਕਾਰ ਬੜੇਹੀ ਸੁੰਦਰ ਬੰਨ ਦੇਂਦੇ ਸੀ ਤੇ ਅਜੇਹੇ ਸੁੰਦਰ ਬਚਨ ਪੁਰ ਤਾਸੀਰ ਉਚਾ-ਰਦੇ ਸੀ ਜੋ ਸੁਨਨ ਵਾਲੇ ਪਰ ਬੜੀ ਛੇਤੀ ਹੀ ਅਸਰ ਪੈ-ਜਾਂਦਾਸੀ ਜਿਸਦਾ ਕੁਛ ਥੋੜਾ ਜੇਹਾ ਚਮਤਕਾਰਾ ਅਸੀਂ ਆਪਣੀ ਅੱਗੇ ਆਉਂਨ ਵਾਲੀ ਜਗਾਂ ਪਰ ਵਰਨਨ ਕਰਕੇ ਉਸਦੀ ਸ਼ਾਇਰੀ ਦਾ ਨਿਰੂਪਨ ਕਰਾਂਗੇ ਤੇ ਦਸਾਂਗੇ ਤੇ ਜਿੱਥੇ ਧਰਮ ਦੇ ਭਵਾਨ ਰਵਾਜਾਂਦੇ ਬੁਰੇ ਪਾਸੇ ਨੂੰ ਨਿਰੂਪਣ ਕਰਨ ਦਾ

ਮਮਾਸੀ ਓਥੇ ਛੰਦਾਬੰਦੀ ਵਿਖੇ ਅਜੇਹੇ ਜੋਰ ਵਾਲੀ ਤੇ ਪਕਜਾਈ ਦੀ ਅਜੇਹੀ ਚਾਸ਼ਨੀ ਰਖੀਹੈ ਕਿ ਸੁਨਨਵਾਲੇ ਨੂੰ ਪ੍ਰਸੰਨ ਕਰਦੇਂਦੀ ਹੈ ਇਸਥੀਂ ਵਧੀਕ ਕਿ ਆਪ ਤਾਂ ਕਵੀ ਸੀਹੀ ਹੋਰ ਬੌਹਤ ਸਾਰੇ ਕਵੀ ਆਪਣੇ ਦਰਬਾਰ ਵਿਖੇ ਨੌਕਰ ਰਖੇ ਹੋਏ ਸੇ ਜੇਹੜੇ ਵਾਰਤਕ ਤੇ ਛੰਦਾਬੰਦੀ ਵਿੱਚ ਆਪਣੀ ਨਿਪੁਣਤਾ ਮਾਤ੍ਰਸਾਰ ਬਾਣੀ ਸੇ ਰੱਚਕੇ ਉਨ੍ਹਾਂਦੇ ਸਨਮੁਖ ਕਰਦੇ ਸੇ ਤੇ ਗੁਰੂ ਗੋਬਿੰਦਸਿੰਘਜੀ ਉਨ੍ਹਾਂਦੀ ਬੁਧ ਬਲ ਅਨੁਸਾਰ ਸਤਕਾਰ ਕਰਦੇ ਸੀ ਨਵੀਨ ਕਵਿਤਾ ਦੇ ਰਚਨ ਥੀ ਵਿਸੇਸ਼ ਕਰਕੇ ਪੁਰਾਣੀਆਂ ਪੁਸਤਕਾਂ ਦੇ ਸੁਣਨ ਦੇ ਬੌਹਤ ਪ੍ਰੇਮੀ ਸਨ ਫ਼ਾਰਸੀ ਤੇ ਅਰਬੀ ਆਪ ਚੰਗੀ ਜਾਨਦੇ ਸੀ ਭਾਵੇਂ ਸੰਸਕ੍ਰਿਤ ਵਿਖੇ ਬੜੇ ਪੰਡਿਤ ਤਾਂ ਨਹੀਸੀ ਪਰ ਕੁਛ ਸੰਸਕ੍ਰਿਤ ਜਾਨਦੇ ਸਨ ਪੂਰਬਲੇ ਇਤਹਾਸਾਂ ਨੂੰ ਭਲੀ ਪ੍ਰਕਾਰ ਪ੍ਰੇਮ ਨਾਲ ਸੁਣਿਆ ਕਰਦੇ ਸੀ ਵਿਸ਼ੇਸ਼ ਕਰਕੇ ਜੰਗਾ ਜੁਧਾਂ ਦੇ ਇਤਿਹਾਸ ਸੁਣਿਆ ਕਰਦਾ ਸੀ ਤੇ ਬੌਹਤ ਸਾਰਾ ਸਮੇਂਦਾ ਭਾਗ ਇਸ ਵਿਖੇ ਖਰਚਦਾਸੀ ਉਪਨਿਸ਼ਦਾਂ, ਵੇਦ, ਉਪਵੇਦ ਪੁਰਾਨ ਸਿੰਮ੍ਰਿਤੀਆਂ ਭੀ ਸੁਨਦੇ ਹੁੰਦੇਸੀ ਤੇ ਹਿੰਦੂਆਂ ਦੇ ਕਈ ਭਾਤਾਂ ਦੇ ਧਰਮਾਂ ਥੀ ਚੰਗੇ ਜਾਨੂਸੀ ਓਹੁ ਵਿਦਯਾ ਮਿਤ੍ਰਸੀ ਕਵੀਆਂ ਤੇ ਪੰਡਿਤਾਂ ਨੂੰ ਆਪਣੇ ਪਾਸ ਰਖਦਾ ਹੁੰਦਾਸੀ ਤੇ ਉਨ੍ਹਾਂ ਦਾ ਯਥਾਯੋਗ ਸਤਕਾਰ ਕਰਿਆ ਕਰਦਾ ਆਪਣਿਆਂ ਕਈ ਸਿੱਖਾਂ ਨੂੰ ਵਿਦਯਾ ਪੜਨ ਲਈ

ਕਾਂਸ਼ੀ ਭੇਜਜਾਸੀ, ਜਿਸਦਾ ਕਾਰਨ ਇਹੁਸੀ, ਕਿ ਬ੍ਰਾਹਮਣਾਂ ਨੇ ਵੇਦ ਦੇ ਸੁਨਾਉਨਥੀਂ ਦਰਬਾਰ ਵਿਖੇਇਹੁ ਉਜ਼ਰ ਡਾਹਕੇ ਇਨਕਾਰ ਕੀਤਾਸੀ ਕਿ ਤੁਹਾਡੇ ਦਰਬਾਰਵਿਖੇਸ਼ੂਦਰ ਰੈਂਹਦੇ ਹਨ ਤੇ ਉਨ੍ਹਾਂ ਦੇ ਸਾਹਮਣੇ ਵੇਦ ਬਾਣੀ ਦਾ ਉਚਾਰਨ ਕਰਨਾਂ ਭੀ ਮਹਾਂ ਪਾਪ ਹੈ॥

ਇਹੁ ਗੁਰੂਭਾਵੇਂ ਗੁਰੂਨਾਨਕਦੇਵਜੀ ਦੀ ਤਰਾਂ ਰਾਗ ਵਿਦਜਾ ਦਾ ਤਾਂ ਪ੍ਰੇਮੀ ਨਹੀਸੀ ਪਰ ਤਾਂ ਭੀ ਓਹੁ ਬਾਣੀ ਸਦੀਵ ਹੀ ਸੁਣਿਆ ਕਰਦਾਸੀ ਵਿਸ਼ੇਸ਼ ਕਰਕੇ ਓਹੁ ਭਟਾਂ ਪਾਸੋਂ ਜੁੱਧ ਦੇ ਕਬਿੱਤ ਸ੍ਵੈਯੇ ਸੁਨ ਕਰਕੇ ਤੇ ਵਾਰਾਂ ਸੁਣਕੇ ਬੜਾਹੀ ਖੁਸ਼ ਹੁੰਦਾਸੀ ਤੇ ਇਸ ਵਿਖੇ ਆਪਦਾ ਬੜਾਹੀ ਪ੍ਰੇਮਸੀ॥

ਓਹੁ ਨਿੱਤ ਨੇਮੀ ਕਰਮਾਂ ਵਿਖੇ ਬੜਾ ਪੱਕਾ ਤੇ ਧੀਰਜੀ ਮਜ਼ਾਜ਼ਸੀ ਅੰਮ੍ਰਿਤ ਵੇਲੇ ਜਾਗਕੇ ਬਾਣੀ ਪੜ੍ਹਦਾ ਸਵੇਰੇ ਤੇ ਸਾਂਝ ਸਮੇ ਜਪਜੀ ਤੇ ਰਹੁਰਾਸ ਦਾ ਪਾਠ ਕਰਦਾਸੀ ਕੁਛਕ ਸਮਾਂ ਈਸ੍ਵਰ ਉਪਮਾਂ ਵਿਖੇ ਬਤੀਤ ਕਰਦਾ ਹੁੰਦਾਸੀ ਹੋਲੀਆਂ ਖੇਡਦਾ ਹੁੰਦਾਸੀ ਪਰ ਪਤਾ ਨਹੀ ਲਗਦਾ ਕਿ ਓਹੁ ਕਿਸ ਪ੍ਰਕਾਰ ਦੀਆਂ ਹੋਲੀਆਂ ਖੇਡਦਾਹੁੰਦਾਸੀ ਖ਼ਬਰੇ ਪਵਿਤ੍ਰ ਹੋਲੀਆਂ ਦੇ ਵਾਂਗੂ ਯਾਹਿੰਦੂਆਂ ਦੀਆਂ ਹੋਲੀਆਂ ਵਾਂਗੂੰ ਖੇਡਦਾ ਸੀ ਪ੍ਰਪਕ ਇਹੁ ਪ੍ਰਤੀਤ ਪੈਂਦਾਹੈ ਕਿ ਉਸ ਸਮੇਦੇ ਰਾਜੇ ਅਮੀਰ ਜਿਸ ਪ੍ਰਕਾਰ ਹੋਲੀਆਂ ਖੇਡਦੇ ਹੋਣਗੇ ਉਨ੍ਹਾਂ ਥੀਂ ਕੁਛ ਭੇਦ ਵਾਲੀਹੀ ਹੋਲੀ ਖੇਡਦੇ ਹੋਣਗੇ ਪਰ ਉਨ੍ਹਾਂ ਦੀ

ਸ਼ਕਲ ਵਰਗੀ ਹੀ ਹੋਲੀ ਹੁੰਦੀ ਹੋਵੇਗੀ ਇਸ ਗਲ ਦਾ ਕਿਧਰੋਂ ਠਿਕਾਣਾਂ ਨਹੀ ਲਭਦਾ ਕਿ ਓਹ ਹੋਲੀਆਂ ਦੇ ਸਮੇ ਪਰ ਯਾ ਕਿਸੇ ਹੋਰਸ ਸਮੇ ਪਰ ਨਾਚ ਰੰਗ ਵਿਖੇ ਮਿਲਦਾ ਹੋਵੇਗਾ ਇਸਦੀ ਵਲ ਭਰੋਸਾ ਹੈ ਕਿ ਉਸਦਾ ਵਿਚਾਰ ਮਾਤ੍ਰ ਭੀ ਨਹੀ ਹੋਯਾ ਹੋਵੇਗਾ ਕਿਉਜੋ ਵਿਸ਼ੇ ਵਿਕਾਰਾਂ ਦੇ ਸਮਾਂਨ ਉਸਦੇ ਉਪਦੇਸ਼ ਦੇ ਵਿਰੁੱਧ ਸਨ ਇਕ ਕਮਜ਼ੋਰ ਜੇਹੀ ਕਹਾਵਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅਫ਼ੀਮ ਖਾਣਦਾ ਆਦੀ ਸੀ ਤੇ ਲਿਖਜਾ ਹੈ ਕਿ ਭੰਗ ਭੀ ਪੀਂਦਾ ਹੁੰਦਾ ਸੀ ਤੇ ਇਹੁ ਭੀ ਪਤਾ ਮਿਲਦਾ ਹੈ ਕਿ ਜੁੱਧ ਦੇ ਸਮੇਂ ਪਰ ਰਸਦ ਪਾਣੀ ਦੇ ਇਕੱਤ੍ਰ ਕਰਨ ਸਮੇਂ ਆਪਣੇ ਜਥੇ ਵਾਸਤੇ ਭੰਗ ਤੇ ਅਫ਼ੀਮ ਭੀ ਅਕੱਠੀ ਕਰਕੇ ਰਖਦਾ ਹੁੰਦਾ ਸੀ ਇਹ ਕੋਈ ਨਿਰਾਲੀ ਅਸਚਰਜ ਗਲ ਤਾਂ ਨਹੀਂ ਹੈ ਅੱਜ ਕਲ ਭੀ ਅੰਗ੍ਰੇਜ਼ ਤੇ ਯੂਰੂਪ ਦੇ ਵਸਨੀਕ ਆਪਣੀ ਫ਼ੌਜਾਂ ਵਾਸਤੇ ਰਮ ਤੇ ਬੀਰ ਸ਼ਰਾਬ ਮਣਾਂ ਮੂੰਹੀ ਪਾਸ ਰਖਦੇ ਹਨ ਅਤੇ ਨਾਹੀਂ ਕੁਛ ਡਰ ਭੀ ਪ੍ਰਤੀਤ ਹੁੰਦਾ ਹੈ ਪਰ ਗਲ ਤਾਂ ਇਹੁ ਹੈ ਕਿ ਜੇਕਰ ਇਹੁ ਗਲ ਸਚੀ ਹੈ ਤਾਂ ਅਸਚਰਜ ਦੀ ਗਲ ਹੈ ਕਿ ਅਜੇਹਾ ਬੜਾ ਚਾਤੁਰ ਬੁਧਵਾਂਨ ਪੁਰਖ ਸਭਨੀ ਪਾਸੀ ਸੁਧਾਰ ਕਰੇ ਤੇ ਇਸ ਪਾਸੇ ਅਜੇਹੀ ਗ਼ਫ਼ਲਤ ਕਰੇ ਕਿ ਸਗੋਂ ਹੋਰਨਾਂ ਨੂੰ ਬੰਦ ਕਰਨ ਦੀ ਥਾਂ ਆਪ ਹੀ ਉਸਦਾ ਸੁਭਾਵਕ ਪ੍ਰੇਮ ਰਖੇ ਭਾਵੇਂ ਸਾਡੀ ਬੁਧੀ ਇਸ ਬਾਤ ਦੇ ਮੰਨਣ ਲਈ ਤਿਆਰ ਨਹੀਂ ਕਿ ਇਹੁ ਗਲ ਸਚੀ ਹੋਵੇਗੀ ਪ੍ਰੰਤੂ ਅਸਾਂ ਇਸ

ਬਾਤ ਦਾ ਨਿਰਣਾਂ ਕਰਨਾ ਇਸ ਵਾਸਤੇ ਇਸਥਾਂ ਆਰੰਭ ਕੀਤਾ ਹੈ ਕਿ ਸਾਡਾ ਧਰਮ ਹੈ ਕਿਉਂ ਜੋ ਬਹੁਤ ਸਾਰੀਆਂ ਜਨਮ ਸਾਖੀਆਂ ਵਿਖੇ ਵਰਣਨ ਹੈ ਜੇਹੜੇ ਵਰਤੰਤ ਅਜੇਹੇ ਪੁਰਖੋਤਮ ਬੀਰ ਦੇ ਜੀਵਣ ਚਰਿਤ੍ਰ ਦੇ ਨਾਲ ਹੀ ਲਿਖਦੇ ਚਲੇ ਆਏ ਹਨ ਉਨ੍ਹਾਂ ਦਾ ਵਰਨੰਨ ਕਰਦੇਣਾ ਭੀ ਅਵਸ਼ਕਤਾ ਰਖਦਾ ਹੈ ਪਾਠਕਾਂ ਨੂੰ ਇਖ਼ਤਿਆਰ ਹੈ ਜੋ ਚਾਹੁਣ ਉਸਦਾ ਨਤੀਜਾ ਕੱਢ ਲੈਣ ਪ੍ਰੰਤੂ ਸ਼ਰਾਬ ਪੀਣ ਦੇ ਲਈ ਕਿਧਰੇ ਭੀ ਨਹੀਂ ਲਿਖਯਾ ਅਤੇ ਸ਼ਰਾਬ ਦੇ ਮੱਦ ਨੰ ਉਹ ਬੁਰੀ ਜਾਣਦਾ ਸੀ॥

ਉਸਦੀ ਜ਼ਿੰਦਗੀ ਸਮੇਂ ਖ਼ਾਲਸਾ ਧਰਮ ਕਿਤਨਾਕੁ ਪਸਰਿਆ ਸੀ

ਗੁਰੂ ਗੋਬਿੰਦ ਸਿੰਘ ਜੀ ਦੇ ਉਦੇਸ਼ ਤੇ ਖ਼ਾਲਸਾ ਧਰਮ ਦੀ ਤਰਕੀਬ ਨੇ ਜੱਟਾਂ ਤੇ ਦੂਸਰੇ ਹਿੰਦੂਆਂ ਵਿਖੇ ਮਕਬੂਲਆਮ ਤੇ ਪਸੰਦ ਤਮਾਮ ਦੀ ਪਦਵੀ ਪ੍ਰਾਪਤ ਕਰ ਲਈ ਤੇ ਉਸਦੇ ਸਹਲੇ ਹੀ ਸਮਝ ਵਾਲੇ ਨਿਯਮ, ਬੰਧਹੀਨ ਰਵੱਯਾ ਤੇ ਤਰੀਕ ਜ਼ਿੰਦਗੀ ਵਿਖੇ ਕਿਤਨਾਕੁ ਅਸਰ ਸੀ ਜੋ ਥੋੜ੍ਹੇ ਹੀ ਸਮੇਂ ਵਿਖੇ ਉਸਦੇ ਉਦੇਸ਼ ਨੇ ਫਲ ਉਤਪਤ ਕਰ ਲੀਤਾ ਤੇ ਹਜ਼ਾਰਾਂ ਹੀ ਪੁਰਖ ਸਿਖ ਬਣ ਕੇ ਉਸਦੇ ਸਿੰਘ ਹੋਗਏ ਜੱਟ ਜਿਨ੍ਹਾਂ ਨੂੰ ਛੋਟੀ ਜਾਤਵਾਲੇ ਸ਼ੂਦਰ ਜਾਣਿਆ ਜਾਂਦਾ ਸੀ ਸੋ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਏਕਤਾ ਵਾਲੇ ਸਰ ਨੂੰ ਅਜੇਹੇ ਭੌਜ ਕੇ

ਕੇ ਆਏ ਜਿਵੇਂ ਕੋਈ ਚਿਰਾਂਦਾ ਤਿਹਾਯਾ ਹੋਯਾ ਬਿਆਕੁਲ ਪਾਣੀ ਦੇ ਸਰ ਨੂੰ ਭੱਜਦਾ ਹੈ ਇਸੇ ਤਰਾਂ ਇਧਰ ਨੂੰ ਭੱਜਕੇ ਆਏ ਕਿਉਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅਤਜੈਤ ਹੀ ਸੱਚੇ ਦਿਲ ਨਾਲ ਤੇ ਹਿੰਦੂਆਂ ਦੇ ਲਈ ਪ੍ਰਿਯ ਭਾਵ ਨਾਲ ਇਹੁ ਕਾਰਜ ਅਰੰਭਿਆ ਸੀ ਸਭਨਾਂ ਲੋਕਾਂ ਨੇ ਉਸਦੀ ਕਦਰ-ਦਾਨੀ ਕੀਤੀ ਤੇ ਉਸਦੇ ਖ਼ਾਲਸਾ ਧਰਮ ਨੂੰ ਆਪਣੇ ਸਮੇਂਦੀ ਲੋੜਦੇ ਅਨੁਸਾਰ ਜਾਣਕੇ ਉਸਨੂੰ ਗ੍ਰੈਹਣ ਕਰਨ ਲੱਗੇ ਅਤੇ ਉਸਦੇ ਸਿੱਖਾਂ ਦੀ ਗਿਣਤੀ ਦਿਨੋਂ ਦਿਨ ਵਾਧੇ ਪੈਗਈ ਸਿਖਾਂ ਵਿਖੇ ਸੌ ਵਿਸਵੇ ਹੋਰ ਖ਼ੂਬੀ ਤਾਂ ਕੋਈ ਨਹੀਂ ਸੀ ਪ੍ਰੰਤੂ ਤਾਂ ਭੀ ਉਸਵਿੱਚਇਕਖ਼ੂਬੀਵਧੀਆਸੀਜਿਸਦੇਹੋਣਦਾਇਨਕਾਰ ਭੀ ਨਹੀਂ ਹੋਸਕਦਾ ਜੋ ਉਸਨੇ ਉਨ੍ਹਾਂ ਜ਼ਾਤਾਂ ਨੂੰ ਆਪਣੀ ਵਲ ਬੜੇ ਜ਼ੋਰ ਨਾਲ ਖਿੱਚਿਆ ਜਿਨ੍ਹਾਂ ਨੂੰਕਦੇ ਭੀ ਕੰਮ ਵਿਖੇ ਲਿਆਉਨ ਦੀ ਕੋਸ਼ਸ਼ ਹੀ ਨਹੀਂ ਸੀ ਕੀਤੀ ਗਈ ਅਤੇ ਬਿਲਕੁਲ ਨਿਕੰ-ਮੀਆਂ ਤੇ ਖ਼੍ਵਾਰ ਕੇਵਲ ਸੇਵ ਕਾਈ ਵਾਸਤੇ ਹੀ ਉਤਪਤ ਹੋਈਆਂ ਸਮਝੀਆਂ ਜਾਂਦੀਆਂ ਸਨ ਕੁਛ ਸੰਦੇਹ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਇਹੁ ਜੱਥਾ ਸਿੰਘ ਸੱਚੇ, ਸੂਰਮੇ, ਹਿੰਮਤ ਹੌਸਲੇ ਵਾਲੇ ਪੱਕੇ ਭਰੋਸੇ ਵਾਲੇ ਉਨ੍ਹਾਂ ਵਡੀਆਂ ਜ਼ਾਤਾਂ ਵਿੱਚੋਂ ਨਹੀਂ ਸਨ ਜੇਹੜੇ ਆਖਦੇ ਤਾਂ ਸੇ ਅਸੀ ਖਤ੍ਰੀ ਖਤ੍ਰੀਹਾਂ ਪਰ ਆਪਣੀਆਂ ਧੀਆਂ ਮੁਸਲਮਾਨਾਂ ਨੂੰ ਦੇਂਦੇ ਚਲੇ ਜਾ ਰਹੇ ਸੇ ਤੇ ਨਾਂ ਹੀ ਉਸ ਜ਼ਾਤ ਉੱਚੀ ਬ੍ਰਾਹਮਣਾਂ ਵਿਚੋਂ ਸੀ ਜੇਹੜੇ ਦੇਸ਼ ਨੂੰ ਆਪਣੀ

ਧੋਤੀ ਦੀ ਇਜ਼ਤ ਦੇ ਬਦਲੇ ਵੇਚਣ ਨੂੰ ਤਿਆਰ ਸੇ ਤੇ ਜਿਨ੍ਹਾਂ ਦੀਆਂ ਇਜ਼ਤਾਂ ਤੇ ਇਸਤ੍ਰੀਆਂ ਗ਼ਜ਼ਨੀ ਦੇ ਬਾਜ਼ਾਰਾਂ ਵਿਖੇ ਦੋ ਦੋ ਦੀਨਾਰ ਅਰਥਾਤ ੧) ਯਾ ੧।।) ਨੂੰ ਵਿਕੀਆਂ ਸੀ ਪ੍ਰੰਤੂ ਇਹ ਉਹ ਜੱਥਾ ਸੀ ਕਿ ਆਪਣੇ ਮਾਸ ਤੇ ਹੱਡੀਆਂ ਦਾ ਅੰਬਾਰ ਕਰਕੇ ਹਿੰਦੂ ਕੌਮ ਨੂੰ ਇਜ਼ਤ ਦੇ ਉਚੇ ਚਬੂਤ੍ਰੇ ਪਰ ਬੈਠਾਉਣ ਲਈ ਤਿਆਰ ਸੀ ਤੇ ਆਪਣੇ ਲਹੂ ਨਾਲ ਸੱਤ ਸੌ ਵਰਿਹਾਂ ਦਾ ਹਿੰਦੂਆਂ ਨੂੰ ਜੋ ਦਾਗ਼ ਬੇਇਜ਼ਤੀ ਤੇ ਬੇਹੁਰਮਤੀ ਦਾ ਲਗਾ ਹੋਯਾ ਸੀ ਉਸਨੂੰ ਧੋਣ ਲਈ ਤੇ ਆਪਣੀਆਂ ਜਾਨਾਂ ਕੌਮੀਅਤ ਦੇ ਜੋਸ਼ ਵਿਖੇ ਦੇਣ ਵਾਸਤੇ ਸਗੋਂ ਉੱਚੀ ਕਰਨ ਖਾਤ੍ਰ ਆਏ ਸੇ ਏਸੇ ਹੀ ਗ਼ਰੀਬ ਜੱਥੇ ਨੂੰ ਦੇਖ ਕੇ ਆਪਣੀ ਵਡਿਆਈ ਤੇ ਜ਼ਾਤ ਅਭਿ-ਮਾਨ ਨੂੰ ਧਾਰਕੇ ਪਹਾੜੀ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੋਲੀ ਮਾਰੀ ਸੀ ਕਿ ਕੀਹ ਤੁਸੀ ਇਨ੍ਹਾਂ ਚਿੜੀਆਂ ਪਾਸੋਂ ਸਹਾਇਤਾ ਲੈਕੇ ਦੇਸ਼ ਭਗਤੀ ਕਰੋਗੇ ਤੇ ਇਨ੍ਹਾਂ ਬਿੱਲੀਆਂ ਪਾਸੋਂ ਸ਼ੇਰਾਂ ਦਾ ਮੁਕਾਬਲਾ ਕਰਾਵੋਗੇ ਇਹੁ ਨਹੀਂ ਹੋਸਕੇਗਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਉਸਦਾ ਉਤ੍ਰ ਇਹੁ ਦਿੱਤਾ ਸੀ ਕਿ ਸਵਾ ਲਾਖ ਸੰਗ ਏਕ ਲੜਾਊਂ ॥ ਚਿੜੀਆਂ ਪਾਸੋਂ ਬਾਜ਼ ਤੁੜਾਊਂ ॥ ਬਿੱਲੀਆਂ ਥੀਂ ਮੈਂ ਸ਼ੇਰ ਮਰਾਊਂ ॥ ਤਬੀ ਗੋਬਿੰਦ ਸਿੰਘ ਜੀ ਨਾਮ ਧਰਾਊਂ ॥

ਇਸ ਬਾਤ ਵਿਖੇ ਭੇਦ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਹੁ ਬਚਨ ਕਿਸ ਸਮੇ ਪਰ ਉਚਾਰਿਆ ਸੀ ਪ੍ਰੰਤੂ ਇਸ ਵਿਖੇ ਭੀ

ਇਨਕਾਰ ਨਹੀਂ ਕਿ ਉਸਨੇ ਇਹੁ ਬਚਨ ਜ਼ਰੂਰ ਉਚਾਰੇ ਭਾਵੇਂ ਕਿਸੇ ਸਮੇ ਉਚਾਰੇ ਕਿਉਂ ਜੀ ਸ੍ਰੀਮਿਓਂ ਇਹੁ ਬਚਨ ਗੁਰੂ ਨੇ ਆਪਣਾਂ ਸੰਪੂਰਨ ਪੂਰਾ ਨਹੀਂ ਕੀਤਾ? ਕੀਤਾ ਤੇ ਬੜੀ ਚੰਗੀ ਤਰਾਂ ਨਾਲ ਕੀਤਾ ਉਸਦੇ ਸਿੰਘ ਜਿਸ ਭਾਂਤ ਦੀ ਬਨਾਵਟ ਦੇ ਬਣੇ ਹੋਏ ਸੇ ਤੇ ਜਿਸਤਰਾਂ ਦਾ ਸਿਦਕ ਭਰੋਸਾ ਆਪਣੇ ਗੁਰਾਂ ਪਰ ਉਨ੍ਹਾਂ ਦਾ ਸੀ ਉਸਦਾ ਦ੍ਰਿਸ਼ਟਾਂਤ ਅਸੀ ਪੰਜਾਂ ਪਿਆਰਿਆਂ ਦੇ ਵਰਤਾਂਤ ਵਿਖੇ ਦਿਖਾਹੀ ਚੁੱਕੇ ਹਾਂ ਤੇ ਉਸਦੇ ਸਿੰਘਾਂ ਦੀ ਬਹਾਦੁਰੀ ਨਿਡਰਤਾ, ਯੁੱਧ, ਬੀਰਤਾ ਤਾਂ ਅਗਲੇ ਹਾਲ ਥੀਂ ਆਪੇ ਹੀ ਚੰਗੀ ਤਰਾਂ ਨਾਲ ਪ੍ਰਗਟ ਹੋ ਜਾਵੇਗੀ ਜੇਹੜਾ ਵਿਰਤੰਤ ਗੁਰੂ ਗੋਬਿੰਦ ਸਿੰਘ ਜੀ ਦੇ ਸਮੇ ਵਿਖੇ ਹੀ ਹੋਯਾ ਫੇਰ ਅਜ ਤੀਕ ਭੀ ਪ੍ਰਗਟ ਹੈ ਪ੍ਰੰਤੂ ਉਸਦਾ ਨਮੂਨਾਂ ਅਸੀ ਦੋਹੀ ਦ੍ਰਿਸ਼ਟਾਂਤਾਂ ਦ੍ਵਾਰਾ ਦਿਖਾਕੇ ਬਸ ਕਰਾਂਗੇ॥

ਇਕ ਵੇਰੀ ਗੁਰੂ ਜੀ ਚਾਨਚੱਕ ਦਰਬਾਰ ਵਿਖੇ ਬੋਲ ਉੱਠੇ ਕਿ ਸਾਂਨੂੰ ਇੱਕ ਸਿਖਨੇ ਬੰਦੂਕ ਭੇਟਾ ਕੀਤੀ ਹੈ ਤੇ ਅਸੀ ਇਸ ਨੂੰ ਪਰਤਾ ਉਣ ਵਾਸਤੇ ਇੱਕ ਸਿੱਖ ਦੀ ਬਲੀ ਕਰਨੀ ਚਾਹੁੰਦੇ ਹਾਂ ਸੋ ਨਿਕਲੋ ਇਹ ਵਾਕ ਸੁਣਦੇ ਸਾਰ ਕਈ ਸਿੰਘ ਤਿਆਰ ਹੋਗਏ ਤੇ ਸਾਰੇ ਹੀ ਆਖਦੇ ਸੇ ਜੋ ਹੇ ਸਤਿਗੁਰੋ ਮੈਨੂੰ ਪੈਹਿਲੇ ਨਿਸ਼ਾਨਾਂ ਕਰੋ॥

ਇੱਕ ਵੇਰੀ ਹੱਸਦੇ ਹੱਸਦੇ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਸਿੱਖ ਵਲ ਸੈਨਤ ਮਾਰੀ ਕਿ ਇਸਨੂੰ ਚੱਟਪਟ ਲੈਜਾਕੇ ਫਾਹੇ

ਦੇ ਵਿਓ ਕੋਈ ਕਾਰਣ ਨਾਂ ਦੱਸਿਆ ਤੇ ਨਾਂਹੀ ਕੋਈ ਕਸੂਰ ਪ੍ਰਗਟ ਕੀਤਾ ਸਗੋਂ ਇਹੁ ਆਖਿਆ ਕਿ ਗੁਰਾਂਨੂੰ ਉਸਦੇ ਸਿਰ ਦੀ ਲੋੜ ਹੈ ਉਸ ਸਿੱਖ ਨੇ ਕੋਈ ਨਾਹੁ ਨੁਕੱਰ ਨਾਂ ਕੀਤੀ ਤੇ ਸਿਰ ਪੇਸ਼ਕਰ ਦਿੱਤਾ ਤਾਂ ਗੁਰੂ ਗੋਬਿੰਦ ਸਿੰਘ ਜੀ ਉਸਪਰ ਬੜੇਹੀ ਪ੍ਰਸੰਨ ਹੋਏ ਤੇ ਬਚਨ ਕੀਤਾ ਕਿ ਅਜੇਹੇ ਸਿਦਕੀ, ਭਰੋਸੇ ਵਾਲਿਆਂ ਪਾਸੋਂ ਹੀ ਹਿੰਦੂ ਜਾਤੀ ਦੇ ਉਧਾਰ ਦਾ ਕੰਮ ਪੂਰਨ ਹੋਵੇਗਾ ॥

ਗੁਰੂ ਜੀ ਦੀ ਧਰਮੀ ਭੇਦਤਾਈ ਅਤੇ ਉਸਪਰ ਚੜਾਈ

ਪ੍ਰੰਤੂ ਖੱਤ੍ਰੀ ਸੰਤਾਨਦੇ ਰਾਜਿਆਂ ਤੇ ਬ੍ਰਾਹਮਣਾਂ ਨੇ ਆਪਨੇ ਨਿਯਮਾਂ ਅਨੁਸਾਰ ਗੁਰੂ ਗੋਬਿੰਦਸਿੰਘਜੀ ਨਾਲ ਕੀਹ ਵਰਤਾਰਾ ਕੀਤਾ ਝਟਪਟਹੀ ਉਸਦੇ ਉਦੇਸ਼ ਤੇ ਉਸਦੀ ਜ਼ਾਤਦੇ ਵਿਰੁਧ ਹੋਗਏ ਬ੍ਰਾਹਮਣਾਂ ਨੇ ਜ਼ਾਤ ਦਾ ਬੰਧਨ ਤੇ ਜਨੇਊ ਦੀ ਰਸਮ ਟੁੱਟਦੀ ਹੋਈ ਦੇਖਕੇ ਬੜਾਹੀ ਰੌਲਾ ਮਚਾ ਦਿੱਤਾ ਤੇ ਗਿਰਦ ਨਿਵਾਹ ਦੇ ਪਹਾੜੀ ਰਾਜਿਆਂ ਨੂੰ ਸਿਖਾਯਾ ਕਿ ਹਿੰਦੂ ਧਰਮ ਜਾਂਦਾ ਰਿਹਾ ਜੇ ਨਿਸ਼ਟ ਹੋਗਿਆ ਜੇ ਡੁੱਬ ਗਿਆ ਜੇ ਗਲ ਕਾਹਦੀ ਸੀ ਇਸਤ੍ਰਾਂ ਭਮਲ੍ਹਾ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਵਿਰੁਧ ਖੜੇ ਕਰ ਦਿੱਤਾ ਪਹਾੜੀ ਰਾਜੇ ਭੀ ਕੁਛ ਤਾਂ ਇਸ ਕਰਕੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨੀਚ ਜ਼ਾਤਾਂ ਵਾਲੇ ਪੁਰਖਾਂ ਨੂੰ ਉਨ੍ਹਾਂ ਦੇ

ਬਰਾਬਰ ਕਰਨਦੀ ਕੋਸ਼ਸ਼ ਕੀਤੀ ਸੀ ਤੇ ਦੂਜੇ ਇਸ ਈਰਖਾ ਕਰਕੇ ਕਿ ਕਿਧਰੇ ਉਹ ਬਲਵਾਨ ਤਾਕਤ ਨਾਂ ਪਕੜ ਜਾਵੇ ਤੇ ਸਾਡੀਆਂ ਹੀ ਜੜ੍ਹਾਂ ਪੱਟ ਸੁੱਟੇ ਇਸ ਵਾਸਤੇ ਵਿਰੋਧੀ ਬਣ ਗਏ ਸੇ ਜ਼ਾਤੀ ਵੈਰ ਤਾਂ ਪੈਹਲੇ ਭੀ ਕੁਛ ਪਹਾੜੀ ਰਾਜਿਆਂ ਦਾ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਸੀ ਸੋ ਇਸ ਵਾਸਤੇ ਬ੍ਰਾਹਮਣਾਂ ਨੇ ਪਹਾੜੀ ਰਾਜਿਆਂ ਨੂੰ ਉਕਸਾਯਾ ਕਿ ਗੁਰੂ ਗੋਬਿੰਦ ਜੀ ਜੋ ਹਿੰਦੂਆਂ ਦੇ ਧਰਮ ਦਾ ਵੈਰੀ ਹੈ ਉਸਨੂੰ ਅਜੇਹਾ ਸਤਾਯਾ ਲੋੜੀਏ ਕਿ ਉਹ ਸਾਹੁ ਭੀ ਨਾਂ ਲੈ ਸਕੇ ॥

ਪਹਾੜੀ ਰਾਜਿਆਂ ਨੂੰ ਭੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖ਼ਾਲਸਾ ਧਰਮ ਦੇ ਪ੍ਰਸ਼ਾਦ ਅੰਗੀਕਾਰ ਕਰਨ ਲਈ ਕਹਲਾ ਭੇਜਿਆ ਸੀ ਪਰ ਓਹੁ ਉੱਚੀ ਜ਼ਾਤ ਦੇ ਅਭਿਮਾਨ ਵਿਖੇ ਸੜ ਗਏ ਤੇ ਸਗੋਂ ਗੁਰੂ ਗੋਬਿੰਦ ਸਿੰਘ ਜੀ ਦੇ ਵੈਰੀ ਬਣਗਏ ਓ ! ਹਿੰਦੂ ਕੋਮ ਤੇਰੇ ਨਾਲੋਂ ਕ੍ਰਿਤਘਨ ਹੋਰ ਕੇਹੜਾ ਵਡਾ ਹੋਸਕਦਾ ਹੈ ਤੇਰੇ ਵਰਗੀ ਨਾਂਸ਼ੁਕਰੀ ਹੋਰ ਕਿਸ ਕੌਮ ਵਿਖੇ ਹੈ ਸੱਚੇ ਕੌਮੀ ਭਗਤਦੀ ਕਦਰਦਾਨੀ ਨਾਂ ਕਰਨਦੀ ਵਿਚਾਰ ਤੁਹਾਡੇ ਨਾਲੋਂ ਵਧਕੇ ਕਿਸ ਕੌਮ ਵਿਖੇ ਹੈ ਸਿਦਕ ਤੇ ਦੇਸ਼ ਭਗਤੀ ਕਰਨ ਵਾਲੇ ਨੂੰ ਦੁੱਖ ਦੇਣ ਦੀ ਤਿਆਰੀ ਕਰਨੀ ਹੋਰ ਕੇਹੜੇ ਪਸ਼ੂਆਂ ਵਿਖੇ ਹੈ ਓਹੁ ਗੁਰੂ ਗੋਬਿੰਦ ਸਿੰਘ ਜੀ ਜੋ ਤੁਹਾਡੇ ਵਾਸਤੇ ਆਪਣੇ ਕੁਟੰਬ ਤੇ ਸੰਤਾਂਨਨੂੰ ਬਲਿਹਾਰੇ ਕਰਨ ਲਈ ਤਿਆਰੀ ਕਰ ਰਿਹਾਸੀ ਜੇਹੜਾ ਤੁਹਾਨੂੰ ਨੀਚਾਂ ਨੂੰ ਉੱਚੀ

ਪਦਵੀ ਬਖ਼ਸ਼ਣ ਦੀਧੁੰਨ ਵਿਖੇ ਲੱਗਾ ਹੋਯਾਸੀ ਉਸਦੇ ਵਿਰੁਧ ਤੁਸੀਂ ਹੀ ਈਰਖਾ ਤੇ ਦ੍ਵੈਖ ਨੂੰ ਧਾਰਕੇ ਖੜੇ ਹੋਰਹੇ ਹੋ ਇਸੇ ਹੀ ਕ੍ਰਿਤਘਨਤਾ ਦਾ ਫਲ ਹੈ ਤੇ ਇਸੇ ਹੀ ਈਰਖਾ ਦ੍ਵੈਖਤਾ ਦਾ ਨਤੀਜਾ ਹੈ ਕਿ ਤੁਸੀ ਸਦੀਵ ਦੇ ਲਈ ਸਿਵਕਾਈ ਵਿਖੇ ਹੀ ਰੈਹਨ ਵਾਸਤੇ ਪ੍ਰਯਤਨ ਕੀਤੇਗਏ ਹੋ ਗੁਰੂ ਗੋਬਿੰਦ ਸਿੰਘਜੀ ਦਾ ਉਦੇਸ਼ ਖਤ੍ਰੀ ਬਨਾਉਣ ਦਾ ਨਵੀਨ ਨਹੀਂ ਸੀ ਜਦ ਬੁੱਧ ਧਰਮ ਨੇ ਹਿੰਦੂਆਂ ਦੀ ਸਭ ਪਾਂਨਪਤ ਤੇ ਬ੍ਰਾਹਮਣੀ ਧਰਮ ਦੀ ਸਭ ਇਜ਼ਤ ਘੱਟੇ ਵਿਖੇ ਮਿਲਾ ਦਿੱਤੀ ਸੀ ਤਾਂ ਉਸ ਸਮੇ ਬਿੰਧਜਾਚਲ ਪਰਬਤ ਦੇ ਸ਼ੂਦਰਾਂ ਨੂੰ ਅਗਨੀਕੁਲ ਖਤ੍ਰੀ ਬਣਾ ਕੇ ਬੁੱਧਾਂ ਦਾ ਮੁਕਾਬਲਾ ਕਰਵਾਯਾਸੀ ਤੇ ਅਗਨੀ ਕੁਲ ਖਤ੍ਰੀ-ਆਂ ਥੀਂ ਬਿਨਾਂ ਇਹ ਕੰਮ ਨਹੀਂ ਸੀ ਚਲਣਾਂ॥

ਉਸਸਮੇ ਈਰਖਾ ਕਿੰਉਨਾਂ ਕੀੜੀ ਮੁੱਕਦੀਗਲ ਏਹੋ ਸੀ ਕਿ ਜੇਹੜੀਹੋਣੀਸੀਹੋਈਰਾਜਪੂਤ ਜ਼ਬਾਨੀਤਾਂ ਖੱਤ੍ਰਤਾਦੇਦਾਵੇਦਾਰ ਭਾਰਤ ਦੇ ਨਾਦਾਂਨ ਤੇ ਨਾਂਹੀ ਦਾਨਾ ਦੁਸ਼ਮਨ ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਸ਼ਟ ਦੇਣ ਲਈ ਤਿਆਰੀਆਂ ਕਰਨ ਲਗੇ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਮਹਾਂਨਬਲੀ ਦਿਲ ਅਜੇਹਿਆਂ ਕਸ਼ਟਾਂਥੀਂ ਨਾਂ ਤਾਂ ਡਰਨੇ ਵਾਲਾਸੀ ਤੇ ਨਾਹੀਂ ਉਸਨੂੰ ਕੋਈ ਦੁਖ ਦੇ ਹੀ ਸਕਦਾਸੀ ਪ੍ਰੰਤੂ ਉਸਦੇ ਉਤਮ ਉਦੇਸ਼ ਨੂੰ ਸਦਮਾਂ ਪੌਹਚਿਆ ਪਰ ਉਸਗਿਰਦ ਨਿ ਵਾਹ ਦੇ ਖਤ੍ਰੀਆਂ ਤੇ ਬ੍ਰਾਹਮਣਾਂ ਪਰ ਬੇਗ਼ੈਰਤੀ ਤੇ ਕਾਇਰਤਾ

ਦਾਗ਼ ਨਾਲੋਂ ਵਧੀਕ ਆਕ੍ਰਿਤਘਨਤਾ ਦਾ ਭੀ ਦਾਗ਼ ਗਿਆ ਸੋ ਜਿਵੇਂ ਪੈਹਲੀ ਵਾਰ ਅਜੇਹਿਆਂ ਸਮਾਂ ਪਰ ਯਾ ਕਰਦਾ ਹੈ ਸੋ ਗੁਰੂ ਗੋਬਿੰਦ ਸਿੰਘ ਜੀ ਪਰ ਇਹੁ ਹੋਯਾ ਕ ਰਾਜਿਆਂ ਨੇ ਉਸਨੂੰ ਕਿਹਾ ਕਿ ਓਹੁ ਉਨ੍ਹਾਂ ਦੇ ਇਲਾਕੇ ਥੀਂ ਲਾ ਜਾਵੇ ਤੇ ਆਨੰਦ ਪੁਰ ਛਡ ਜਾਵੇ ਤੇ ਉਸਦੇ ਜੱਥੇ ਨੇ ਉਨ੍ਹਾਂ ਦੀ ਸੀਮਾਂ ਵਿਖੇ ਜੇਹੜਾ ਨੁਕਸਾਨ ਕੀਤਾ ਹੈ ਸੋ ਲੋਕਾਂ ਨੂੰ ਉਸ ਦੇ ਬਦਲੇ ਰੁਪਏ ਦੇ ਦੇਵੇ ਨਹੀਂ ਤਾਂ ਉਸ ਪਰ ਚੜ੍ਹਾਈ ਕੀਤੀ ਜਾਵੇਗੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਆਨੰਦ ਪੁਰ ਨੂੰ ਕਿਸਤ੍ਰਾਂ ਨਾਲ ਤਿਆਗ ਸਕਦਾ ਸੀ ਕਿਉਂ ਜੋ ਉਸਦੇ ਵੱਡਿਆਂ ਨੇ ਓਹੁ ਧਰਤੀ ਮੁਲ ਖ੍ਰੀਦਕੇ ਉਥੇ ਨਗਰ ਵਸਾਯਾ ਸੀ ਓਹੁ ਖੱਤ੍ਰਤਾ ਧਰਮ ਵਿਖੇ ਦ੍ਰਿੜ੍ਹ ਵਿਸ਼ਵਾਸੀ ਜੇਹੜਾ ਸਾਰੀ ਭਾਰਤ ਨੂੰ ਮੁਸਲਮਾਨਾਂ ਪਾਸੋਂ ਛਡਾਉਨ ਦੇ ਫ਼ਿਕਰ ਵਿੱਚ ਸੀ ਭਲਾ ਓਹ ਇਨ੍ਹਾਂ ਰਾਜਿਆਂ ਦੀਆਂ ਗਿਦੜ ਭੱਬਕੀਆਂ ਥੀਂ ਆਪਣਾ ਘਰ ਕਿਸਤ੍ਰਾਂ ਛਡ ਸੱਕਦਾ ਸੀ ਇਸ ਵਾਸਤੇ ਜੇਹਾ ਕਿ ਅਜੇਹੇ ਮਹਾਂਬੀਰ ਪਰ ਵਿਸ਼ਵਾਸ ਸੀ ਸੋਈ ਉਸ ਨੇ ਕੀਤਾ ਜੋ ਰਾਜਿਆਂ ਨੂੰ ਉਤ੍ਰ ਦਿੱਤਾ ਕਿ ਰੁਪੱਯਾ ਤਲਵਾਰ ਨਾਲ ਤੇ ਆਨੰਦ ਪੁਰ ਗੋਲੀ ਨਾਲ ਦਿੱਤਾ ਜਾਵੇਗਾ ਇਹੁ ਕਠੋਰ ਉਤ੍ਰ ਰਾਜਿਆਂ ਨੂੰ ਬੁਰਾ ਪ੍ਰਤੀਤ ਹੋਯਾ ਪੱਖੀ ਲੋਕ ਇਹੁ ਆਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਅਜੇਹਾ ਕਠੋਰ ਉਤ੍ਰ ਦੇਣਾ ਚੰਗਾ ਨਹੀਂ ਸੀ ਆਪਣੇ ਆਪ ਗੁਰੂ

ਗੋਬਿੰਦ ਸਿੰਘ ਜੀ ਨੇ ਅਜੇਹੇ ਕਠੋਰ ਤੇ ਸਖ਼ਤ ਬਚਨਾਂ ਦ੍ਵਾਰਾ ਆਪਣੇ ਉਦੇਸ਼ ਨੂੰ ਨੁਕਸਾਨ ਪੁਚਾਯਾ ਬਚਨਾਂ ਦ੍ਵਾਰਾ ਤਾਂ ਇਹ ਇਤਰਾਜ਼ ਸੋਹਣਾ ਤੇ ਠੀਕਹੈ ਪਰਲੰਮੀ ਦ੍ਰਿਸ਼ਟੀ ਦ੍ਵਾਰਾ ਏਹ ਇਤਰਾਜ਼ ਦਰੁਸਤ ਨਹੀਂ ਕੋਈ ਗੁਰੂ ਗੋਬਿੰਦ ਸਿੰਘ ਜੀ ਵਰਗਾ ਮਰਦਾਨਾ ਦਿਲ ਰਖਦਾ ਹੋਵੇ ਤੇ ਉਸ ਪਾਸੋਂ ਕੋਈ ਆਕੇ ਉਸਨੂੰ ਘਰ ਥੀਂ ਕਢੇ ਤੇ ਘਰ ਖੋਹਣਾ ਚਾਹੇ ਫੇਰ ਓਹ ਲੈਜਾਵੇ ਤਾਂ ਅਸੀਂ ਮੰਨੀਏਂ ਕਿ ਹਾਂ ਜਿਵੇਂ ਇਹ ਮਰਦੇ ਸੁਖ਼ਨ ਹੈ ਸੂਰਮਾ ਰਣ ਭੂਮੀ ਦਾ ਭੀ ਹੈ ਨਹੀਂ ਤਾਂ ਮਿੱਤ੍ਰਜੀ ਬਿਨਾਂ ਪ੍ਰੀਖਯਾ ਅਸੀ ਆਪਦੇ ਇਨ੍ਹਾਂ ਹੁੱਜਤ ਵਾਲੇ ਬਚਨਾਂ ਨੂੰ ਤੇ ਨੁਕਤਾ ਚੀਨੀਆਂ ਨੂੰ ਅੰਗੀਕਾਰ ਨਹੀਂ ਕਰਾਂਗੇ ਇਸਉਤ੍ਰ ਨੂੰ ਸੁਣਕੇ ਰਾਜਪੂਤਾਂ ਦਾ ਲਹੂ ਬਦਲੇ ਲੈਣ ਲਈ ਉਬਲਿਆ ਤੇ ਉਨ੍ਹਾਂ ਨੇ ਤਲਵਾਰਾਂ ਮਿਯਾਨਾਂਥੀਂ ਕੱਢੀਆਂ ਅਤੇਗੁਰੂ ਗੋਬਿੰਦ ਸਿੰਘਜੀ ਵਲ ਝੁਕਪਏ ਕਈ ਹੱਲੇ ਕੀਤੇ ਕਈਵੇਰੀ ਚੜ੍ਹਾਈ ਕੀਤੀ ਸੋ ਕੁਛਕ ਸੰਖੇਪ ਵਰਨੰਨ ਕਰਦੇਹਾਂ॥

ਗੁਰੂ ਗੋਬਿੰਦ ਸਿੰਘ ਜੀਨੇ ਹਿੰਦੂਆਂ ਦੀ ਬੇਤਮੀਜ਼ੀ ਰੂਪੀ ਹਨੇਰੀ ਤੇ ਮੁਸਲਮਾਨਾਂ ਦਾ ਤਅੱਸਬ ਰੂਪੀ ਸਲਾਬੇ ਵਿਖੇ ਹੀ ਖਾਲਸਾ ਧਰਮ ਨਿਯਤ ਕਰਕੇ ਬ੍ਰਾਹਮਣਾ ਤੇ ਮੁਲਾਣਿਆਂ ਦੇ ਝੂਠੇ ਨਿਸ਼ਚੇ ਤੇ ਨਿਕੰਮੇ ਗਪੌੜਿਆਂ ਪਰ ਤਾਂ ਫਤੇ ਪਾ ਲੀਤੀ ਸੀ ਪ੍ਰੰਤੂ ਮੁਸਲਮਾਨ ਬਾਦਸ਼ਾਹਾਂ ਦੀਆਂ ਫ਼ੌਜਾਂ ਨੂੰ ਹਰਾਉਣਾਂ ਅਜੇ ਬਾਕੀ ਸੀ ਜਿਸਵਾਸਤੇ ਓਹੁ ਮਨਸੂਬੇ ਪ੍ਰਪਿਕ ਕਰ ਰਿਹਾਸੀ

ਕਈ ਤਾਂ ਇਹੁ ਆਖ ਦੇਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਇਹੁ ਮਨਸੂਬੇ ਸੌਦਾਪੁਣੇ ਤੇ ਕਚੀ ਵਿਚਾਰਾਂ ਪਰ ਨਿਯਤ ਸਨ ਕਿਉਂ ਜੋ ਐਡੀ ਵਡੀ ਰਾਜਧਾਨੀ ਦਾ ਮੁਕਾਬਲਾ ਅਜੇਹੀ ਬੇਸਰੋਸਾਮਾਨੀ ਵਿਖੇ ਕਰਨਾਂ ਇੱਕ ਬੇਹੂਦਾ ਤੇ ਪਸ਼ੂਆਂ ਵਰਗੀ ਹੀ ਸਮਕ੍ਰ ਨਾਲ ਕੋਸ਼ਸ਼ ਕਰਨੀ ਹੈ ਹੋਰ ਕੁਛ ਨਹੀਂ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਦੇ ਵਿਰੁਧ ਇਹੁ ਹਮਲੇ ਹੀ ਬੇਹੂਦਾ ਸੇ ਕੇਵਲ ਉੱਦਮ ਤੇ ਹਿੰਮਤ ਦੀ ਹੀ ਲੋੜ ਸੀ ਏਸ਼ੀਆ ਦੀਆਂ ਰਾਜਧਾਨੀਆਂ ਭੀ ਤਾਂ ਅਕਸਰ ਇਕ ਹੀ ਪੁਰਖ ਦੀ ਹਿੰਮਤ ਤੇ ਉਦੱਮ ਦ੍ਵਾਰਾ ਨਿਯਤ ਹੋਈਆਂ ਸਨ ਨਾਦਰਸ਼ਾਹੁ ਦੀ ਰਾਜਧਾਨੀ, ਬਾਬਰ ਦੀ ਰਾਜ ਧਾਨੀ ਇਤਆਦਿਕ ਏਸੇ ਤਰਾਂ ਹੀ ਕਾਇਮ ਹੋਈਆਂ ਸਨ ਕਿ ਇੱਕ ਆਦਮੀ ਨੇ ਕੁਛ ਪੁਰਖ ਇੱਕਠੇ ਕਰਕੇ ਬਲ ਵਧਾਉਣਾਂ ਆਰੰਭਿਆ ਤੇ ਓੜਕ ਨੂੰ ਰਾਜਾਧਿਰਾਜ ਹੋਗਿਆ ਏਸੇ ਤਰਾਂ ਹੀ ਗੁਰੂ ਗੋਬਿੰਦ ਸਿੰਘ ਜੀ ਵਿਖੇ ਭੀ ਉਦਮ ਸੀ ਤੇ ਜਾਨਾਂ ਕੁਰਬਾਨ ਕਰਨ ਵਾਲਾ ਧਰਮ ਦਾ ਜੱਥਾ ਭੀ ਨਾਲ ਸੀ ਇਸ ਵਿਖੇ ਲੇਸ਼ਮਾਤ੍ਰ ਭੀ ਸੰਦੇਹ ਨਹੀਂ ਕਿ ਉਹੁ ਫਲ ਨੂੰ ਪ੍ਰਾਪਤ ਹੋ ਜਾਂਦਾ ਪ੍ਰੰਤੂ ਤਿੰਨ ਕਾਰਣ ਅਜੇਹੇ ਹੋਏ ਕਿ ਓਹੁ ਆਪ ਤਾਂ ਆਪਣੇ ਉਦੇਸ਼ ਵਿਖੇ ਕਾਮਯਾਬ ਨਾਂ ਹੋਸਕਿਆ ਜੋ ਆਪਣੇ ਸਮੇ ਵਿਖੇ ਮੁਸਲਮਾਨਾਂ ਦੀ ਰਾਜ ਧਾਨੀ ਦੀ ਜੜ੍ਹ ਪੁੱਟ ਜਾਂਦਾ ਪਰ ਓਹੁ ਅਜੇਹਾ ਜੰਗ ਜੋ ਫਿਰਕਾ ਤੇ ਕੌਮੀ ਜੋਸ਼ ਉਤਪਤ ਕਰ ਗਿਆ ਜਿਸ ਕਰਕੇ ਓੜਕ ਨੂੰ ਇਸਲਾਮੀ

ਰਾਜ ਧਾਨੀ ਨੂੰ ਘਾਟਾਹੋਯਾ ਅਰਥਾਤ ਨਿਸ਼ਟ ਹੋਗਈ ਉਸਦੇ ਸਮੇ ਵਿਖੇ ਨਾਕਾਮਯਾਬੀ ਦਾ ਪੈਹਲਾ ਕਾਰਣ ਇਹੁ ਹੈ ਕਿ ਓਹੁ ਸੇਵਾਜੀ ਵਾਂਗੂੰ ਚਾਲਬਾਜ਼ ਪੁਰਸ਼ ਨਹੀਂ ਸੀ ਅਤੇ ਫਰੇਬ ਕਰਨਾ ਭੀ ਧਾਰਮਕ ਗੁਰੂ ਹੋਣਦੇ ਕਾਰਨ ਉੱਚ ਪਦਵੀ ਵਾਸਤੇ ਠੀਕ ਨਹੀਂ ਸੀ ਜਾਣਦਾ ਕੇਵਲ ਬਾਹਾਂ ਦੇਬਲ ਨਾਲ ਹੀ ਕਾਮਯਾਬ ਹੋਣਾ ਚਾਹੁੰਦਾਸੀ ਜੋ ਕੁਛਕ ਕਠਿਨ ਭੀ ਸੀ ਫਰੇਬ ਤੇ ਕਾਨੂੰਨ ਜੰਗ ਦੀ ਜਾਂਨ ਹੁੰਦੇ ਹਨ ਅਤੇ ਸੋਈ ਗੁਰੂ ਗੋਬਿੰਦ ਸਿੰਘ ਜੀ ਵਰਤਣਾ ਨਹੀਂ ਚਾਹੁੰਦਾਸੀ ਇਸੇ ਕਾਰਨ ਕਰਕੇ ਓਹੁ ਕਾਮਯਾਬੀਓਂ ਦੂਰ ਰੈਹ ਗਿਆਸੀ ਦੂਸਰੇ ਗੁਰੂ ਗੋਬਿੰਦਸਿੰਘਜੀਨੇਪਹਾੜੀਰਾਜਿਆਂਨਾਲਮਿਤ੍ਰਤਾਈਕਰਨ ਦਾ ਭੀ ਉਪਾਉਨਾਂ ਕੀਤਾ ਅਤੇ ਆਪਣੇ ਘਰ ਵਿਖੇ ਹੀ ਯੁੱਧ ਕਰਨਾਂ ਆਰੰਭਿਆ ਅਤੇ ਇਸਕਰਕੇ ਹੀ ਰਾਜਿਆਂ ਨੇ ਧਰਮ ਦੇ ਵਿਰੁਧਦਾ ਬਹਾਨਾ ਲੈਕੇ ਲੜਾਈ ਸ਼ੁਰੂ ਕੀਤੀਸੀ ਇਹ ਭੀ ਗੁਰੂ ਗੋਬਿੰਦ ਸਿੰਘ ਜੀ ਦੇ ਲਈ ਬੜੀ ਹੀ ਬੇਇਜ਼ਤੀ ਦਾ ਕਾਰਣ ਸੀ ਤੇ ਜੁਵਾਂਨ ਹਿੰਮਤੀਥੀਂ ਦੂਰਸੀ ਜੋ ਉਨ੍ਹਾਂ ਦੇ ਇਸ ਧਰਮੀ ਲੜਾਈ ਝਗੜੇ ਦੇ ਚੈਲੰਜ ਨੂੰ ਸ੍ਵੀਕਾਰ ਨਾਂ ਕਰਦਾ ਸੋ ਅਜੇਹਾ ਬਲ ਪੱਕਾ ਨਹੀਂ ਸੀ ਹੋਯਾ ਜੋ ਉਸ ਨੂੰ ਉਸੇ ਸਮੇ ਹੀ ਪੈਹਲੇ ਹੀ ਰਣਭੂਮੀ ਵਿਖੇ ਆਉਣਾਂ ਪਿਆ ਇਸ ਕਰਕੇ ਭੀ ਕਾਮਯਾਬੀ ਕਠਿਨ ਹੋਗਈ ਤੀਸਰਾ ਕਾਰਣ ਇਹੁ ਕਿ ਭਾਂਵੇਂ ਗੁਰੂ ਜੀ ਸਾਹਿਬ ਹਿੰਮਤ ਤੇ ਖ਼ਾਲਸਾ ਜੀ ਉਨ੍ਹਾਂ ਦੀ ਫ਼ੌਜ ਵਿਖੇ

ਭੀ ਸੀ ਪ੍ਰੰਤੂ ਇੱਕ ਤਾਂ ਉਨ੍ਹਾਂ ਨੂੰ ਕਵਾਇਦ ਜੰਗ ਵਿਖੇ ਨਿਪੁਣ ਕਰਨ ਦਾ ਚੰਗਾ ਸਮਾਂ ਨਾ ਮਿਲਜਾ ਜੋ ਛੇਤੀ ਹੀ ਜੰਗ ਭੂਮੀ ਵਿਖੇ ਆਉਣਾਂ ਪਿਆ ਦੂਸਰਾ ਸਾਮਾਂਨ ਸ਼ਸਤ੍ਰ ਕਾਫ਼ੀ ਨਹੀਂ ਸੇ ਫੇਰ ਭੀ ਬੌਹੁਤ ਕੁਛ ਹੋਯਾ ਜਿਸਦਾ ਵਰਨੰਨ ਅੱਗੇ ਚਲਕੇ ਕਰਾਂਗੇ ਮੁਕਦੀ ਗਲ ਇਹੁ ਕਿ ਪਹਾੜੀ ਰਾਜਿਆਂ ਨੇ ਉਸਦੇ ਖ਼ਾਲਸਾ ਧਰਮ ਦੇ ਨਿਉਤੇ ਦਾ ਤਲਵਾਰ ਨਾਲ ਉਤ੍ਰ ਦੇਣਾਂ ਚਾਹਿਆ ਅਤੇ ਰਣਭੂਮੀ ਵਿਖੇ ਉਤ੍ਰ ਆਇ ਗਲ ਕਾਹਦੀ ਕਈ ਵਾਰੀ ਹਮਲੇ ਕੀਤੇ ਜੇਹਾਕੁ ॥

ਪੈਹਲਾ ਹਮਲਾ ਗੁਰੂ ਗੋਬਿੰਦ ਸਿੰਘ ਜੀ ਪਹਾੜ ਦੇ ਹੇਠਾਂ ਸ਼ਿਕਾਰ ਖੇਡ ਰਹੇਸੀ ਤਾਂ ਉਸਦੇ ਪਾਸ ਥੋੜਾ ਸਾਮਾਂਨ ਜਾਣਕੇ ਆਪਣਾਂ ਚੰਗਾ ਸਮਾਂ ਜਾਣਕੇ ਪਹਿਲਾ ਹਮਲਾ ਰਾਜੇ ਆਲਮ ਚੰਦ ਤੇ ਰਾਜੇ ਬਲੀਆ ਨੇ ਕੀਤਾ ਗੁਰੂਗੋਬਿੰਦ ਸਿੰਘਜੀਭੀ ਭਾਵੇਂ ਥੋੜੇ ਜੇਹੇ ਪੁਰਖ ਨਾਲ ਸੇ ਪਰ ਬੜੀ ਮਰਦਾਨਗੀ ਨਾਲ ਸਨਮੁਖ ਆਇ ਲੜਾਈ ਤਾਂ ਥੋੜਾ ਚਿਰ ਹੋਈ ਪਰ ਬੜਾ ਭਾਰਾ ਜੁੱਧ ਹੋਯਾ ਓੜਕ ਨੂੰ ਰਾਜਾ ਬਲੀਆ ਮਾਰਿਆ ਗਿਆ ਤੇ ਪੈਹਲਾ ਮੈਦਾਨ ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਆਯਾ ॥

ਦੂਸਰਾ ਹਮਲਾ ਇਸ ਹਾਰ ਥੀਂ ਪਹਾੜੀਆਂ ਨੂੰ ਬੜਾ ਕ੍ਰੋਧ ਆਯਾ ਤੇ ਚਿੱਪ ਚੜ੍ਹ ਗਈ ਤਾਂ ਪਹਾੜੀ ਰਾਜਿਆਂ ਨੇ ਆਪਣੇ ਸਰਹੱਦੀ ਮੁਸਲਮਾਨਾਂ ਤੇ ਸੂਬੇ ਸਿਰਹੰਦ ਦੀ ਫ਼ੌਜ ਥੀਂ ਆਪਣੀ ਕੁਮਕ ਲੈਣੀ ਅਤੇ ਆਨੰਦ ਪੁਰ ਪਰ ਹਮਲਾ ਕੀਤਾ ਤਿੰਨ ਦਿਨ ਤੀਕ

ਬੜੇ ਜ਼ੋਰ ਦੀ ਲੜਾਈ ਹੁੰਦੀ ਰਹੀ ਪੈਂਦੇਖ਼ਾਨ ਇਸੇ ਜੁੱਧ ਵਿਖੇ ਕੰਨ ਵਿਖੇ ਤੀਰ ਲਗਨ ਦੇ ਕਾਰਨ ਮਾਰਿਆ ਗਿਆ ਦੀਨ ਬੇਗ ਭੱਜ ਖਲੋਤਾ ਤੇ ਸਿੱਖਾਂਨੇ ਰੁਹਤਕ ਤੀਕ ਉਨ੍ਹਾਂ ਦਾ ਪਿੱਛਾ ਕੀਤਾ ਇਸ ਜੁੱਧ ਵਿਖੇਅਜੀਤ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਵਡੇ ਸਪੁਤ੍ਰ ਨੇ ਖ਼ੂਬਹੱਥ ਦਿਖਾਏ ਤੇ ਬਹਾਦੁਰੀ ਕੀਤੀ॥ ਕੇਸਰੀ ਚੰਦ ਭੀ ਇਸੇ ਜੁੱਧ ਵਿਖੇ ਮਾਰਿਆ ਗਿਆ ਲੋਕੀਂ ਆਖਦੇ ਹਨ ਕਿ ਇਸੇ ਜੁੱਧ ਵਿਖੇ ਆਨੰਦ ਪੁਰ ਦੇ ਕਿਲੇ ਦਾ ਬੂਹਾ ਭੰਨਣ ਵਾਸਤੇਵੈਰੀਆਂ ਨੇ ਮਸਤ ਹਾਥੀ ਨੂੰ ਅੱਗੇ ਕੀਤਾ ਸੀ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਖੱਤ੍ਰੀ ਸਿਖ ਦੁਨੀਚੰਦ ਨੂੰ ਆਗਿਆ ਕੀਤੀ ਕਿ ਓਹ ਅਗੇ ਵਧਕੇ ਹਾਥੀ ਨਾਲ਼ ਜੁੱਧ ਕਰੇ ਪ੍ਰੰਤੂ ਓਹੁ ਨੱਠ ਗਿਆ ਏਸ ਵਾਸਤੇ ਗੁਰੂ ਜੀ ਨੇ ਬਚਿੱਤ੍ਰ ਸਿੰਘ ਨੂੰ ਅੱਗੇ ਕੀਤਾ ਜੇਹੜਾ ਪੈਹਲੇ ਜ਼ਾਤ ਦਾ ਲੁਬਾਣਾ ਸੀ ਫੇਰ ਖ਼ਾਲਸਾ ਧਰਮ ਗ੍ਰੈਹਣ ਕਰ ਲੀਤਾ ਸੀ ਤਿਸਨੇ ਸੂਰ-ਮਤਾਈ ਨਾਲ ਹਾਥੀ ਨਾਲ ਜੁਧ ਕੀਤਾ ਤੇ ਤਿਸਨੂੰ ਪਛਾੜਿਆ ਇਸ ਦ੍ਰਿਸ਼ਟਾਂਤ ਥੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖਾਂ ਤੇ ਉਸ ਵੇਲੇ ਦੇ ਬ੍ਰਾਹਮਣਾਂ ਅਥਵਾ ਖਤ੍ਰੀਆਂ ਦਾ ਭੇਦ ਪ੍ਰਤੱਖ ਪ੍ਰਤੀਤ ਹੁੰਦਾ ਹੈ ਕਿ ਜੇਹੜੇ ਜ਼ਾਤ ਦੇ ਖਤ੍ਰੀ ਸੇ ਓਹੁ ਕਿਤਨੇਕ ਡਿਗ ਗਏ ਸੇ ਅਤੇ ਜਿਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਖਤ੍ਰੀ ਬਨਾਯਾ ਚਾਹੁੰਦੇ ਸੀ ਓਹੁ ਕੀਹ ਸਨ ਇਸ ਫ਼ਤੇ ਥੀਂ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਥੀਂ ਕੂਚ ਕਰਕੇ ਕੀਰਤ

ਪੂਰੇ ਜਾ ਰਹੇ ਤੇ ਇੱਕ ਬੜੀ ਉੱਚੀ ਪਹਾੜੀ ਪਰ ਆਪਣਾ ਡੇਰਾ ਜਮਾਯਾ ॥

ਤੀਸਰਾ ਹਮਲਾ ਇਸ ਹਾਰ ਥੀਂ ਚਿੱਪ ਖਾਕੇ ਪਹਾੜੀ ਰਾਜੇ ਸੂਬੇ ਸਿਰਹੰਦ ਪਾਸ ਫਿਰ ਆਏ ਤੇ ਵੀਹ ਹਜ਼ਾਰ ਰੁਪਏ ਰੋਕ ਦਿੱਤੇ ਅਤੇ ਆਖਦੇ ਹਨ ਕਿ ਭੀਮ ਚੰਦ ਨੇ ਇੱਕ ਸਾਕ ਆਪਣੀ ਸੰਤਾਨ ਕੁਲ ਵਿੱਚੋਂ ਮੁਸਲਮਾਨਾਂ ਨੂੰ ਦੇਕੇ ਗੁਰੂ ਗੋਬਿੰਦ ਸਿੰਘ ਜੀ ਨਾਲ ਲੜਾਈ ਕਰਨ ਨੂੰ ਤਿਆਰ ਕੀਤਾ ਗੁਰੂ ਗੋਬਿੰਦ ਸਿੰਘ ਜੀ ਨੇ ਭਾਵੇਂ ਕੁਛ ਕੱਠ ਕੱਠਾ ਕੀਤਾ ਸੀ ਤੇ ਤਿੰਨ ਚਾਰ ਕੋਟ ਭੀ ਬਨਾਏ ਸੇ ਤੇ ਨਾਹਣ ਦੇ ਪਾਸ ਇੱਕ ਪੌਂਟੇ ਨਗਰ ਵਿਖੇ ਭੀ ਛੋਟਾ ਜੇਹਾ ਕੋਟ ਬਣਾਯਾ ਸੀ ਚਮਕੌਰ ਵਿਖੇ ਭੀ ਕਿਲਾ ਬਣਾਯਾ ਸੀ ਇਹੁ ਕੋਟ ਲੋੜ ਵੇਲੇ ਕੰਮ ਆਉਣ ਲਈ ਬਨਾਏ ਸੇ ਗੁਰੂ ਗੋਬਿੰਦ ਸਿੰਘ ਜੀ ਨੂੰ ਰਾਜਾਧਿਰਾਜ ਹਿੰਦੁਸਤਾਨ ਦੇ ਵਿਰੁਧ ਕੰਮ ਕਰਨ ਦੇ ਫਲ ਥੀਂ ਭੀ ਚੰਗੀ ਵਾਕਫ਼ੀ ਸੀ ਤੇ ਉਸਨੂੰ ਪ੍ਰਤੀਤ ਸੀ ਕਿ ਇਹੁ ਸਾਰੇ ਕੋਟ ਕੀਹ ਕੰਮ ਦੇਣਗੇ ਪ੍ਰੰਤੂ ਰਾਜਿਆਂ ਦੀ ਵਿਰੋਧਤਾਈ ਨੇ ਇਨ੍ਹਾਂ ਸਭਨਾਂ ਗਲਾਂ ਪਰ ਪਾਣੀ ਫਿਰਾ ਦਿੱਤਾ ਤੇ ਇੱਕ ਜੁਧ ਥੀਂ ਮਗਰੋਂ ਦੂਜਾ ਤੀਜਾ ਚੌਥਾ ਉਪਰੋਂ ਬੜੀ ਫ਼ੌਜਾਂ ਦੀ ਚੜ੍ਹਾਈ ਹੁੰਦੀ ਰਹੀ ਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਆਪਨੂੰ ਭੀ ਸੰਭਾਲਣੇ ਦਾ ਸਮਾਂ ਨਾਂ ਮਿਲਿਆ ਓੜਕ ਉਸ ਪਾਸ ਕੁਛ ਥੋੜੇ ਜੇਹੇ ਸਿੱਖਾਂ ਥੀਂ ਬਿਨਾਂ ਕੀਕਣੀ ਆਮਦਨੀ ਦਾ ਕੋਈ ਵਸੀਲਾ ਨਹੀਂ ਸੀ ਕੇਵਲ

ਸਿੱਖੀ ਜੇਹੜੀ ਢਿਡੋਂ ਭੁੱਖੀ ਬਿਨਾਂ ਸ਼ਸਤ੍ਰਾਂ ਦੇ ਲੜਦੀ ਸੀ ਤੇ ਓਹੀ ਥੋੜੀ ਬੌਹਤ ਭੇਟਾ ਦੇਕੇ ਗੁਰੂ ਜੀ ਦੀ ਸਹਾਇਤਾ ਕਰਦੇ ਸੇ ਭਾਵੇਂ ਗੁਰੂ ਗੋਬਿੰਦ ਸਿੰਘ ਜੀਨੇ ਕਈ ਪਠਾਣ ਭੀ ਨੌਕਰ ਰਖ ਛੱਡੇ ਸੇ ਪਰ ਓਹ ਬੌਹਤ ਹੀ ਥੋੜੇ ਜੇਹੇ ਸੇ ਜਿਨ੍ਹਾਂ ਕਰਕੇ ਕੋਈ ਅਜੇਹਾ ਵਡਾ ਲਾਭ ਨਹੀਂ ਪ੍ਰਾਪਤ ਹੋ ਸਕਦਾ ਸੀ ਓੜਕ ਨੂੰ ਪਹਾੜੀ ਰਾਜਿਆਂ ਨੇ ਸੂਬੇਦਾਰ ਸਿਰਹੰਦ ਦੀ ਸਹਾਇਤਾ ਲੈਕਰਕੇ ਇੱਕ ਫ਼ੌਜ ਸਨੱਧਬੱਧ ਲੈਕਰ ਕੇ ਕੀਰਤ ਪੁਰ ਵਿਖੇ ੧੭ ਮਘਰ ਸੰਮਤ ੧੭੫੮ ਬਿਕ੍ਰਮੀ ਨੂੰ ਹਮਲਾਕੀਤਾ ਤੇ ਨਗਰ ਦੇ ਪਾਸ ਹੀ ਜੁੱਧ ਹੋਣ ਲੱਗਾ॥

ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਹਿੰਮਤ ਨਾਲ ਸਾਹਮਣਾਂ ਕੀਤਾ ਪ੍ਰੰਤੂ ਵੈਰੀ ਦਾ ਦਲ ਬੌਹਤ ਹੋਣ ਦੇ ਕਾਰਣ ਖੇਤ ਵਿਖੇ ਜੁਧ ਕਰਨਾ ਔਖਾ ਬਣਗਿਆ ਇਸ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਕਿਲੇ ਆਨੰਦ ਪੁਰ ਵਿਖੇ ਚਲੇ ਗਏ ਤੇ ਓਥੇ ਘੇਰੇ ਰਹੇ ਕੁਛ ਸਿੱਖ ਤਾਂ ਨਠ ਗਏ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖਕੇ ਦੇ ਗਏ ਗੁਰੂ ਜੀ ਨੇ ਉਨ੍ਹਾਂਨੂੰ ਬੇਦਾਵੇ-ਦਾਰ ਕਰ ਦਿੱਤਾ ਪ੍ਰੰਤੂ ਫੇਰ ਭੀ ਗੁਰੂ ਜੀ ਨਾਲ ਬੌਹਤ ਸਾਰੇ ਸਿਖ ਜੋਗਾ ਸਿੰਘ ਆਦਿਕ ਰਹੇ ਜੋਗਾ ਸਿੰਘ ਸਿਦਕ ਭਰੋਸੇ ਵਾਲਾ ਪਸ਼ੌਰਦਾ ਸੀ ਇਧਰ ਤਾਂ ਜੁਧ ਜੰਗ ਦੀ ਤਿਆਰੀ ਹੋ ਰਹੀ ਸੀ ਓਧਰੋਂ ਜੋਗਾ ਸਿੰਘ ਦੇ ਬਿਆਹ ਦਾ ਮਹੂਰਤ ਆਗਿਆ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਵਿਦਾ ਲੈਕੇ ਪਸ਼ੌਰ ਗਿਆ

ਗੁਰੂ ਗੋਬਿੰਦ ਸਿੰਘ ਜੀ ਨੇ ਵਿਦਿਆ ਕਰਨ ਲਗੇ ਆਗਯਾ ਕੀਤੀ ਸੀ ਕਿ ਵਿਆਹੁ ਕਰਦੇਹੀ ਸਾਰ ਚੱਟ ਪਟ ਮੁੜਕੇ ਆਜਾਵੀਂ ਠੈਹਰੀਂ ਨਾਂ ਸੋ ਜੋਗ ਸਿੰਘ ਨੇ ਆਪਣੇ ਪ੍ਰਣ ਨੂੰ ਪੂਰਾ ਕੀਤਾ ਤੇ ਫੇਰੇ ਲੈਕੇ ਹੀ ਪਿਛੇ ਨੂੰ ਪਰਤ ਆਯਾ ਭਾਵੇਂ ਉਸਦੇ ਪਿਤਾ ਨੇ ਬੜਾ ਹੀ ਮਨਾਹ ਕੀਤਾ ਪਰ ਉਸਨੇ ਆਪਣੀ ਬਾਤ ਪੂਰੀ ਕੀਤੀ ਤੇ ਤੁਰਪਿਆ ਗਲ ਕਾਹਦੀ ਸੀ ਏਧਰ ਕੁਛਕ ਦਿਨ ਤਕ ਤਾਂ ਘੇਰਾ ਪਿਆ ਰਿਹਾ ਤੇ ਸਿੰਘ ਸੂਰਮੇ ਬਹਾਦੁਰੀ ਨਾਲ ਖ਼ੂਬ ਲੜੇ ਪੈਹਲੇ ਦਿਨ ਤਾਂ ਸਿੱਖਾਂ ਦੀ ਜਿੱਤ ਹੋਈ ਪ੍ਰੰਤੂ ਓੜਕ ਨੂੰ ਗੁਰੂ ਗੋਬਿੰਦ ਸਿੰਘ ਜੀ ਨੂੰ ਹਾਰ ਹੋਗਈ ਕਿਉਂ ਜੋ ਕਿਲ੍ਹੇ ਵਿਖ ਸ਼ਾਮਾਂਨ ਤੇ ਆਦਮੀ ਘਟ ਸੇ ਗੁਰੂ ਗੋਬਿੰਦ ਸਿੰਘ ਜੀ ਹਾਰ ਖਾਕੇ ਰਾਜੇ ਸੋਹਲੀ ਦੇ ਪਾਸ ਚਲਾ ਗਿਆ ਸੋਹਲੀਏ ਰਾਜੇ ਨੇ ਪੈਹਲੇ ਹੀ ਗੁਰੂ ਜੀ ਨੂੰ ਬੁਲਾਯਾ ਹੋਯਾ ਸੀ ਅੰਗ੍ਰੇਜ਼ੀ ਲਿਖਾਰੀਆਂ ਨੇ ਇਸ ਜੁੱਧ ਦਾ ਵਰਨੰਨ ਘੱਟ ਲਿਖਯਾ ਹੈ ਪ੍ਰੰਤੂ ਇਸ ਜੁੱਧ ਦੀ ਕਥਾ ਸਿਖਾਂ ਦੀਆਂ ਸਭ ਜਨਮ ਸਾਖੀਆਂ ਵਿਖੇ ਪਾਈ ਜਾਂਦੀ ਹੈ ॥

ਔਰੰਗਜ਼ੇਬ ਦੀ ਫ਼ੌਜਕਸ਼ੀ

ਇਸਥੀਂ ਮਗਰੋਂ ਦੋ ਵਰਹੇ ਤੀਕ ਗੁਰੂ ਗੋਬਿੰਦ ਸਿੰਘ ਜੀ ਏਧਰ ਓਧਰ ਫਿਰਦੇ ਰਹੇ ਤੇ ਇਹ ਤਾਂ ਵਿਚਾਰਨ ਯੋਗ ਹੀ ਨਹੀਂ ਕਿ ਇਨ੍ਹਾਂ ਕਾਰਾਂ ਕਰਕੇ ਕੁਛ ਗੁਰੂ ਗੋਬਿੰਦ ਸਿੰਘ ਜੀ

ਦੇ ਹੌਸਲੇ ਤੇ ਹਿੰਮਤ ਵਿਖੇ ਘਾਟਾ ਆਯਾ ਹੋਵੇਗਾ ਸਗੋਂ ਉਸਦਾ ਹੌਸਲਾ ਵਧਗਿਆ ਸੀ ਤੇ ਹਿੰਮਤ ਚਾਹੁੰਦੀ ਸੀ ਕਿ ਅਗੇਰੇ ਨੂੰ ਵਧੀਏ ਇਸ ਸਮੇ ਵਿਖੇ ਓਹੁ ਫ਼ੇਰ ਸਿੱਖਾਂ ਨੂੰ ਇਕੱਤ੍ਰ ਕਰਦੇ ਰਹੇ ਤੇ ਆਉਣਵਾਲੇ ਸਮੇਦੀ ਲਈ ਤਿਆਰੀ ਕਰੀ ਗਏ ਰਾਜੇ ਸੋਹਲੀ ਦੇ ਕਿਲੇ ਥੀਂ ਭੀ ਬਾਹਰ ਸੈਰ ਸ਼ਿਕਾਰ ਕਰਨ ਜਾਯਾ ਕਰਦੇ ਓਥੋਂ ਭੁੰਬੋਰ ਦੇ ਰਾਜੇ ਦੇ ਸਦਣ ਕਰਕੇ ਉਸ ਪਾਸ ਚਲੇ ਗਏ ਫੇਰ ਕੋਈ ਦਿਨ ਠੈਹਰ ਕੇ ਰਵਾਲਸਰ ਨੂੰ ਆਗਏ ਤੇ ਵਿਸਾਖੀ ਦਾ ਮੇਲਾ ਓਥੇ ਦੇਖਿਆ ਓਥੋਂ ਵਿਰਧ ਸੈਨ ਮੰਡੀ ਦੇ ਰਾਜੇ ਦੇ ਰਾਜ ਵਿਖੇ ਆਗਏ ਤੇ ਓਥੇ ਇਕ ਕਿਲਾ ਬਣਵਾਯਾ ਏਸ ਸਮੇ ਵਿਖੇ ਕੁਛ ਸਿੰਘ ਗੁਰੂਜੀ ਪਾਸ ਤੁਕਮੇ ਲੈਕੇ ਆਏ ਸਨ ਤਾਂ ਰਾਜੇ ਕਲਮੋਟੀਏਨੇ ਰਾਹੁ ਵਿੱਚ ਉਨ੍ਹਾਂ ਨੂੰ ਲੁੱਟ ਲੀਤਾ ਇਸ ਕਰਕੇ ਸਿੱਖਾਂ ਦੀ ਫ਼ਰਯਾਦ ਪੁਕਾਰ ਸੁਣਕੇ ਗੁਰੂ ਗੋਬਿੰਦ ਸਿੰਘ ਜੀ ਨੇ ਰਾਜੇ ਕਲਮੋਟੀਏ ਨੂੰ ਸਿੱਧਾ ਕਰਨ ਵਾਸਤੇ ਆਪਣੇ ਪੁਤ੍ਰ ਅਜੀਤ ਸਿੰਘ ਨੂੰ ਭੇਜਿਆ ਤੇ ਓਧਰ ਕਲਮੋਟੀਏ ਦੀ ਸਹਾਇਤਾ ਵਾਸਤੇ ਜ੍ਵਾਲਾ ਮੁਖੀ ਦਾ ਮਹੰਤ ਭਾਰਥੀਂ ਪੰਜਸੌ ਆਪਣੇ ਆਦਮੀ ਲੈਕੇ ਆਯਾ ਇਸ ਮਹੰਤ ਨੇ ਪਹਾੜੀ ਰਾਜਿਆਂ ਨੂੰ ਧਰਮ ਵਿਰੋਧਤਾ ਦਾ ਉਪਦੇਸ਼ ਕਰਕੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਬੜੀ ਪਾਂਣ ਚੜ੍ਹਾਈ ਸੀ ਓੜਕ ਨੂੰ ਗੁਰੂ ਗੋਬਿੰਦ ਸਿੰਘ ਜੀ ਭੀ ਆਪਣੇ ਪੁਤ੍ਰ ਦੀ ਸਹਾਇਤਾ ਲਈ ਆਗਿਆ ਰਾਜੇ ਕਲਮੋਟੀਏ ਨੇ ਹਾਰ ਖਾਧੀ ਗੁਰੂ ਗੋਬਿੰਦ

ਸਿੰਘ ਜੀ ਨੇ ਮਹੰਤ ਦੀ ਖ਼ੂਬ ਖ਼ਬਰ ਲਈ ਅਤੇ ਜ਼ਵਾਲਾਮੁਖੀ ਨਗਰ ਨੂੰ ਆਗਿਆ ਦੇ ਕੇ ਲੁਟਵਾਯਾ ਇਸ ਲੜਾਈ ਵਿਚ ਗੁਰੂ ਗੋਬਿੰਦ ਸਿੰਘ ਜੀ ਪਰ ਇਹੁ ਦੋਸ਼ ਅਰੋਪਣ ਕਰਦੇ ਹਨ ਕਿ ਉਸਨੇ ਇਹੁ ਲੜਾਈ ਜਾਣਕੇ ਸਹੇੜੀਸੀ ਪ੍ਰੰਤੂ ਵਿਚਾਰਨ ਕਰਕੇ ਪ੍ਰਤੀਤ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਇਹੁ ਲੜਾਈ ਕਰਨੀ ਹੀ ਯੋਗਸੀ ਕਿਉਂ ਜੋ ਇਸੇ ਵਸੀਲੇ ਨਾਲ ਗੁਰੂ ਗੋਬਿੰਦ ਸਿੰਘ ਜੀ ਪਾਸ ਫੌਜ ਤੇ ਆਮਦਨੀ ਦਾ ਹੋਜਾਣਾ ਸੀ ਜੇਕਰ ਸਿਖਾਂਨੂੰ ਰਾਹੁ ਵਿੱਚ ਡਾਕੂ ਰਾਜੇਹੀ ਲੁੱਟ ਲਿਆ ਕਰਦੇ ਤਾਂ ਫੇਰ ਗੁਰੂ ਗੋਬਿੰਦ ਸਿੰਘ ਜੀ ਪਾਸ ਕੌਣ ਆਉਂਦਾ ਤੇ ਓਹੁ ਇਤਨਾ ਕੰਮ ਕਿਸ ਤਰਾਂ ਕਰਦੇ ਇਸ ਵਾਸਤੇ ਉਸ ਰਾਜੇ ਪਰ ਗੁਰੂ ਗੋਬਿੰਦ ਸਿੰਘ ਜੀ ਨੂੰ ਚੜ੍ਹਾਈ ਕਰਨੀ ਹੀ ਉਚਿਤਸੀ ਤੇ ਕਿਸੇ ਪ੍ਰਕਾਰ ਭੀ ਉਸ ਪਰ ਦੋਸ਼ ਨਹੀਂ ਲਗ ਸਕਦਾ ਵੈਸਾਖ ਸੰਮਤ ੧੭੫੮ ਵਿਖੇ ਗੁਰੂ ਗੋਬਿੰਦ ਸਿੰਘ ਜੀ ਆਨੰਦ ਪੁਰ ਨੂੰ ਮੁੜਕੇ ਆਏ ਪਹਾੜੀ ਰਾਜਿਆਂ ਤੇ ਮੁਸਲਮਾਨਾਂ ਨੇ ਜੋ ਉਸਨੂੰ ਤੋੜ ਤਾੜ ਛੱਡਿਆਸੀ ਨਵੇਂ ਸਿਰੇ ਫੇਰ ਬਨਵਾਯਾ ਚੌਹਾਂ ਪੁਤ੍ਰਾਂ ਨੂੰ ਅੰਮ੍ਰਿਤ ਛਕਾਕੇ ਸਿੰਘ ਸਜਾਯਾ ਕਿਲੇ ਨੂੰ ਦਰੁਸਤ ਕੀਤਾ ਸੰਮਤ ੧੭੫੯ ਬਿਕ੍ਰਮੀ ਅਹਾੜ ਮਹੀਨੇ ਵਿਖੇ ਕਈਆਂ ਥਾਵਾਂ ਦੀ ਸੈਰ ਕਰਦੇ ਹੋਏ ਕੁਰਖੇਤ੍ਰ ਆਕੇ ਮੇਲਾ ਡਿਠਾ ਆਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ

ਏਥੇ ਸੂਰਜ ਗ੍ਰੈਹਣ ਸਮੇ ਬ੍ਰਾਹਮਣਾਂ ਨੂੰ ਬੌਹਤ ਦਾਨ ਦਿੱਤਾ ਸੋ ਖਬਰੇ ਸਮੇ ਅਨੁਸਾਰ ਕੰਮ ਕੱਢਣ ਵਾਸਤੇ ਇਸ ਤਰਾਂ ਕੀਤਾ ਹੋਵੇਗਾ ਪਰ ਸਾਡੀ ਵਿਚਾਰ ਤਾਂ ਇਹੁ ਗਲ ਨਹੀ ਮੰਨਦੀ ਓੜਕਨੂੰ ਓਹੁ ਅਨੰਦ ਪੁਰੇ ਆਗਏ ਫੇਰ ਫੌਜੀ ਤਿਆਰੀਆਂ ਵਿਖੇ ਰੁੱਝ ਗਏ ਸਿੱਖ ਉਨ੍ਹਾਂ ਨੂੰ ਸੱਚਾ ਪਾਤਸ਼ਾਹੁ ਆਖਦੇ ਸੇ ਨੇੜੇ ਤੇੜੇ ਸਭਨੀ ਥਾਂਈ ਇਹੁ ਸਚੇ ਪਾਤਸ਼ਾਹੁ ਦੇ ਨਾਉਂ ਪਰ ਪ੍ਰਗਟ ਹੋ ਗਏ ਸੋ ਇਹੁ ਪੈਹਲੇ ਗੁਰੂਆਂ ਨੂੰ ਭੀ ਸਚਾ ਪਾਤਸ਼ਾਹੁ ਆਖਦੇ ਸੇ ਕੋਈ ਨਵੀਨ ਗਲ ਨਹੀ ਸੀ ਗੁਰੂ ਗੋਬਿੰਦ ਸਿੰਘ ਜੀ ਨੇ ਫੇਰ ਜ਼ੋਰ ਸ਼ੋਰ ਪਕੜਿਆ ਪਹਾੜੀ ਰਾਜੇ ਉਸਦਾ ਤੇਜ ਪ੍ਰਤਾਪ ਦੇਖ ਦੇਖ ਕੇ ਫਿਕਰ ਮੰਦ ਹੋਗਏ ਤੇ ਉਸਦੀ ਸਚੇ ਪਾਤਸ਼ਾਹੁ ਦੀ ਪਦਵੀਨੂੰ ਸੁਣਕੇ ਬੜੇ ਹੀਘਾਬਰੇ ਤੇ ਆਪਣੇ ਰਾਜ ਨੂੰ ਡਰ ਵਿਖੇ ਜਾਣਿਆ ਤਦ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਨਿਸ਼ਾਂਨ ਮੇਟਣ ਦੇ ਫ਼ਿਕਰ ਵਿਖੇ ਲਗੇ ਗੁਰਮੱਤਾ ਪਕਾਯਾ ਤੇ ਔਰੰਗਜ਼ੇਬ ਨੂੰ ਭੜਕਾਯਾ ਜਾਵੇ ਤੇ ਗੁਰੂ ਗੋਬਿੰਦ ਸਿੰਘ ਜੀ ਪਰ ਫੌਜ ਲੈਕੇ ਚੜ੍ਹਾਈ ਕੀਤੀ ਜਾਵੇ ਸੋ ਇਹੁ ਪੱਕੀ ਪਕਾਕੇ ਔਰੰਗਜੇਬ ਪਾਸ ਦੂਤ ਭੇਜਿਆ ਗਿਆ ਜਿਸਨੇ ਜਾਕੇ ਸ਼ਾਹੀ ਦਰਬਾਰ ਵਿਖੇ ਰਸਾਈ ਉਤ-ਪਤ ਕੀਤੀ ਤੇ ਔਰੰਗਜੇਬ ਦੇ ਦਿਲ ਵਿੱਚ ਪੱਕੀ ਇਹੁ ਗਲ ਠੈਹਰਾ ਦਿਤੀ ਕਿ ਜਿਨ੍ਹਾਂ ਸਿਖਾਂ ਦੇ ਗੁਰੂ ਤੇਗਬਹਾਦੁਰ ਨੂੰ ਆਪਨੇ ਕਤਲ ਕੀਤਾ ਸੀ ਉਸਦਾ ਪੁਤ੍ਰ ਗੁਰੂ ਗੋਬਿੰਦ ਸਿੰਘ

ਬੋਹਤ ਸਾਰੇ ਸਿਖਾਂ ਨੂੰ ਇਕੱਤ੍ਰ ਕਰਕੇ ਆਪਣੀ ਫੌਜ ਬਨਾਈ ਜਾਂਦਾ ਹੈ ਤੇ ਇਕ ਨਵੀਨ ਧਰਮ ਬਣਾਕੇ ਉਨ੍ਹਾਂ ਨੂੰ ਮੁਸਲਮਾਨਾਂ ਨਾਲ ਫਸਾਦ ਕਰਨ ਲਈ ਤਿਆਰ ਕਰਦਾ ਜਾ ਰਿਹਾ ਹੈ ਤੇ ਆਪ ਭੀ ਬਾਦਸ਼ਾਹੀ ਦੀ ਪਦਵੀ ਪ੍ਰਾਪਤ ਕਰ ਲਈ ਹੈ ਸੁ ਓਹੁ ਬਾਦਸ਼ਾਹੀ ਪੁਸ਼ਾਕੇ ਪੈਹਨਦਾ ਹੈ ਸਭ ਡਾਕੂ ਲੁਟੇਰੂ ਉਸਦੇ ਖਾਲਸਾ ਧਰਮ ਵਿਖੇ ਆਕੇ ਉਸਦੇ ਸੇਵਕ ਸਿੱਖ ਬਣ ਗਏ ਹਨ ਇਸ ਤਰਾਂ ਨਾਲ ਦਿਨੋਂ ਦਿਨ ਉਸਦਾ ਤੇਜ ਤੇ ਪ੍ਰਤਾਪ ਵਧਦਾ ਜਾਰਿਹਾ ਹੈ ਸੋ ਕਹਾਵਤ ਹੈ ਕਿ ਚਸ਼ਮੇ ਦਾ ਮੂੰਹ ਆਰੰਭ ਵਿਖੇ ਤਾਂ ਸੁਰਮਚੂ ਨਾਲ ਭੀ ਬੰਦ ਕਰ ਸਕੀਦਾ ਪਰ ਜਦ ਵਡਾ ਹੋਜਾਂਦਾ ਹੈ ਫੇਰ ਹਾਥੀਆਂ ਨਾਲਭੀ ਬੰਦ ਕਰਨਾ ਕਠਿਨ ਹੋਜਾਂਦਾ ਹੈ ਸੋ ਫੇਰ ਉਸਦਾ ਬੰਦੋਬਸਤ ਠੀਕ ਨਹੀਂ ਹੋਵੇਗਾ ਔਰੰਗਜ਼ੇਬ ਇਹੁ ਵਾਰਤਾ ਸੁਣਕੇ ਭੜਕ ਉਠਿਆ ਤੇ ਉਸਦਾ ਕ੍ਰੋਧ ਖੂਨਰੇਜ਼ੀ ਦਾ ਲਹੂ ਉਬਾਲੇ ਖਾਣ ਲੱਗਾ ਉਸਨੇ ਸਾਰੇਹੀ ਰਾਜਿਆਂ ਦੇ ਵਿਰੁਧ ਹੋਣਾ ਬੜਾ ਚੰਗਾ ਵਿਚਾਰਿਆ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਨਾਸ ਕਰਨ ਦਾ ਪੱਕਾ ਇਰਾਦਾ ਠਾਨਿਆ ॥

ਚੌਥਾ ਹਮਲਾ ਔਰੰਗਜ਼ੇਬਨੇ ਬਾਯਜ਼ੀਦ ਖਾਂ ਸੂਬੇ ਸਿਰਹੰਦ ਨੂੰ ਕਠੋਰ ਆਗਿਆ ਦੇ ਭੇਜੀ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਪਕੜਕੇ ਦਰਬਾਰ ਵਿਖੇ ਹਾਜ਼ਰ ਕਰੇ ਤੇ ਇਲੀਓਂ ਅਮੀਰ ਖਾਂ ਦਸਹਜ਼ਾਰੀ ਨਜਾਬਤਖਾਂਨ ਤੇ ਵਹੀਦਖਾਂ ਸੂਬੇਦਾਰਾਂ

ਨੂੰ ਸੂਬੇ ਸਿਰਹੰਦ ਦੀ ਸਹਾਇਤਾ ਲਈ ਭੇਜਿਆ ਇਹੁ ਬੇਗਿਨਤਫੌਜ ਰਾਜੇ ਅਜਮੇਰ ਚੰਦਨਾਲ ਆਈ ਤੇ ਅਗੋਂ ਪਹਾੜੀਆਂ ਰਾਜਿਆਂ ਦੀ ਭੀ ਫੌਜ ਰਲ ਗਈ ੧੭ਫਗਣ ਸੰਮਤ ੧੭੫੯ ਬਿਕ੍ਰਮੀ ਵਿਖੇ ਫੌਜਨੇ ਅਨੰਦਪੁਰ ਨੂੰ ਘੇਰਾ ਘਤਲਿਆ ਤੇ ਗੁਰੂ ਗੋਬਿੰਦ ਸਿੰਘ ਜੀ ਤਾਂ ਥੋੜੀ ਫ਼ੌਜ ਦੇ ਕਾਰਨ ਖੇਤ ਵਿਖੇ ਲੜਾਈ ਕਰਨ ਜੋਗਾ ਨਹੀਂ ਸੀ ਇਸ ਕਰਕੇ ਓਹੁ ਆਨੰਦ ਪੁਰ ਥੀਂ ਬਾਹਰ ਨਾਂ ਨਿਕਲਿਆ ਪੰਜ ਦਿਨਾਂ ਤਕ ਬੜਾ ਹੀ ਲਹੂ ਲੁਹਾਨ ਜੰਗ ਹੋਯਾ. ਭਾਵੇਂ ਬੌਹਤ ਸਾਰੇ ਸਿੰਘ ਮਾਰੇ ਭੀ ਗਏ ਪਰ ਓਨ੍ਹਾਂ ਨੇ ਭੀ ਵੈਰੀਆਂ ਦੇ ਇੱਕ ਵਾਰੀ ਤਾਂ ਪੂਰੇ ਉਡਾ ਦਿੱਤੇ ਸੇਛੇਵੇਂ ਦਿਨ ਓੜਕ ਨੂੰ ਗੁਰੂ ਗੋਬਿੰਦ ਸਿੰਘ ਜੀ ਕਿਲੇ ਥੀਂ ਬਾਹਰ ਆਏ ਤੇ ਬੜੀ ਹਿੰਮਤ ਹੌਸਲੇ ਨਾਲ ਬੜਾ ਭਾਰਾ ਜੁੱਧ ਕੀਤਾ ਸਰਦਾਰ ਅਜ਼ੀਮਖ਼ਾਂ ਇੱਕ ਨਾਮੀ ਸਰਦਾਰ ਤੇ ਪੈਂਦੇਖ਼ਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹਥੀਂ ਕਤਲ ਕੀਤਾ ਹਰੀਚੰਦ ਜਸੂਵਾਲੀਆ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਨੌਕਰ ਮੁਸਲਮਾਂਨ ਮਾਂਮੂਖ਼ਾਂ ਦੇ ਹੱਥੋਂ ਮਾਰਿਆ ਗਿਆ ਰਾਜਾ ਅਜਮੇਰਚੰਦ ਘਾਇਲ ਹੋਯਾ ਗਲ ਮੁੱਕਦੀ ਏਹੁ ਸੀ ਕਿ ਓੜਕ ਨੂੰ ਬਾਦਸ਼ਾਹੀ ਫ਼ੌਜ ਨੂੰ ਹਾਰ ਹੋ ਗਈ ਤੇ ਸਿੱਖਾਂ ਨੇ ਰੋਪੜ ਤਕ ਪਿਛਾ ਕੀਤਾ ਇਸ ਫ਼ਤੇ ਦਾ ਸਿਹਰਾ ਗੁਰੂ ਗੋਬਿੰਦ ਸਿੰਘ ਜੀ ਦੇ ਸਿਰ ਪਰ ਧਰਿਆ ਗਿਆ ॥

ਪਜਵੀਂ ਲੜਾਈ ਇਸ ਹਾਰ ਦੇ ਕਾਰਨ ਔਰੰਗਜ਼ੇਬ ਦੀ ਬੜੀ

ਕੋਪਤੀ ਹੋਈ ਤੇ ਉਸਨੇ ਬੜੇ ਕ੍ਰੋਧਵਾਨ ਹੋਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਬੜੀ ਤਕੜੀ ਖ਼ੂਨੀ ਫ਼ੌਜ ਭੇਜਨ ਦਾ ਇਰਾਦਾ ਕਰ ਲੀਤਾ ਸੂਬੇ ਲਾਹੌਰ ਤੇ ਕਸ਼ਮੀਰ ਨੂੰ ਭੀ ਹੁਕਮ ਨਾਮੇ ਭੇਜੇ ਕਿ ਸੂਬੇ ਸਿਰਹੰਦ ਦੇ ਨਾਲ ਮਿਲਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਖੇਤ ਵਿਖੇ ਮਾਰੋ ਅਥਵਾ ਜੀਉਂਦੇ ਨੂੰ ਪਕੜਕੇ ਮੇਰੇ ਪਾਸ ਭੇਜੋ ਜ਼ਰਾ ਦੇਖੋ ਤਾਂ ਸਹੀ ਇਕ ਫ਼ਕੀਰ ਗੋਸ਼ਾ ਨਸ਼ੀਨ ਦੀ ਹਿੰਮਤ ਤੇ ਬਹਾਦੁਰੀ ਅਧੇ ਦੇਸ਼ ਹਿੰਦੁਸਤਾਨ ਦਾ ਉਤ੍ਰੀ ਭਾਗ ਸਾਰਾ ਉਸਦੇ ਨਾਲ ਜੁੱਧ ਕਰਨ ਲਈ ਤੁਰਿਆ ਹੈ॥ ਜਿਵੇਂ ਪੈਹਲੇ ਸਮੇ ਪਰ ਔਰੰਗ ਜ਼ੇਬਦੀ ਫੌਜ ਨੂੰ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਕੇ ਪਹਾੜੀਆਂ ਰਾਜਿਆਂ ਨੇ ਸ਼ਿਕਸ਼ਤ ਦਿੱਤੀ ਸੀ ਸੋ ਜੇਕਰ ਤਿਵੇਂ ਹੀ ਓਹੁ ਰਾਜੇ ਗੁਰੂ ਗੋਬਿੰਦ ਸਿੰਘ ਜੀ ਦੀ ਸਹਾਇਤਾ ਕਰਦੇ ਤੇ ਆਪਣੀ ਸ੍ਵਾਰਥਤਾਈ ਨੂੰ ਧਰਮ ਦੀ ਖਾਤ੍ਰ ਭੁਲਾ ਦੇਂਦੇ ਤਾਂ ਇਸਦਾ ਫਲ ਕੁਛ ਹੋਰ ਹੀ ਨਿਕਲਦਾ ਪਰ ਜੋ ਹੋਣਾ ਸੀ ਸੋ ਹੋਯਾ ਓੜਕ ਨੂੰ ਬੌਹਤ ਤਕੜੀ ਜੰਗੀ ਫੌਜ ਸੂਬੇਦਾਰਾਂ ਦਿੱਲੀ ਤੇ ਸਿਰਹੰਦ ਕਸ਼ਮੀਰ ਤੇ ਲਾਹੌਰ ਦੀ ਗੁਰੂ ਗੋਬਿੰਦ ਸਿੰਘ ਜੀ ਦੇ ਮੁਕਾਬਲੇ ਪਰ ਆਣ ਖੜੀ ਹੋਈ ਦਿਲੀਓਂ ਜ਼ਫ਼ਰ ਬੇਗ ਤੁਰਿਆ ਲਾਹੌਰੋਂ ਦਿਲਾਵਰ ਖਾਂ ਤੇ ਸਫਦਰ ਖ਼ਾਂ ਆਦਿਕ ਖੇਤ ਵਿਖੇ ਆਏ ਗੁਰੂ ਗੋਬਿੰਦ ਸਿੰਘ ਜੀ ਨੂੰ ਭੀ ਇਸ ਬੇਅੰਤ ਫੌਜ ਦੀ ਖਬਰ ਮਿਲ ਗਈ ਪਰ ਛੇਤੀ ਛੇਤੀ ਕੁਛ ਨਹੀਂ ਸੀ ਕਰ ਸਕਦਾ

ਤੇ ਫੇਰਭੀ ਜੋ ਕੁਛ ਹੋਸਕਦਾ ਸੀ ਕੀਤਾ ਤੇ ਸਿਖਾਂ ਨੂੰ ਇੱਕਤ੍ਰ ਕੀਤਾ ਆਖ ਦੇ ਹਨ ਕਿ ਇਸ ਅੰਤ ਦੀ ਲੜਾਈ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਦਸ ਹਜ਼ਾਰ ਸਿੰਘਾਂ ਦਾ ਅਕੱਠ ਕੀਤਾ ਸੀ ਸੋ ਅਜੀਤ ਸਿੰਘ ਆਪਣੇ ਬੜੇ ਪੁੱਤ੍ਰ ਨੂੰ ਕਿਲੇ ਕੇਸਗੜ੍ਹ ਪਰ ਨਿਯਤ ਕੀਤਾ ਤੇ ਦੋ ਹਜ਼ਾਰ ਫ਼ੌਜ ਨਾਲ ਕੀਤੀ ਮਾਹਰ ਸਿੰਘ ਤੇ ਸ਼ੇਰ ਸਿੰਘ ਨੂੰ ਇਕ ਹਜ਼ਾਰ ਫ਼ੌਜ ਦੇ ਕੇ ਕਿਲੇ ਲੋਹਗੜ੍ਹ ਵਿਖੇ ਅਸਥਿਤ ਕੀਤਾ ਆਲਮ ਸਿੰਘ ਤੇ ਸੁਚੇਤ ਸਿੰਘ ਨੂੰ ਤਿੰਨ ਹਜ਼ਾਰ ਦਲ ਦੇਕੇ ਦਮਦਮੇ ਪਰ ਸਥਾਪਤ ਕੀਤਾ ਉਦੇ ਸਿੰਘਨੂੰ ਅਗਮ ਪੁਰੇ ਵਿਖੇ ਟਿਕਾਂਯਾ ਗਿਆ ਪ੍ਰੰਤੂ ਇਹੁ ਵੰਡਯਾ ਤਾਂਠੀਕ ਨਹੀਂ ਸੀ ਖ਼ਬਰੇ ਲੋੜ ਦੇ ਸਮੇ ਪਰ ਸਾਰੇ ਆਨੰਦ ਪੁਰੇ ਵਿਖੇ ਆ ਗਏ ਹੋਣਗੇ ਕਿੰਉਂ ਜੋ ਬੜਾ ਭਾਰਾ ਜੰਗ ਅਨੰਦ ਪੁਰੇ ਵਿਖੇ ਹੀ ਹੋਯਾਸੀ ਤੇ ਸਭ ਉਸ ਵਿਖੇ ਇੱਕਤ੍ਰ ਸੇ ਗੁਰੂ ਗੋਬਿੰਦ ਸਿੰਘ ਜੀ ਆਪ ਭੀ ਆਨੰਦ ਪੁਰੇ ਵਿਖੇ ਸੀ ਤਾਂ ਬਾਦਸ਼ਾਹੀ ਫ਼ੌਜ ਨੇ ਆਨੰਦ ਪੁਰ ਨੂੰ ਆਣ ਘੇਰਿਆ ਬੜੀਆਂ ਜਾਨਾਂ ਦੇ ਆਹੂ ਲੈਹ ਗਏ ਸਿੱਖ ਅਜੇਹੀ ਬਹਾਦੁਰੀ ਤੇ ਦਲੇਰੀ ਨਾਲ ਜੁਧ ਕਰਦੇ ਰਹੇ ਕਿ ਮੁਸਲਮਾਨਾਂ ਦਾ ਕਈ ਵੇਰੀ ਮੂੰਹ ਭਵਾ ਦਿੱਤਾ ਸਿਖ ਜਾਨਾਂ ਨੂੰ ਤੋੜ ਤੋੜ ਕੇ ਲੜੇ ਪ੍ਰੰਤੂ ਓੜਕ ਨੂੰ ਮੁਸਲਮਾਨਾਂ ਨੂੰ ਨਵੀਨ ਸਹਾਇਤਾ ਦਾ ਆਸਰਾ ਹੋ ਗਿਆ ਫੇਰ ਤਾਂ ਬੜੇ ਜ਼ੋਰ ਨਾਲ ਹੱਲਾ ਕੀਤਾ ਨੇੜੇ ਹੀ ਸੀ ਕਿ ਮੁਸਲਮਾਨ ਆਨੰਦ ਪੁਰ ਵਿਖੇ ਵੜ ਜਾਂਦੇ ਜੋ ਅਜੀਤਸਿੰਘ ਨੇ ਇਸ ਸਮੇ ਪਰ ਖੇਤ

ਖਿ ਜੁਧ ਕਰਨਾਂ ਸ਼ੁਰੂ ਕੀਤਾ ਗੁਰੂ ਗੋਬਿੰਦ ਸਿੰਘ ਜੀ ਨੇ ਭੀ
ਜ਼ੁਕ ਸਮਾ ਜਾਣਕੇ ਆਪਹੀ ਧਾਵਾ ਕਰਵਾ ਦਿੱਤਾ ਭਾਰੀ
ਨਖ੍ਵਾਰ ਰਣ ਪਿਆ ਸਿਖਾਂ ਨੇ ਵੱਧ ਵੱਧਕੇ ਹੱਥ ਮਾਰੇ ਓ
ੜਕਨੂੰ ਅਜ਼ੀਮਖ਼ਾਂ ਦਿਲਾਵਰਖ਼ਾਂ ਬਾਦਸ਼ਾਹੀ ਸਰਦਾਰ ਮਾਰੇ
ਗਏ ਤੇ ਸੰਧਯਾ ਵੇਲੇ ਬਾਦਸ਼ਾਹੀ ਦਲ ਦੇ ਪੈਰ ਉਖੜ ਗਏ
ਖੇਤ ਖ਼ਾਲੀ ਛਡਕੇ ਨੱਠ ਗਏ ਤੇ ਸਿੱਖਾਂ ਦੀ ਜਿੱਤ ਹੋਗਈ॥
ਅਗਲੇ ਦਿਨ ਫੇਰ ਜੁਧ ਹੋਣਾ ਆਰੰਭ ਹੋਗਿਆ ਗੁਰੂ ਗੋਬਿੰਦ
ਸਿੰਘਜੀ ਦਮ ਦਮੇ ਪਰ ਬੈਠੇ ਸੀ ਕਿ ਜ਼ਬਰਦਸਤਖ਼ਾਂ ਨੇ ਤੋਪ
ਦਾ ਗੋਲਾ ਉਸ ਉਪਰ ਛੁਡਵਾਯਾ ਗੁਰੂ ਗੋਬਿੰਦਸਿੰਘ ਆਪਤਾਂ
ਇਸ ਸੱਟੋਂ ਬਚਗਿਆ ਪਰ ਉਸਦੇ ਪਾਸ ਕਈ ਸਿੱਖ ਜੇਹੜੇ
ਖੜੋਤੇ ਸੇ ਮਾਰੇ ਗਏ ਕਈਆਂ ਦਿਨਾਂ ਤਕ ਇਸੇ ਤਰਾਂ ਜੁਧ
ਜੰਗ ਜ਼ੋਰ ਸ਼ੋਰ ਦਾ ਹੁੰਦਾ ਰਿਹਾ ਸਿੱਖ ਸਭ ਸੱਟਾਂ ਨੂੰ ਸਹਾਰਦੇ
ਰਹੇ ਭਲਾ ਜੀ ਓੜਕ ਨੂੰ ਇੱਕ ਮੁੱਠੀ ਆਦਮੀਆਂ ਦੀ ਕਿਤ-
ਨਾਕੁ ਚਿਰ ਟਿੱਡੀ ਦਲ ਦਾ ਸਾਮਣਾ ਕਰ ਸਕਦੀ ਸੀ ਜਦ
ਘੱਟ ਹੋਗਏ ਤਾਂ ਆਨੰਦ ਪੁਰ ਦੇ ਬੂਹੇ ਬੰਦ ਕਰਕੇ ਸਿਖ ਘੇਰੇ
ਗਏ ਬਾਹਰੋਂ ਸ਼ਾਹੀ ਫ਼ੌਜ ਨੇ ਰਸਦ ਪਾਣੀ ਅੰਦਰ ਜਾਣਾਂ
ਬੰਦ ਕਰ ਦਿੱਤਾ ਘਿਰੇ ਹੋਏ ਸਿੰਘਾਂ ਨੇ ਭੀ ਸਮਾ ਪਾਕੇ ਇਕ
ਰਾਤ ਨੂੰ ਸ਼ਾਹੀ ਫ਼ੌਜ ਪਰ ਛਾਪਾ ਮਾਰਿਆ ਤੇ ਅਜੇਹੀ ਹਫੜਾ
ਤਫੜੀ ਪੈਗਈ ਕਿ ਸ਼ਾਹੀਫ਼ੌਜ ਓਥੋਂ ਪਿੱਛੇ ਹੱਟ ਗਈ ਅਤੇ ਰਾਜਾ
ਡਡਵਾਲ, ਜਸੂਵਾਲ ਭੀ ਮਾਰੇ ਗਏ ਤੇ ਸ਼ਾਹੀ ਫ਼ੌਜ ਦਾ ਕੁਛ

ਸਾਮਾਂਨ ਸਿੰਘਾਂ ਦੇ ਹੱਥ ਆਯਾ ਪਰ ਸ਼ਾਹੀ ਫ਼ੌਜ ਸਹਾਇਤਾ ਦੀ ਉਡੀਕ ਵਿਖੇ ਉਸੇ ਥਾਂਦੇ ਨੇੜੇ ਤੇੜੇ ਹੋਕੇ ਪਈ ਰਹੀ ਓੜਕ ਨੂੰ ਸਭਨਾਂ ਪਾਸਿਆਂ ਥੀਂ ਫ਼ੌਜ ਇਕਤ੍ਰ ਕਰਕੇ ਤੇ ਕਈ ਰਾਜ ਪੂਤਾਂ ਨੂੰ ਭੀ ਨਾਲ ਲਿਆਕੇ ਉਸ ਪੈਹਲੀ ਫ਼ੌਜ ਦੀ ਸਹਾਇਤਾ ਲਈ ਔਰੰਗਜ਼ੇਬ ਨੇ ਤੋਰਿਆ ਚੇਤ੍ਰ ਸੰਮਤ ੧੭੬੧ ਵਿਖੇ ਫ਼ੌਜ ਸ਼ਾਹੀ ਨੇ ਫਿਰ ਆਨੰਦ ਪੁਰ ਨੂੰ ਘੇਰ ਲੀਤਾ ॥

(ਛੇਵਾਂ ਜੁੱਧ ਅਤੇ ਗੁਰੂ ਜੀ ਦੇ ਦੋ ਪੁਤ੍ਰਾਂ ਦੀ ਕੁਰਬਾਨੀ) ਸਿਖਾਂ ਨੇ ਬੜੀ ਜੁਵਾਂਨ ਮਰਦੀ ਨਾਲ ਉਸ ਕਸ਼ਟ ਨੂੰ ਸਿਰ ਪਰ ਝਲਿਆ ਓੜਕ ਨੂੰ ਖਾਣ ਨੂੰ ਕੁਛ ਨਾਂ ਰਿਹਾ ਤੇ ਸਿੱਖਾਂ ਨੇ ਭੁੱਖੇ ਮਰਨ ਨਾਲੋਂ ਲੜਕੇ ਮਰਨਾਂ ਭਲਾ ਵਿਚਾਰਿਆ ਗੁਰੂ ਗੋਬਿੰਦ ਸਿੰਘ ਜੀ ਥੋੜੇ ਦਿਨ ਹੋਰ ਘਿਰੇ ਹੋਏ ਰੈਹਣੇ ਚਾਹੁੰਦੇ ਸੇ ਪਰ ਕਈ ਸਿੱਖ ਇਸ ਬਾਤ ਪਰ ਰਾਜ਼ੀ ਖ਼ੁਸੀ ਨਹੀਂ ਸੇ ਗੁਰੂ ਗੋਬਿੰਦ ਸਿੰਘ ਜੀ ਨੇ ਜੇਹੜੇ ਸਿੱਖ ਘੇਰੇ ਵਿਖੇ ਨਹੀਂ ਰੈਹਣਾਂ ਚਾਹੁੰਦੇ ਸੇ ਧਮਕੀ ਦਿੱਤੀ ਕਿ ਜੇਕਰ ਓਹ ਉਸਦੀ ਆਗਜਾ ਭੰਗ ਕਰਨਗੇ ਤਾਂ ਓਹ ਲਿਖਕੇ ਦੇ ਜਾਣ ਕਿ ਅਸੀ ਗੁਰੂ ਕੇ ਸਿੱਖ ਨਹੀਂ ਹਾਂ ਤਿਨਾਂ ਵਿੱਚੋਂ ਕਈ ਤਾਂ ਰਾਜ਼ੀ ਸਨ ਕਿ ਲਿਖਕੇ ਛੁੱਟੀ ਪਾਈਏ ਸੋ ਕਈਆਂ ਨੇ ਲਿਖ ਭੀ ਦਿੱਤਾ ਪਰ ਕਈ ਸਿਦਕਵਾਨ ਪੱਕੇ ਸਿਦਕ ਵਿਖੇ ਰਹੇ ਹੁਣ ਜ਼ਰਾ ਵਿਚਾਰੋ ਤਾਂ ਸਹੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕੇਡਾ ਵਡਾ ਕੰਮ ਕੀਤਾ ਜੋ ਜਾਂਨ ਦੇਣੀ ਤਾਂ ਸ੍ਵੀਕਾਰ ਕੀਤੀ ਪਰ ਸਿੰਘ ਹੋਣੋ ਇਨ-

ਕਾਰੀ ਹੋਣਾਂ ਕਠਿਨ ਜਾਣਿਆਂ ਓੜਕ ਨੂੰ ਪਹਾੜੀ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਇੱਕ ਬ੍ਰਾਹਮਨ ਦੇ ਰਾਹੀਂ ਗਊ ਦੀ ਸੁਗੰਧ ਵਿੱਚ ਪਵਾਕੇ ਇਹੁ ਗਲ ਆਖੀ ਕਿ ਓਹੁ ਜੇਕਰ ਆਨੰਦਪੁਰ ਕੋਟ ਨੂੰ ਛੱਡ ਜਾਵੇ ਤਾਂ ਅਸੀ ਉਸਦੇ ਪਿੱਛੇ ਨਹੀਂ ਪਵਾਂਗੇ ਪਰ ਅਸਲ ਵਿੱਚ ਇਹੁ ਧੋਖਾਸੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਟੱਬਰ ਕਬੀਲੇ ਨੂੰ ਤੇ ਸਾਥੀਆਂ ਨੂੰ ਨਾਲ ਲੈਕੇ ਕਿਲੇਥੀਂ ਜਦ ਬਾਹਰ ਹੋਏ ਤੇ ਕੀਰਤ ਪੁਰ ਵਲ ਨੂੰ ਮੂੰਹ ਕੀਤਾ ਤਾਂ ਸ਼ਾਹੀ ਫ਼ੌਜ ਨੇ ਗੁਰੂ ਜੀ ਦੇ ਨਗਰ ਆਨੰਦ ਪੁਰ ਨੂੰ ਲੁੱਟ ਕੇ ਫੇਰ ਗੁਰੂ ਦਾ ਪਿੱਛਾ ਕੀਤਾ ਅਤੇ ਆਪਣੀ ਪ੍ਰਤੱਗਜਾ ਨੂੰ ਵਿਸਾਰ ਦਿੱਤਾ ਅਗਲੇ ਦਿਨ ਜਦ ਗੁਰੂ ਗੋਬਿੰਦ ਸਿੰਘ ਜੀ ਕੀਰਤ ਪੁਰੇ ਥੀਂ ਚਲਕੇ ਕਵਲਸਰ ਸਰਸੇ ਨਦੀ ਦੇ ਕੰਢੇ ਪੌਂਹਚੇ ਤਾਂ ਦਰਯਾ ਬੜਾਹੀ ਚੜਿਆ ਹੋਯਾ ਸੀ ਓਧਰੋਂ ਸਾਹੀ ਫੌਜ਼ ਪਿੱਛਾ ਕਰੀ ਹੋਈ ਆਰਹੀਸੀ ਹੁਣ ਓਹੁ ਸਮਾਂ ਆਣ ਬੱਝਾ ਕਿ ਨਾਂ ਤਾਂ ਰਿਹਾ ਹੀ ਜਾਂਦਾਸੀ ਤੇ ਨਾਂਹੀ ਨਠਿਆ ਜਾਂਦਾਸੀ ਗੁਰੂ ਗੋਬਿੰਦ ਸਿੰਘ ਜੀ ਐਊਂ ਘਿਰ ਗਏ ਜਿਵੇਂ ਸੰਨ ੯੯ ਦੇ ਜੰਗ ਵਿਖੇ ਟਰੰਨਸ ਵਾਲ ਵਿਖੇ ਕਰੋਂਜੀ ਜਨਰਲ ਬੋਇਰਾਂ ਦੇ ਸਮੇਤ ਚਾਰ ਹਜ਼ਾਰ ਆਦਮੀ ਦੀ ਅੰਗ੍ਰੇਜ਼ੀ ਫ਼ੌਜ ਬੇਓੜਕੀ ਵਿਖੇ ਘਿਰ ਗਿਆਸੀ ਇਕ ਪਾਸੇ ਨਦੀ ਸੀ ਦੂਜੇ ਪਾਸੇ ਪਹਾੜ ਓੜਕ ਨੂੰ ਆਪਣੇਆਪਨੂੰ ਉਸਨੂੰ ਅੰਗ੍ਰੇਜ਼ੀ ਫ਼ੌਂਜ ਦੇ ਸਪੁਰਦ ਕਰਨਾਹੀ

ਪਿਆ ਇਹੀ ਹਾਲ ਗੁਰੂ ਗੋਬਿੰਦ ਸਿੰਘ ਜੀ ਦਾ ਸੀ ਗੁਰੂ ਗੋਬਿੰਦ ਸਿੰਘ ਜੀ ਹੱਕਾ ਬੱਕਾ ਸੀ ਕਿ ਕੀਹ ਕੀਤਾ ਜਾਵੇ ਮਗਰੋਂ ਸ਼ਾਹੀ ਫ਼ੌਜ ਦੱਬੀ ਚਲੀ ਆਉਂਦੀ ਸੀ ਹੋਰ ਕਠਿਨ ਇਹ ਬਣ-ਰਹੀ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਟੱਬਰ ਤੇ ਛੋਟੀ ਉਮਰਾਂ ਦੇ ਪੁਤ੍ਰ ਭੀ ਸਨ ਓੜਕ ਨੂੰ ਕੁਛ ਤਾਂ ਸਿੱਖਾਂ ਨੇ ਉਦਮ ਕੀਤਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਕਬੀਲੇ ਤੇ ਪੁਤ੍ਰਾਂ ਨੂੰ ਚੁੱਕ ਕੇ ਪਾਰ ਕਰ ਦਿੱਤਾ ਤੇ ਏਧਰੋਂ ਮੁਸਲਮਾਨਾਂ ਨੇ ਹੱਲਾ ਕਰ ਦਿੱਤਾ ਗੁਰੂ ਗੋਬਿੰਦ ਸਿੰਘ ਜੀ ਦੇ ਬਾਕੀ ਬਚੇ ਹੋਏ ਸਾਥੀ ਸਾਹਮਣੇ ਹੋਏ ਪਰ ਜੁੱਧ ਦੀ ਬਰਾਬਰੀ ਨਾਂ ਕਰ ਸੱਕੇ ਵਿਥਰ ਗਏ ਗੁਰੂ ਗੋਬਿੰਦ ਸਿੰਘ ਜੀ ਸਮੇਤ ਦੋ ਸਾਹਿਬ ਜ਼ਾਦਿਆਂ ਵਡਿਆਂ ਦੇ ਤੇ ਚਾਲੀ ਸਿੰਘਾਂ ਸਮੇਤ ਚਮਕੌਰ ਆਂਣ ਵੜੇ ਤੇ ਬਦੋਬਦੀ ਇਕ ਵੇਹੜੇ ਵਿਖੇ ਵੜਕੇ ਟਿਕਾਣਾ ਕੀਤਾ ਸਿਖਾਂ ਨੇ ਇਸ ਭੱਜੋ ਨਠੀ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਿਆਂ ਦੋ ਮੈਹਲਾਂ ਨੂੰ ਦਿੱਲੀ ਪਹੁੰਚਾਯਾ ਤੇ ਮਾਤਾ ਗੂਜਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਈ ਸਮੇਤ ਦੋ ਛੋਟੇ ਸਾਹਿਬ ਜ਼ਾਦਿਆਂ ਦੇ ਇੱਕ ਬ੍ਰਾਹਮਣ ਗੰਗਾ ਰਾਮ ਨਾਮੀ ਜੋ ਪੁਰਾਣਾ ਰਸੋਈਆ ਸੀ ਤਿਸ ਦੇ ਘਰ ਵਿਖੇ ਜਾ ਬਿਰਾਜੇ ਤਿਨਾਂ ਦੀ ਰੁਆਉਣ ਵਾਲੀ ਵਾਰਤਾ ਅੱਗੇ ਚੱਲਕੇ ਸੁਣਾਵਾਂਗੇ ਉਨ੍ਹਾਂ ਨੂੰ ਇਥੇ ਹੀ ਛੱਡਕੇ ਅਸੀ ਆਪ ਨੂੰ ਚਮਕੌਰ ਦੇ ਖੇਤ ਵਿਖੇ ਲੈ ਜਾਕਰਕੇ ਗੁਰੂ ਗੋਬਿੰਦ

ਸਿੰਘ ਜੀ ਦੀ ਓਹੁ ਸੂਰਮਤਾਈ ਦਿਖਾਂਉਦੇ ਹਾਂ ਜਿਸਦਾ ਦ੍ਰਿਸ਼ਟਾਂਤ ਸਾਰੀ ਦੁਨੀਆਂ ਦੇ ਇਤਹਾਸਾਂ ਵਿੱਚੋਂ ਇੱਕ ਭੀ ਨਹੀ ਮਿਲੇਗਾ ਗੁਰੂ ਗੋਬਿੰਦ ਸਿੰਘ ਜੀ ਕੇਵਲ ਚਾਲੀ ਸਾਥੀਆਂ ਸਮੇਤ ਚਮਕੌਰ ਦੇ ਕਿਲੇ ਵਿਖੇ ਆਣ ਪੌਹਚੇ ਸ਼ਾਹੀ ਫ਼ੌਜ ਸਮੇਤ ਦਲ ਹਿੰਦੂ ਰਾਜਿਆਂ ਦੇ ਜੋਹੜੀ ਗੁਰੂ ਗੋਬਿੰਦ ਸਿੰਘ ਜੀ ਦੇ ਮਗਰ ਸੀ ਤਿਨਾਂ ਨੂੰ ਇਹੁ ਪਤਾ ਲਗ ਚੁੱਕਾ ਸੀ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਹੁਣ ਫ਼ੌਜ ਨਹੀਂ ਹੈ ਕੇਵਲ ਥੋੜੇ ਜੇਹੇ ਸਿਖਾਂ ਸਮੇਤ ਸ਼ੇਰ ਵਾਂਗੂੰ ਇੱਕ ਦੇਹੜੇ ਵਿਖੇ ਪਿੰਜਰੇ ਦੀ ਤਰਾਂ ਬੰਦ ਹੋ ਅਜੇਹੇ ਸਮੇ ਨੂੰ ਚੰਗਾ ਜਾਣਕੇ ਉਸਦਾ ਪਿੱਛਾ ਨਹੀਂ ਛੱਡਣਾ ਚਾਹੀਏ ਤੇ ਜੀਉਂਦੇ ਫੜਨ ਦਾ ਸਮਾ ਅਜੇਹਾ ਸੁਨਹਿਰੀ ਸੰਭਲ ਹਥੋਂ ਨਹੀਂ ਗਵਾਉਣਾ ਲੋੜੀਏ ਸ਼ਾਹੀ ਫ਼ੌਜ ਨੇ ਆਪਣੇ ਉਸ ਮਕਾਨ ਦਾ ਘੇਰਾ ਘੱਤ ਲੀਤਾ ਹੁਣ ਦੇਖਣਾ ਕੇਹਾ ਜੇਹਾ ਨਾਜ਼ੁਕ ਸਮਾਂ ਆਗਿਆ ਹੈ ਕਿੱਥੇ ਲਸ਼ਕਰ ਸ਼ਾਹੀ ਤੇ ਕਿੱਥੇ ਚਾਲੀ ਸਿਖ ਤਿਸ ਪਰ ਭੀ ਸਾਮਾਨੋ ਹੀਣੇ ਕੋਈ ਸਾਰੇ ਸੰਸਾਰ ਦੇ ਇਤਹਾਸਾਂ ਦੇ ਪਤ੍ਰੇ ਉਥੱਲ ਕੇ ਦਿਖਾਵੇ ਜੋ ਕਦੀ ਚਾਲੀ ਆਦਮੀਆਂ ਨਾਲ ਕਿਸੇ ਜਰਨੈਲ ਅਥਵਾ ਸਰਦਾਰ ਅਥਵਾ ਬਾਦਸ਼ਾਹੀ ਲਸ਼ਕਰ ਨੇ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਹੋਵੇ ਸਾਹਮਣਾਂ ਕੀਤਾ ਹੋਵੇ ਯਾ ਉਨ੍ਹਾਂ ਦੇ ਸਾਮਣੇ ਸ਼ਹੀਦ ਹੀ ਹੋਣ ਦੀ ਗਲ ਕੀਤੀ ਹੋਵੇ ਤੇ ਫੇਰ ਅਜੇਹੇ ਲਸ਼ਕਰ ਵਿੱਚੋਂ ਨਿਕਲ ਗਿਆ ਹੋਵੇ

ਅਜੇਹੀ ਕੋਈ ਇਤਹਾਸ ਕਥਾ ਸਾਰੇ ਸੰਸਾਰ ਵਿਖੇ ਕੋਈ ਨਹੀਂ ਲੱਭੇਗੀ ਨਾਂ ਮਿਲੀ ਹੈ ਨਾਂ ਮਿਲਦੀ ਹੀ ਹੈ ਗੁਰੂ ਗੋਬਿੰਦ ਸਿੰਘ ਜੀ ਦੇ ਲਈ ਓਥੋਂ ਹਟ ਜਾਣਾਂ ਦਿਨ ਚੜੇਂ ਵਾਗੂੰ ਅਸੰਭਵ ਸੀ ਇਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰ ਇਹੁ ਸੀ ਕਿ ਜਿਵੇਂ ਹੋਸਕੇ ਉਨ੍ਹਾਂ ਚਾਲੀਆਂ ਆਦਮੀਆਂ ਨੂੰ ਸ਼ਾਹੀ ਫ਼ੌਜ ਨਾਲ ਸਾਂਝ ਤਕ ਲੜਾਈ ਜਾਵੇ ਤੇ ਰਾਤ ਨੂੰ ਸਮਾਂਪਾਕੇ ਖਿਸਕ ਜਾਵੇ ਕਿੰਉਂ ਚਲਾ ਜਾਵੇ ਇਸ ਗਲ ਪਰ ਕੋਈ ਕੋਈ ਆਦਮੀ ਦੋਸ਼ ਅਰੋਪਣ ਕਰਦੇ ਹੈਨ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਮਰਜਾਣਾਂ ਚਾਹੀਦਾ ਸੀ ਪਰ ਭਜੱਣਾਂ ਨਹੀਂ ਚਾਹੀਦਾ ਸੀ ਪ੍ਰੰਤੂ ਇਸ ਬਾਤ ਦੀ ਖਬਰ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਬੁਧ ਦੇਸੀ ਪੁਰਖਾਂ ਨਾਲੋਂ ਵਧੀਕ ਨਹੀਂ ਸੀ ਉਹੁ ਜਾਣਦਾ ਸੀ ਕਿ ਉਸਦਾ ਉਦੇਸ਼ ਸੰਪੂਰਨ ਨਹੀਂ ਹੋਯਾ ਤੇ ਉਸ ਉਦੇਸ਼ ਦੇ ਪੂਰਾ ਕਰਨ ਖਾਤ੍ਰ ਜੀਵਣਾਂ ਮਰਜਾਣ ਨਾਲੋਂ ਚੰਗਾ ਹੈ ਓਹੁ ਕਾਇਰ ਨਹੀਂ ਸੀ ਓਹੁ ਭੀਰੂ ਨਹੀਂ ਸੀ ਓਹੁ ਘਬਰਾਯਾ ਨਹੀਂ ਸੀ ਆਪਣੀ ਜਾਨ ਦੇ ਬਚਾਉਣੇ ਵਾਸਤੇ ਓਹ ਨਹੀਂ ਸੀ ਭਜਿੱਆ ਸਗੋਂ ਇਸ ਕਰਕੇ ਭਜਿੱਆ ਸੀ ਕਿ ਓਹੁ ਫਿਰ ਤਕੜਾ ਹੋਕੇ ਆਪਣੇ ਉਦੇਸ਼ ਨੂੰ ਪੂਰਾ ਕਰੇ ਜੇ ਕਰ ਓਹੁ ਕਾਇਰ ਤੇ ਭੀਰੂ ਕਮ ਹੌਸਲਾ ਹੁੰਦਾ ਤਾਂ ਕੀਹ ਓਹੁ ਆਪਣੇ ਪੁਤ੍ਰਾਂ ਨੂੰ ਨਾਲ ਲੈਕੇ ਨਾ ਭੱਜਦਾ ਨਹੀਂ ਨਹੀਂ ਉਸਨੇ ਆਪਣੇ

ਦੋਹਾਂ ਲਾਲਾਂ ਪੁਤ੍ਰਾਂ ਨੂੰ ਆਪਣੇ ਨੇਤ੍ਰਾਂ ਗੋਚਰ ਉਸ ਰਣ ਭੂਮ ਵਿਖੇ ਕਤਲ ਕਰਵਾਯਾ ਤੇ ਆਪਣੇ ਪ੍ਰੇਮ ਸੰਦੇਸੇ ਨੂੰ ਆਪਣੇ ਅੱਖਾਂ ਦੇ ਤਾਰਿਆਂ ਦੇ ਲਹੂ ਨਾਲ ਦਸਤ ਖਤ ਕਰਕੇ ਓਥੋਂ ਨਿਕਲਿਆ ਸੀ ਜੇਹੜਾ ਸੰਦੇਸਾ ਓਹ ਆਪਣੀ ਕ੍ਰਿਤਘਨ ਕਾਇਰ, ਗ਼ੈਰਤ ਹੀਨ, ਹਿੰਦੂ ਕੌਮ ਲਈ ਲਿਆਯਾ ਸੀ, ਉਸਨੇ ਇਸ ਸੰਦੇਸੇ ਪਰ ਆਪਣੇ ਦੋਹਾਂ ਗੁਰੂ ਪੁਤ੍ਰਾਂ ਦੇ ਲਹੂ ਦੀ ਸਿਆਹੀ ਨਾਲ ਦਸਖਤ ਕੀਤੇ ਤੇ ਦੋ ਪੁਤ੍ਰਾਂ ਦਾ ਬਲੀ ਦਾਨ ਕਰਕੇ ਸਾਖੀ ਦਿਵਾਈ ਕੇਹੜਾ ਅਜੇਹਾ ਕਾਇਰ ਹੈ ਕਿ ਜਿਸ ਦੇ ਸ਼ਰੀਰ ਵਿਖੇ ਖ਼ੂਨ ਹੋਵੇ ਕੇਹੜਾ ਅਜੇਹਾ ਬੇਵਕੂਫ ਹੈ ਕਿ ਅਖਾਂ ਦੇ ਹੁੰਦੇ ਸੁੰਦੇ ਕੇਹੜਾ ਅਜੇਹਾ ਕੋੜ੍ਹਾ ਮਗਜ਼ ਹੈ ਕਿ ਦਿਮਾਗ ਵਿੱਚ ਮਰਾਜ਼ ਰਖਦਾ ਹੋਯਾ ਗੁਰੂ ਗੋਬਿੰਦ ਸਿੰਘ ਜੀ ਪਰ ਬੇਹਿੰਮਤੀ ਦਾ ਤੇ ਕਾਇਰਤਾ ਦਾ ਬ੍ਰਿਥਾ ਦੋਸ਼ ਅਰੋਪਣ ਕਰ ਸਕੇ ਸੰਸਾਰ ਵਿਖੇ ਕਿਸੇ ਨੇ ਭੀ ਅਜੇਹੀ ਦਲੇਰੀ ਦੀ ਤੇ ਨਿਡਰੀ ਦੀ ਅਜੇਹੀ ਵੱਡੀ ਨਿਡਰ ਜੁੱਰਤ ਨਹੀਂ ਦਿਖਾਈ ਹੈ ਨਿਪੋਲੀਅਨ ਦੇ ਸਾਹਮਣੇ ਰਾਜਾ ਧਿਰਾਜ ਜਰਮਨ ਤੇ ਰੂਸ ਤੇ ਅਸਟ੍ਰੇਲੀਆ ਨੇ ਲਖਾਂ ਫ਼ੌਜਾਂ ਦੇ ਹੁੰਦੇ ਸੁੰਦੇ ਭੀ ਆਪਣਾਂ ਆਪ ਨੀਵਾਂ ਕਰ ਲੀਤਾ ਸੀ ਤੇ ਪਕੜਾ ਦਿੱਤਾ ਸੀ ਹੁਣ ਥੋੜੇ ਦਿਨਾਂ ਦੇ ਜੁੱਧ ਜੰਗ ਵਿਖੇ ਕਰੌਂਜ਼ੀ ਵਰਗੇ ਸੂਰਮੇ ਲੜਾਕੇ ਨੇ ਜੋ ਬੋਅਰਾਂ ਦਾ ਜਰਨੈਲ ਸੀ ਪਾਸ ਕਈ ਤੋਪਾਂ ਭੀ ਤੇ ਚਾਰ ਹਜ਼ਾਰ ਫੌਜ ਭੀ ਸੀ ਫੇਰ

ਆਪਣੇ ਆਪ ਨੂੰ ਬਨ੍ਹਾਂ ਲੀਤਾ ਸੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਦੀ ਹਿੰਮਤ ਦੇ ਨਾਲ ਰੰਚਕ ਮਾਤ੍ਰ ਇਨਸ਼ਾਫ਼ ਨਾਲ ਬਰਾਬਰੀ ਕਰੋ ਕੇਵਲ ਚਾਲੀ ਆਦਮੀਆਂ ਦੇ ਨਾਲ ਜਦ ਉਸ ਨੂੰ ਚਮ ਕੌਰ ਦੀ ਚਾਰ ਦੀਵਾਰੀ ਵਿਖੇ ਘਿਰੇ ਹੋਏ ਸੇ ਵਿਖੇ ਭੀ ਜਦ ਬਾਦਸ਼ਾਹੀ ਫ਼ੌਜ ਦੇ ਜਰਨੈਲ ਨੇ ਸੰਨੇਹਾ ਭੇਜਿਆ ਕਿ ਹੁਣ ਤੁਸੀ ਆਪੇ ਹੀ ਆ ਜਾਵੋ ਤੇ ਆਪਣੇ ਖਾਲਸਾ ਧਰਮ ਥੀਂ ਹੱਥ ਧੋ ਬੈਠੋ ਤਾਂ ਕੀਹ ਗੁਰੂ ਗੋਬਿੰਦ ਸਿੰਘ ਜੀ ਨੇ ਕਰੌਂਜੀ ਵਾਂਗੂ ਆਪਣੇ ਆਪ ਵੈਰੀ ਨੂੰ ਸ਼ਰੀਰ ਸੌਂਪਿਆ ਨਹੀਂ ਸਗੋਂ ਉਸ ਦੇ ਪੁਤ੍ਰ ਨੇ ਇਸ ਸੰਦੇਸ ਪਰ ਤਲਵਾਰ ਨਾਲ ਉਤ੍ਰ ਦਿੱਤਾ ਤੇ ਉਸ ਦੂਤ ਨੂੰ ਓਥੇ ਹੀ ਚਿਤ੍ਰ ਰਖਿਆ ਫੇਰ ਆਪਣੇ ਇੱਕ ਸਿਖ ਦੇ ਹਥੀਂ ਉਤ੍ਰ ਭੇਜਿਆ ਕਿ ਅਕਾਲ ਪੁਰਖ ਦੀ ਆਗਿਆ ਅਸਾਡੇ ਵਾਸਤੇ ਤੁਹਾਡੇ ਹਵਾਲੇ ਕਰਨ ਦੀ ਨਹੀਂ ਸਗੋਂ ਲੜਕੇ ਮਰ ਜਾਣ ਦੀ ਆਗਿਆ ਹੈ ਅਕਾਲ ਪੁਰਖ ਦੀ ਆਗਿਆ ਖ਼ਾਲਸਾ ਧਰਮ ਦੇ ਛੱਡਣ ਦੀ ਨਹੀ ਸਗੋਂ ਪਸਾਰਨ ਦੀ ਹੈ ਭਾਵੇਂ ਉਸ ਪਾਸ ਗਿਣਤੀ ਦੇ ਚਾਲੀ ਪੁਰਖ ਸੇ ਪਰ ਤਾਂ ਭੀ ਆਪਨੇ ਬਚਨ ਪੂਰੇ ਕਰਨ ਵਾਸਤੇ ਜੇਹੜੇ ਓਸ ਨੇ ਉਚਾਰੇ ਹੋਏ ਸੇ ਕਿ ਚਿੜੀਆਂ ਪਾਸੋਂ ਬਾਜ਼ ਤੁੜਾਵਾਂ ॥ ਤਾਂ ਮੈਂ ਗੋਬਿੰਦ ਸਿੰਘ ਨਾਮ ਸਦਾਵਾਂ ॥ ਬਾਦਸ਼ਾਹੀ ਫ਼ੌਜ ਦਾ ਸਾਰਾ ਦਿਨ ਮੁਕਾਬਲਾ ਕੀਤਾ ਕੀਹ ਇਹੁ ਆਖਣਾ ਸੱਚ ਨਹੀਂ ਹੋਵੇਗਾ ਕਿ ਅਜੇਹਾ ਮਹਾਂਨ ਪੁਰਖ ਤੇ ਸੂਰਮਾਂ

ਨਾਂਹੀ ਕਦੇ ਸੰਸਾਰ ਵਿਖੇ ਦੇਖਣ ਵਿੱਚ ਆਯਾ ਤੇ ਨਾਂਹੀ ਕਿਸੇ ਸਮੇ ਵਿਖੇ ਉਤਪਤ ਹੋਯਾ ਹੈ ਸਾਰੀਆਂਹੀਕੌਮਾਂਆਪਣੇ ਬਹਾਦੁਰਾਂ ਦੀ ਬਹਾਦੁਰੀ ਪਰ ਤੇ ਸ਼ਹੀਦੀ ਪਰ ਅਭਿਮਾਂਨ ਭਾਵੇ ਕਰਨ ਪ੍ਰੰਤੂ ਜੇਹੜਾ ਅਭਮਾਂਨ ਹਿੰਦੂਆਂ ਨੂੰ ਤੇ ਖਾਲਸੇ ਨੂੰ ਗੁਰੂ ਗੋਬਿੰਦਸਿੰਘ ਜੀ ਦਾ ਹੈ ਉਸਦੀ ਬਰਾਬਰੀ ਸੰਸਾਰ ਵਿਖੇ ਨਹੀਂ ਤੇ ਨਾਹੀਂ ਜੁਗਾਂ ਵਿਖੇ ਕੋਈ ਕੌਮ ਕਰ ਸਕਦੀ ਹੈ ਕਿਉਂ ਜੋ ਅਜੇਹਾ ਦ੍ਰਿਸ਼ਟਾਂਤ ਕੋਈ ਭੀ ਧਰਮ ਆਪਣੇ ਗੁਰੂ ਪੀਰਾਂ ਦਾ ਨਹੀਂ ਦਿਖਾ ਸਕਦਾ ਗੁਰੂ ਗੋਬਿੰਦਸਿੰਘ ਜੀ ਚਮਕੌਰ ਦੇ ਵੇਹੜੇ ਵਿਖੇ ਘਿਰਿਆ ਹੋਯਾ ਸਾਰਾ ਦਿਨ ਆਪਣੇ ਚਾਲੀਹਾਂ ਜੁਵਾਨਾਂ ਸਮੇਤ ਜੰਗ ਕਰਦਾ ਹੈ ਹਰ ਸਮੇ ਆਪ ਤਲਵਾਰ ਲੈਕੇ ਪੈਹਰਦਾ ਹੈ ਤੇ ਆਪਣੀਆਂ ਅੱਖਾਂ ਦੇ ਸਾਹਮਣੇ ਆਪਣੇ ਪੁਤ੍ਰਾਂ ਦਾ ਲਹੂ ਆਪਣੇ ਉਦੇਸ਼ ਨੂੰ ਪੂਰਾ ਕਰਨ ਲਈ ਛਿੜਕਦਾ ਹੈ ਪਰ ਫੇਰ ਸੀ ਤਕ ਭੀ ਨਹੀਂ ਕਰਦਾ ਅਫ਼ਸੋਸ਼ ਸ਼ੋਕ ਨਹੀਂ ਕਰਦਾ ਚਿੰਤਾ ਨਹੀਂ ਕਰਦਾ ਅਤੇ ਆਪਣੇ ਉਦੇਸ਼ ਨੂੰ ਨਹੀਂ ਤਿਆਗਦਾ ਰੁਸਤਮ ਦਾਸ-ਤਾਂਨ ਦੀ ਕਥਾ ਤੁਹਾਨੂੰ ਚੇਤੇ ਹੈ ਜਦੋਂ ਉਸਨੇ ਆਪਣੇ ਪੁਤ੍ਰ ਨੂੰ ਭੁਲੇਖੇ ਨਾਲ ਮਾਰ ਦਿਤਾਸੀ ਜਦ ਪਤਾ ਲੱਗਾ ਤਾਂ ਬੜਾ ਰੁਦੰਨ ਕਰਦਾ ਕਰਦਾ ਬੇਹੋਸ਼ ਹੋ ਜਾਂਦਾ ਤੇ ਗ਼ਸ਼ਾਂ ਪੈਂਦੀਆਂ ਸਨ ਨਿਪੋਲੀਅਨ ਜੇਹੇ ਬਹਾਦੁਰਨੇ ਰੂਸਦੀਲੜਾਈ ਵਿਖੇਆਪਣਾਂ ਇਕ ਜਰਨੈਲ ਮਰਨੇ ਪਰ ਹੰਝੂ ਵਹਾਏ ਸੇ ਰਾਮ ਚੰਦ੍ਰ ਨੇ

ਆਪਣੇ ਭਰਾ ਦੀ ਮੂਰਛਾ ਪਰ ਓਹ ਚਿੰਤਾ ਕੀਤੀ ਸੀ ਤੇ
ਹਨੂੰਮਾਂਨ ਪਾਸ ਪਹਾੜੀ ਥੀਂ ਬੂਟੀ ਲਿਆਉਣ ਵਾਸਤੇ ਬੇਨਤੀ
ਕਰਦਾ ਸੀ ਪ੍ਰੰਤੂ ਏਹੁ ਗੁਰੂ ਗੋਖਿੰਦ ਸਿੰਘ ਜੀ ਹੀ ਗੋਬਿੰਦ ਸਿੰਘ
ਜੀ ਸੀ ਕਿ ਜਿਸ ਨੇ ਆਪਣੇ ਬੜੇ ਪੁਤ੍ਰ ਦਾ ਬਲੀ ਦਾਂਨ ਕਰਵਾ
ਕੇ ਭੀ ਹਿੰਮਤ ਨਾਂ ਹਾਰੀ ਸੀ ਸਗੋਂ ਆਪਣੇ ਉਦੇਸ਼ ਪੂਰਨ
ਕਰਨ ਪਰ ਇਕ ਰਸ ਰਿਹਾ ਸੀ ਅਜੀਤ ਸਿੰਘ ਵਡੇ ਪੁਤ੍ਰ ਦੇ
ਮਰਨੇ ਪਰ ਦੂਜਾ ਪੁਤ੍ਰ ਜੁਝਾਰ ਸਿੰਘ ਜਿਸ ਦੀ ਉਮਰ ਭੀ ਅਜੇ
੧੪, ੧੫ ਵਰ੍ਹੇ ਦੀ ਸੀ ਸੋ ਆਪਣੇ ਪਿਤਾ ਦੇ ਪਾਸ ਆਉਂਦਾ
ਹੈ ਤੇ ਪੁੱਛਦਾ ਹੈ ਕਿ ਹੇ ਪਿਤਾ ਜੀ ਕੀਹ ਮੈਨੂੰ ਆਗਿਆ ਹੈ ਜੋ
ਮੈਂ ਵੈਰੀਆਂ ਨਾਲ ਜਾਕੇ ਜੁਧ ਕਰਾਂ ਤੇ ਆਪਣੇ ਭਾਈ ਅਜੀਤ
ਸਿੰਘ ਦਾ ਬਦਲਾ ਲਵਾਂ ਗੁਰੂ ਗੋਬਿੰਦ ਸਿੰਘ ਜੀ ਆਪਣੇ
ਪੁਤ੍ਰ ਦੀ ਜੁਵਾਨੀ ਨੂੰ ਤੇ ਪਿਤਾ ਮੋਹ ਨੂੰ ਰੰਚਕ ਨਾਂ ਧਿਆਨ
ਦੇਂਦਾ ਹੋਯਾ ਤੇ ਉਸ ਦੀ ਮੌਤ ਨੂੰ ਸਾਹਮਣੇ ਦੇਖਦਾ ਹੋਯਾ
ਕੈਂਹਦਾ ਹੈ ਕਿ ਹਾਂ ਹਾਂ ਪੁਤ੍ਰ ਜੀ ਜਾਵੋ ਤੇ ਆਪਣੇ ਲਹੂ ਨਾਲ
ਮੇਰੇ ਦਸਤਾਵੇਜ ਦੀ ਸਾਖੀ ਪੂਰਨ ਕਰੋ ਜਿਸ ਕਰਕੇ ਮੈਂ ਤੇਰੇ
ਤੇ ਤੇਰੇ ਭਾਈ ਦੇ ਲਹੂ ਨਾਲ ਸਹੀ ਕਰਾਂ ਤੇ ਕੰਮ ਪੂਰਨ ਹੋ
ਜਾਵੇ ਪੁਤ੍ਰ ਜਾਣ ਥੀਂ ਪੈਹਲੇ ਪਾਣੀ ਮੰਗਦਾ ਹੈ ਤੇ ਪਿਤਾ ਉਤ੍ਰ
ਦੇਂਦਾ ਹੈ ਕਿ ਪੁਤ੍ਰ ਇਸ ਪਾਣੀ ਦੀ ਤੈਨੂੰ ਕੁਛ ਲੋੜ ਨਹੀਂ ਜਾਓ
ਤੁਹਾਡੇ ਲਈ ਪਾਣੀ ਓਹੁ ਲਹੂ ਹੈ ਜੇਹੜਾ ਆਪਣੇ ਆਪਨੂੰ
ਬਲੀਦਾਂਨ ਕਰਕੇ ਵਗਾਓਗੇ ਜਾਓ ਖੇਤ ਵਿਖੇ ਸ਼ਹੀਦੀ ਦਾ ਹੀ

ਸ਼ਰਬਤ ਪੀਓਂ ਤੇ ਇਹੁ ਤਿਹਾਏ ਰੈਹਣਾਂ ਤੇਰਾ ਇਸ ਗਲ
ਦੀ ਨਿਸ਼ਾਂਨੀ ਰਹੇਗੀ ਕਿ ਖਾਲਸਾ ਧਰਮ ਆਪਣੇ ਧਰਮ ਦੇ
ਵਿਰੋਧੀਆਂ ਦੀ ਜਾਂਨ ਦਾ ਤਿਹਾਯਾ ਹੈ ਜਿਸ ਰਾਹੁ ਥੀਂ ਤੇਰਾ
ਭਰਾ ਸੁਰਗ ਨੂੰ ਗਿਆ ਹੈ ਉਸੇ ਰਾਹੀਂ ਤੁਸੀਂ ਭੀ ਜਾਵੋ ਪਿਤਾ
ਵਰਗੇ ਪੁਤ੍ਰ ਅਦੁੱਤੀ ਤੇ ਬੇਮਿਸਾਲ ਨੇ ਇੱਕ ਹੱਥ ਵਿਖੇ
ਆਪਣੇ ਹੁਸਨ ਤੇ ਜੁਵਾਨੀ ਦੂਸਰੇ ਹੱਥ ਵਿਖੇ ਤਲਵਾਰ
ਅਸਫ਼ਹਾਨੀ ਆਪਣੇ ਪਿਤਾ ਦੀਆਂ ਅੱਖਾਂ ਦੇ ਸਾਹਮਣੇ ਸ੍ਰੀ
ਗੁਰੂ ਗੋਬਿੰਦਸਿੰਘ ਜੀ ਦੀ ਮਰਜ਼ੀ ਦੇ ਨਿਸ਼ਾਨ ਲੈਕੇ ਰਣ
ਭੂਮੀ ਵਿਖੇ ਛਾਲ ਮਾਰਦਾ ਹੈ ਤੇ ਆਪਣੇ ਭਾਈ ਵਾਂਗੂੰ ਹਿੰਦੂ
ਧਰਮ ਦੇ ਬਚਾਉਨ ਲਈ ਆਪਣੇ ਆਪ ਨੂੰ ਬਲੀਦਾਂਨ
ਕਰਦਾ ਹੈ ਕੀਹ ਗੁਰੂ ਗੋਬਿੰਦਸਿੰਘ ਜੀ ਕਾਇਰ ਸੀ ਕੀਹ ਗੁਰੂ
ਗੋਬਿੰਦਸਿੰਘ ਜੀ ਕਮ ਹੋਸਲਾ ਸੀ ਨਹੀਂ ਨਹੀਂ ਓਹੁ ਕਾਲੇ
ਮੂੰਹ ਵਾਲਾ ਕੌਣ ਹੈ ਜੋ ਇਸਤਰਾਂ ਆਖੇ ਉਸ ਦੇ ਮੂੰਹ ਵਿਖੇ
ਸੁਾਹਪਾਉ ਜੇਹੜਾ ਇਹੁ ਆਖੇ ਜੇਕਰ ਓਹੁ ਰਣਭੂਮੀਂ ਥੀਂ
ਨਿਕਲਿਆ ਸੀ ਤਾਂ ਕੇਵਲ ਇਸ ਭਰੋਸੇ ਵਿਖੇ ਕਿ ਸੰਸਾਰ
ਭਰੋਸੇ ਤੇ ਆਸ਼ਾ ਨਾਲ ਹੀ ਜੀਂਉਦਾ ਹੈ ਜੀਵੇ ਆਸਾ ਮਰੇ
ਨਿਰਾਸਾ ਖਬਰੇ ਭਵਿਖਤ ਵਿਖੇ ਹੀ ਓਹੁ ਉਦੇਸ਼ ਪੂਰਾ
ਕਰੇ ਤੇ ਧਰਮ ਦੀ ਕੁਛ ਸੇਵਾ ਕਰ ਸਕੇ ਜੇਕਰ ਓਹੁ ਬੇਹਿੰਮਤ
ਹੁੰਦਾ ਤਾਂ ਕੀਹ ਓਹੁ ਆਪਣੇ ਪੁਤ੍ਰਾਂ ਨੂੰ ਬਚਾਕੇ ਨਾਲ ਨਹੀ
ਲੈ ਜਾ ਸਕਦਾ ਸੀ ਤੇ ਉਨ੍ਹਾਂਨੂੰ ਭਜਾ ਨਹੀਂ ਸੀ ਸਕਦਾ ਪ੍ਰੰਤੂ ਨਹੀਂ

ਆਪ ਉਸਨੇ ਆਪਣੇ ਪੁਤ੍ਰਾਂਦਾ ਲਹੂ ਵਗਵਾਯਾ ਦੋਸ਼ ਅਰੋਪਣ ਵਾਲਿਆਂ ਤੇ ਬਕਵਾਸ ਕਰਨ ਵਾਲਿਆਂ ਦੇ ਸਾਹਮਨੇ ਭੇਜਿਆ ਸੀ ਸੰਧਜਾਤਕ ਚਾਲੀ ਸਿੰਘ ਲੜਦੇ ਭਿੜਦੇ ਰਹੇ ੩੯ ਤਾਂ ਰਣ ਵਿਖੇ ਸ਼ਹੀਦ ਹੋਗਏ ਤੇ ਬਾਕੀ ਕੇਵਲ ਗੁਰੂ ਗੋਬਿੰਦ ਸਿੰਘ ਜੀ ਤੇ ਹੋਰ ਤਿੰਨ ਸਿੰਘ ਧਰਮ ਸਿੰਘ, ਮਾਂਨ ਸਿੰਘ, ਦਯਾ ਸਿੰਘ, ਬਾਕੀ ਰੈਹਗਏ ਸੇ ਜ਼ਰਾ ਧਿਆਂਨ ਤਾਂ ਕਰੋ ਛੋਹਾਂ ਆਦਮੀਆਂ ਨੂੰ ਬਾਦਸ਼ਾਹੀ ਲਸ਼ਕਰ ਕੈਦ ਨਹੀਂ ਸੀ ਕਰ ਸਕਦਾ ਤੇ ਰਾਤ ਨੂੰ ਉਸ ਘਰਦਾ ਬੂਹਾ ਬੰਦ ਕੀਤਾ ਜਾਂਦਾ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਰੋਬ ਕਰਕੇ ਉਸ ਮਕਾਂਨ ਵਿਖੇ ਕੋਈ ਨਹੀਂ ਜਾਂਦਾਸੀ ਲਸ਼ਕਰ ਸ਼ਾਹੀ ਦਾ ਪੈਹਰਾ ਨਿਯਤ ਹੁੰਦਾ ਹੈ ਪਰ ਓਹ ਅਦੁਤੀ ਸੂਰਮਾ ਬਹਾਦੁਰ ਤੇ ਬੇ ਮਿਸਾਲ ਦਲੇਰ ਬਾਂਕਾ ਗੰਭੀਰ ਓਥੋਂ ਮੈਦਾਨ ਜੰਗ ਨੂੰ ਹੈਰਾਨੀ ਦੀ ਦ੍ਰਿਸ਼ਟੀ ਨਾਲ ਦੇਖਦਾ ਹੋਯਾ ਤੇ ਓੜਕ ਦੇ ਸਮੇ ਦੇ ਵਾਰੇ ਆਪਣੇ ਪਿਆਰੇ ਪੁੱਤ੍ਰਾਂ ਦੇ ਮੂੰਹ ਤੇ ਆਪਣੇ ਪੰਜਾਂਪਿਆਰਿਆਂਦੇਹੱਥਾਂਨੂੰਚੁੰਮਦਾਚੁੰਮਦਾਨਿਕਲਹੀਜਾਂਦਾਹੈ ਤੇ ਆਪਣੇ ਪੁਤ੍ਰਾਂ ਦੀਆਂ ਲੋਥਾਂ ਦੇ ਸਮੇਤ ਪੰਜਾਂ ਪਿਆਰਯਾਂ ਦੀ ਲੋਥਾਂ ਭੀ ਓਥੇਹੀ ਛੱਡ ਜਾਂਦਾ ਹੈ ਕੇਹੜੀ ਚੀਜ਼ ਉਸ ਨੂੰ ਪਿਆਰੀ ਸੀ ਜੇਹੜੀ ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਪਾਸੋਂ ਲੁਕਾਕੇ ਰਖੀ ਹੋਵੇਗੀ ॥

ਗੁਰੂ ਸਾਹਿਬ ਦਾ ਚਮਕੌਰ ਦੀ ਰਣਭੂਮੀ ਵਿਚੋਂ ਨਿਕਲ ਜਾਣਾ ਤੇ ਉਸਨੂੰ ਕਸ਼ਟ ਪੈਣੇ ਅਤੇ ਅੰਜਾਂਣ ਬੱਚਿਆਂ ਦਾ ਕਤਲ ਹੋਣਾ

ਗੁਰੂ ਜੀ ਓਥੋਂ ਕਿਸਤਰਾਂ ਨਿਕਲਿਆ ਆਖਦੇ ਹਨ ਕਿ ਬਚੇ ਹੋਏ ਸਿੱਖਾਂ ਨੇ ਉਸ ਘਰ ਥੀਂ ਬਾਹਰ ਹੋਕੇ ਰੌਲਾ ਪਾ ਦਿੱਤਾ ਕਿ ਹਿੰਦੂਆਂ ਦਾ ਪੀਰ ਜਾਂਦਾ ਜੇ ਬਾਦਸ਼ਾਹੀ ਲਸ਼ਕਰ ਵਿਖੇ ਖਿਲ-ਬਲੀ ਮੱਚ ਗਈ ਤੇ ਓਧਰੋਂ ਸਮਾਂ ਦੇਖਕੇ ਅੰਨ੍ਹੇਰੀ ਰਾਤ ਵਿਖੇ ਗੁਰੂ ਗੋਬਿੰਦ ਸਿੰਘ ਜੀ ਬਾਹਰ ਨਿਕਲ ਗਏ ਤੇ ਨੰਗੇ ਪੈਰੀਂ ਦਾਗ ਦਿਲ ਪਰ ਧਰੇ ਹੋਏ ਜੰਗਲ ਦੀ ਵਲ ਤੁਰ ਪਏ ਐ ਪਾਠਕੋ ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਦੁਖਜਾਰੀ ਕਥਾ ਨੂੰ ਏਥੇ ਛੱਡਕੇ ਉਸਦੇ ਛੋਟੇ ਸਾਹਿਬ ਜ਼ਾਦਿਆਂ ਦੋਹਾਂ ਦਾ ਦਰਦ ਨਾਕ ਤੇ ਰੁਆ ਦੇਣਵਾਲਾ ਸਮਾਂ ਤੇ ਸ਼ਹੀਦ ਹੋਣਦਾ ਬਿਰਤਾਂਤ ਸੁਣਾਉਂਦਾ ਹਾਂ ਜਦ ਆਨੰਦ ਪੁਰ ਥੀਂ ਨਿਕਲਣੇ ਪਰ ਫ਼ੌਜ ਸ਼ਾਹੀ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਪਿੱਛਾ ਕੀਤਾ ਤੇ ਥੋੜ੍ਹੇ ਜੇਹੇ ਸਿਖ ਬੜੇ ਔਖੇ ਸੌਖੇ ਹੋਕੇ ਦਰਯਾ ਥੀਂ ਪਾਰ ਹੋਏ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਇਸਤ੍ਰੀਆਂ ਨੂੰ ਦਿੱਲੀ ਵਲ ਲੈ ਗਏ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਮਾਈ ਨੇ ਇਲਾਕੇ ਰੋਪੜ ਵਿਖੇ ਪਿੰਡ ਖੇੜੀ ਵਿਚ ਆਪਣੇ ਪੁਰਾਣੇ ਪਾਲੇ ਹੋਏ

ਇੱਕ ਬ੍ਰਾਹਮਣ ਗੰਗਾਰਾਮਨਾਮੀ ਰਸੋਈਏ ਦੇ ਘਰ ਡੇਰਾ ਕੀਤਾ ਸੀ ਤੇ ਕੁਛ ਮਾਯਾ ਜੁਵਾਹਰਾਤ ਭੀ ਉਸਦੇ ਨਾਲ ਸੇ ਤਿਨ੍ਹਾਂ ਨੂੰ ਦੇਖਕੇ ਬ੍ਰਾਹਮਣ ਦੀਆਂ ਅੱਖਾਂ ਲੋਭ ਵਿਖੇ ਬਦਲ ਗਈਆਂ ਤੇ ਨਿਮਕ ਹਰਾਮੀ ਬਣਗਿਆ ਭਾਵੇਂ ਗੁਰੂ ਜੀ ਦੀ ਮਾਤਾ ਨੇ ਉਸਨੂੰ ਬੌਹਤ ਸਮਝਾਇਆ ਪ੍ਰੰਤੂ ਉਸ ਨਿਮਕ ਹਰਾਮੀ ਨੇ ਸਭ ਨੇਕੀਆਂ ਉਪਰ ਪਾਣੀ ਫੇਰ ਕੇ ਤੋਤੇ ਚਸ਼ਮੀ ਗ੍ਰੈਹਣ ਕੀਤੀ ਤੇ ਲਾਲਚ ਮਾਯਾ ਦੇ ਕਾਰਣ ਉਸਦੀਆਂ ਅੱਖਾਂ ਤੁੰਬਲ ਗਈਆਂ ਸੇ ਤਾਂ ਉਸਨੇ ਨੁਵਾਬ ਜਾਨੀ ਖ਼ਾਂ ਜੋ ਸੂਬੇ ਸਿਰਹੰਦ ਦੇ ਹੇਠ ਸੀ ਖ਼ਬਰ ਜਾ ਕੀਤੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਪੁਤ੍ਰ ਮੇਰੇ ਘਰ ਵਿਖੇ ਲੁਕੇ ਹੋਏ ਹਨ ਬ੍ਰਾਹਮਣ ਇਕ ਅਜੇਹੀ ਕੌਮ ਹੈ ਜੋ ਚਿਰਾਂ ਥੀਂ ਹੀ ਹਿੰਦੂਆਂ ਦੇ ਸ਼ਰੀਰ ਥੀਂ ਜੋਕ ਵਾਂਗੂੰ ਲਹੂ ਪੀ ਪੀਕੇ ਨਿਰਬਾਹੁ ਕਰਦੀ ਚਲੀ ਆਈ ਹੈ ਉਨ੍ਹਾਂ ਨੂੰ ਆਪਣੇ ਸ੍ਵਾਰਥ ਤੇ ਪੇਟ ਪਾਲਣ ਲਈ ਆਪਣੇ ਸਾਹਿਬ ਤੇ ਰਾਜੇ ਤੇ ਮਾਲਿਕ ਤੇ ਕੌਮ ਤੇ ਦੇਸੀ ਭਾਈਆਂ ਨਾਲ ਦਗਾ ਕਰਨੋਂ ਰੰਚਕ ਜ਼ਰਾ ਮਾਤ੍ਰ ਭੀ ਦਰੇਗ ਨਹੀਂ ਹੈ ਹਿੰਦੁਸ-ਤਾਨ ਦੇ ਸਾਰੇ ਹੀ ਇਤਹਾਸਾਂ ਵਿਖੇ ਇਨ੍ਹਾਂ ਦੀਆਂ ਦਗ਼ੇਬਾਜ਼ੀਆਂ ਨਿਮਕ ਹਰਾਮੀਆਂ, ਸ੍ਵਾਰਥਤਾਈਆਂ, ਸਰੀਰ ਪਾਲਣ ਦੀਆਂ ਲਿਖੀਆਂ ਹਨ ਨਾਂ ਤਾਂ ਇਨ੍ਹਾਂ ਨੂੰ ਮੰਗਣੋਂ ਸ਼ਰਮ ਹੈ ਤੇ ਨਾਹੀਂ ਫ਼ਕੀਰ ਬਣਨੋਂ ਆਰ ਹੈ ਨਾਹੀਂ ਇਨ੍ਹਾਂ ਵਿਖੇ ਮੁਰੱਵਤ ਹੈ ਤੇ ਨਾਹੀਂ ਪਰ ਉਪਕਾਰ ਦੇ ਜਾਣਨ ਦੀ ਵਿਚਾਰ ਹੈ ਓਹੁ ਹਿੰਦੂਆਂ

ਦੀ ਸਾਰੀ ਜ਼ਾਤ ਨੂੰ ਤੇ ਜਾਨਾਂ ਨੂੰ ਤੇ ਮਾਲ ਨੂੰ ਕੁਦਰਤੀ ਆਪਣਾ ਹੀ ਹੱਕ ਜਾਣਦੇ ਹਨ ਜੇਕਰ ਚਾਹੁੰਦੇ ਤਾਂ ਹਿੰਦੂ ਕੌਮ ਉਨ੍ਹਾਂ ਦੇ ਬੰਧਨਾਂ ਥੀਂ ਨਿਕਲਦੀ ਤੇ ਉਨ੍ਹਾਂ ਦੇ ਰੋਬ ਥੀਂ ਬਾਹਰ ਹੋਸਕਦੀ ਸੀ ਉਨ੍ਹਾਂ ਦੀਆਂ ਦਗੇਬਾਜ਼ੀਆਂ ਤੇ ਅਕ੍ਰਿਤਘਨਤਾ ਦੇ ਕੁਛਕ ਸਮਾਚਾਰ ਜਿਵੇਂ ਦਾਲਦੀ ਤੌੜੀ ਵਿੱਚੋਂ ਦਾਣਾ ਟੋਹੀਦਾ ਹੈ ਏਥੇ ਦੱਸਦੇ ਹਾਂ ਅਸਾਂ ਚਿਰ ਹੋਯਾ ਹੈ ਕਿ ਇਕ ਸੰਖੇਪ ਰਿਸਾਲੇ ਵਿਖੇ ਜਿਸਦਾ ਨਾਉਂ ਬ੍ਰਾਹਮਣ ਸਾਡੇ ਦੋਸਤ ਹਨ ਯਾ ਵੈਰੀ ਹਨ ਲਿਖਯਾਸੀ ਗਲ ਕਾਹਦੀ ਉਸ ਬ੍ਰਾਹਮਣ ਦੀ ਚੁਗਲੀ ਪਰ ਨੁਵਾਬ ਨੇ ਉਨ੍ਹਾਂ ਬਚਿਆਂ ਨੂੰ ਪਕੜਵਾ ਮੰਗਾਵਾਯਾ ਅਤੇ ਸੂਬੇ ਸਿਰਹੰਦ ਪਾਸ ਭੇਜ ਦਿੱਤਾ ਜਿਸਨੂੰ ਬਾਹਮਨ ਦੀ ਇਸ ਬਦਜ਼ਾਤੀ ਦਾ ਭੀ ਕਾਰਨ ਪ੍ਰਤੀਤ ਹੋਗਿਆ ਤੇ ਉਹੁ ਮਾਯਾ ਤੇ ਜੁਵਾਹਰਾਤ ਜਿਸਦੇ ਮਦ ਵਿਖੇ ਓਹੁ ਬ੍ਰਾਮਣ ਸੌਦਾਈ ਹੋ ਗਿਆ ਸਭ ਖੋਹਕੇ ਆਪਣੇ ਪਾਸ ਸੂਬੇ ਨੇ ਮੰਗਾਕੇ ਵਰਤਿਆ ਤੇ ਇਸ ਸੇਵਾ ਦਾ ਬਦਲਾ ਇਸ ਪੰਡਿਤ ਦੇਵਤੇ ਨੂੰ ਇਹੁ ਮਿਲਿਆ ਜੋ ਕੇਵਲ ਉਸਦੀ ਜਾਂਨ ਹੀ ਬਖਸ਼ੀ ਗਈ ਸੀ ਜੇਹੜੇ ਦੋ ਪੁਤ੍ਰ ਗੁਰੂ ਗੋਬਿੰਦ ਸਿੰਘ ਜੀ ਦੇ ਸੂਬੇ ਸਿਰਹੰਦ ਦੇ ਪੇਸ਼ ਕੀਤੇ ਗਏ ਸੇ ਇੱਕ ਦਾ ਨਾਮ ਜ਼ੋਰਾਵਰ ਸਿੰਘ ਸੀ ਤੇ ਦੂਸਰੇ ਦਾ ਨਾਉਂ ਫਤੇ ਸਿੰਘ ਸੀ ਪੈਹਲੇ ਦੀ ਉਮਰਾਂ ਨੌ ਵਰਹੇ ਦੀ ਸੀ ਤੇ ਦੂਸਰੇ ਦੀ ਕੇਵਲ ੭ ਬਰਸ ਦੀ ਸੀ ਦੋਵੇਂ ਸਕੇ ਭਾਈ ਸੇ ਜਦ ਇਹੁ ਸੂਬੇ ਸਿਰਹੰਦ ਦੇ ਸਨਮੁਖ

ਆਏ ਤਾਂ ਪੈਹਲੇ ਤਾਂ ਉਨ੍ਹਾਂ ਨੂੰ ਇੱਕ ਬੁਰਜ ਵਿਖੇ ਕੈਦ ਕਰਨ ਲਈ ਸੂਬੇ ਨੇ ਆਗਿਆ ਦਿੱਤੀ ਇਸ ਬੁਰਜ ਨੂੰ ਹੁਣਤਕ ਚੰਡਾਲ ਬੁਰਜ ਦਾ ਨਾਮ ਉਚਾਰਕੇ ਸੱਦ ਦੇ ਹਨ ਦੂਸਰੇ ਦਿਨ ਅਥਵਾ ਕੁਛ ਦਿਨਾਂ ਮਗਰੋਂ ਉਨ੍ਹਾਂ ਦੋਹਾਂ ਨੌਂ ਨਿਹਾਲਾਂ ਬਗੀਚੀ ਗੁਰੂ ਗੋਬਿੰਦ ਸਿੰਘ ਜੀ ਦੀ ਨੂੰ ਆਪਣੇ ਸਾਹਮਣੇ ਬੁਲਾਯਾ ਤੇ ਸੂਬੇ ਨੇ ਕਿਹਾ ਕਿ ਹੇ ਮੁੰਡਿਓ ਤੁਸੀਂ ਦੀਨ ਇਸਲਾਮ ਨੂੰ ਅੰਗੀਕਾਰ ਕਰੋ ਤੇ ਮੁਸਲਮਾਂਨ ਬਣ ਜਾਵੋ ਫੇਰ ਮਜ਼ੇ ਨਾਲ ਸੁਖ ਦੀ ਦਿਨਕੱਟੀ ਕਰੋ ਨਹੀਂ ਤਾਂ ਤੁਹਾਂਨੂੰ ਕਤਲ ਕੀਤਾ ਜਾਵੇਗਾ ਤੇ ਤਲਵਾਰ ਦੇ ਘਾਟ ਥਾਣੀ ਪਾਰ ਉਤਾਰਿਆ ਜਾਵੇਗਾ ਹੇ ਪਾਠਕ ਗਣੋ ਤੇ ਸਮੇ ਦੇ ਲੋਕੋ ਕੀਹ ਤੁਹਾਂਨੂੰ ਮਲੂਮ ਨਹੀਂ ਜੋ ਇਨ੍ਹਾਂ ਲਾਡਾਂ ਨਾਲ ਪਲਿਆਂ ਹੋਯਾਂਤੇ ਛੋਟਿਆਂ ਬਚਿਆਂ ਨੇ ਕੀਹ ਉਤ੍ਰ ਦਿੱਤਾ ਓਹ ਉਤ੍ਰ ਦਿਤਾ ਕਿ ਜੇਹੜਾ ਗੁਰੂ ਗੋਬਿੰਦ ਸਿੰਘ ਜੀ ਦੇ ਸਪੁਤ੍ਰਾਂ ਨੂੰ ਯੋਗਸੀਤੇ ਜੇਹੜਾ ਗੁਰੂ ਗੋਬਿੰਦ ਸਿੰਘ ਜੀ ਦੀ ਪਤ ਤੇ ਸ਼ੇਖੀ ਦਾ ਕਾਰਣ ਸੀ ਜਿਸ ਉਤ੍ਰ ਦੀ ਇਸ ਉਮਰ ਦੇ ਮੁੰਡਿਆਂ ਪਾਸੋਂ ਕਦੇ ਭੀ ਆਸ ਨਹੀਂ ਹੋਸਕਦੀ ਸੀ ਤੇ ਓਹ ਉਤ੍ਰ ਇਹੁ ਸੀ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤ੍ਰ ਹਾਂ ਅਸੀਂ ਕੌਮ ਪਰ ਕੁਰਬਾਂਨ ਹੋਣ ਵਾਲੇ ਦੇ ਅਖਾਂ ਦੇ ਚਾਨਣੇ ਹਾਂ ਸਾਡੇ ਵਿਖੇ ਸਾਡੇ ਬਹਾਦੁਰ ਪਿਤਾ ਦਾ ਲਹੂ ਸਾਡੇ ਸੂਰਮੇ ਬੀਰ ਗੁਰੂ ਦਾ ਲਹੂ ਅਜੇ ਜੀਉਂਦਾ ਹੈ ਇਸ ਕਰਕੇ ਅਸੀਂ

ਸਲਾਮ ਨੂੰ ਬੁਰਾ ਜਾਣ ਦੇਹਾਂ ਤੇ ਉਸ ਨੂੰ ਕਿਸੇ ਪ੍ਰਕਾਰ
ੀ ਲਾਲਚ ਤੇ ਆਸ ਕਰਕੇ ਅੰਗੀਕਾਰ ਨਹੀਂ ਕਰ ਸਕਦੇ
ਸੀਂ ਆਪਣੇ ਖ਼ਾਲਸਾ ਧਰਮ ਨੂੰ ਆਪਣੀ ਰੋਕ ਜਾਂਨਦੇ
ਦਲੇ ਨਹੀਂ ਵੇਚਨਾਂ ਚਾਹੁੰਦੇ ਜੇ ਜਾਂਨ ਜਾਂ ਦੀ ਹੈ ਤਾਂ ਜਾਣ
ਦਓ ਕੁਛ ਪ੍ਰਵਾਹੁ ਨਹੀਂ ਪ੍ਰੰਤੂ ਅਕਾਲ ਦੀ ਆਗਿਆ ਨੂੰ
ਗ ਕਰਕੇ ਅਸੀ ਆਪਣੇ ਦੇਸ਼ ਤੇ ਧਰਮ ਦੇ ਵੈਰੀਆਂ ਦਾ
ਦੀਨ ਸ੍ਰੀਕਾਰ ਨਹੀਂ ਕਰਾਂਗੇ ਵਡੇ ਪੁਤ੍ਰ ਨੇ ਇਹੁ ਦਿਲੇਰੀ
ਵਾਲੀ ਤੇ ਨਿਡਰ ਵਾਲੀ ਬਾਣੀ ਉਚਾਰੀ ਤੇ ਨਾਲ ਹੀ
ਬੇਧੜਕ ਹੋ ਕੇ ਕਿਹਾ ਕਿ ਕੀਹ ਮੌਤੋਂ ਇਸਲਾਮ ਦੀਨ ਨੂੰ
ਅੰਗੀਕਾਰ ਕੀਤਿਆਂ ਬਚ ਜਾਈਦਾ ਹੈ ਜਦ ਮਰਨਾ ਹੀ
ਹੈ ਤੇ ਸੱਚ ਹੈ ਤਾਂ ਅਸਾਂ ਨੂੰ ਆਪਣੇ ਪਿਤਾ ਦੇ ਉਦੇਸ਼ ਵਾਸਤੇ
ਮਰਣਾ ਲੋੜੀਏ ਤੇ ਅਸੀ ਉਸ ਵਾਸਤੇ ਤਿਆਰ ਹਾਂ ਸੂਬਾ
ਸਿਰਹੰਦ ਇਨ੍ਹਾਂ ਛੋਟਿਆਂ ਬੱਚਿਆਂ ਦੀ ਅਜੇਹੀ ਬੰਧਨ ਹੀਂਨ
ਤੇ ਨਿਡਰ ਬਾਣੀ ਨੂੰ ਸੁਣਕੇ ਹੱਕਾ ਬੱਕਾ ਪ੍ਰੇਸ਼ਾਨ ਹੋ ਗਿਆ
ਤੇ ਕ੍ਰੋਧ ਵਿਖੇ ਸੜਨ ਕੁੜਨ ਲਗਾ ਓੜਕ ਨੂੰ ਆਖਿਆ
ਕਿ ਇਨ੍ਹਾਂ ਦੋਹਾਂ ਨੂੰ ਮਾਰ ਦੇਵੋ ਸਾਰਾ ਸੰਸਾਰ ਬੇਤਰਸ ਨਹੀਂ
ਹੁੰਦਾ ਤੇ ਸਾਰੇ ਹੀ ਕਾਲੇ ਦਿਲ ਵਾਲੇ ਨਹੀਂ ਹੁੰਦੇ ਨੁਵਾਬ
ਸ਼ੇਰ ਮੁਹੰਮਦ ਖਾਂ ਮਲੇਰ ਕੋਟਲੀਏ ਨੇ ਸੂਬੇ ਨੂੰ ਕਿਹਾ ਕਿ
ਇਨ੍ਹਾਂ ਛੋਟੇ ਬਚਿਆਂ ਦਾ ਕੀਹ ਦੋਸ਼ ਹੈ ਦੋਸ਼ ਪਿਉ ਦਾ ਤੇ ਕਸ਼ਟ
ਸਜ਼ਾ ਇਨ੍ਹਾਂ ਨੂੰ ਦਿੱਤੀ ਜਾਵੇ ਇਹੁ ਕੇਹੜਾ ਨਿਆਉਂ ਹੈ

ਤੇ ਕੇਹੜੀ ਸ਼ਰਹ ਹੈ ਭਰੋਸਾ ਸੀ ਕਿ ਸੂਬਾ ਇਸ ਉਪਦ੍ਰਵ ਥੀਂ ਟਲਜਾਂਦਾ ਪਰ ਉਸ ਦੇ ਦੀਵਾਂਨ ਸੁੱਚਾ ਨੰਦ ਖੱਤ੍ਰੀ ਨੇ ਜਿਸ ਦੀ ਗੁਰੂ ਗੋਬਿੰਦ ਸਿੰਘ ਜੀ ਨਾਲ ਵਿਰੋਧਤਾਈ ਸੀ ਕੈਹਣ ਲੱਗਾ ਕਿ ਨੁਵਾਬ ਜੀ ਸਰਪਨੂੰ ਮਾਰਦੇਣਾ ਤੇ ਉਸਦੇ ਬਚੇ ਨੂੰ ਪਾਲਣਾ ਇਹੁ ਸਿਆਣੇ ਪੁਰਖਾਂ ਦਾ ਕੰਮ ਨਹੀਂ ਹੈ ਕਿੰਉ ਜੋ ਬਘਿਆੜਾਂ ਦੇ ਬਚੇ ਓੜਕ ਨੂੰ ਬਘਿਆੜਹੀ ਹੁੰਦੇ ਹਨ ਸੋ ਇਨ੍ਹਾਂ ਬਚਿਆਂ ਨੂੰ ਛੱਡਣਾਂ ਬਿਲਕੁਲ ਅਯੋਗ ਹੈ ਹੇ ਭਾਰਤ ਭੂਮੀ ਇਹੁ ਤੇਰੀ ਸੰਤਾਨ ਦਾਹਾਲ ਹੈ ਆਪਣੇ ਬ੍ਰਾਹਮਣ ਪੁਤ੍ਰ ਦਾ ਤੂੰ ਓਹੁ ਹਾਲ ਡਿੱਠਾ ਤੇ ਖੱਤ੍ਰੀ ਪੁਤ੍ਰ ਦੀਭੀ ਕਰਤੂਤ ਇਹੁ ਦੇਖੀ ਦੀਵਾਨ ਹਰਾਂ ਦਾ ਵੈਰ ਤਾਂ ਪਿਤਾ ਨਾਲ ਸੀ ਤੇ ਵੈਰ ਕੱਢਦੇ ਤੇ ਬਦਲਾ ਲੈਂਦੇ ਹਨ ਛੋਟੀ ਉਮਰਾਂ ਦੇ ਬਚਿਆਂ ਪਾਸੋਂ ਹੇ ਭਾਰਤ ਭੂਮੀ ਤੈਨੂੰ ਅਜੇਹੀ ਹੀ ਸ੍ਵਾਰਥੀ ਤੇ ਕਮੀਨ ਸੁਭਾਵ ਵਾਲੀ ਸੰਤਾਨ ਨੇ ਦੁਖੀ ਕਰ ਛੱਡਿਆ ਸੀ ਹੇ ਭਾਰਤ ਭੂਮੀ ਤੇਰੇ ਆਪਣੇ ਹੀ ਬੱਚੇ ਭਰਾਵਾਂ ਦੇ ਲਹੂ ਦੇ ਤਿਹਾਏ ਹੋਣ ਹੇ ਭਾਰਤ ਭੂਮੀ ਤੇਰੇ ਅਜੇਹੇ ਹੀ ਭੈੜੇ ਕ੍ਰੋਧਵਾਨ ਪੁਤ੍ਰਾਂ ਨੇ ਤੈਨੂੰ ਕਸ਼ਟ ਦਿੱਤਾ ਹੈ ਜੇਕਰ ਕ੍ਰੋਧ ਵਿਖੇ ਆਕੇ ਤੇ ਬਦਲੇ ਲੈਣਦੇ ਲਈ ਆਪਣੇ ਹੀ ਭਰਾਵਾਂ ਦਾ ਲਹੂ ਪੀਣ ਤਾਂ ਫੇਰ ਦਸ ਹੋਰ ਕਿਸੇ ਪਰ ਕੀਹ ਗਿਲਾ ਹੈ ਤੇ ਕੀਹ ਕਿਸੇ ਦਾ ਦੋਸ਼ ਹੈ ਤੇਰੀ ਸੰਤਾਂਨ ਆਪਸ ਵਿੱਚ ਲੜਨ ਮਰਨ ਨੂੰ ਤਿਆਰ ਹੋਵੇ ਤੇ ਇਕ ਦੂਜੇ ਦੇ ਲਹੂ ਦੀ ਤਿਹਾਈ ਹੋਵੇ ਤਾਂ

ਤੇਰੀ ਰਖਿਆ ਕੌਣ ਕਰੇ ਤੂੰ ਆਪਣੇ ਦੋ ਬੜੇ ਪਦ ਵਾਲਿਆਂ ਪੁਤ੍ਰਾਂ ਦਾ ਹਾਲ ਦੇਖਲਿਆ ਹੈ ਗਰੀਬ ਛੋਟੇ ਭਰਾ ਸ਼ੂਦਰ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਹੱਥ ਪਕੜਿਆ ਹੈ ਕਿ ਓਹੁ ਤੇਰੀ ਰਾਖੀ ਕਰੇ ਪ੍ਰੰਤੂ ਇਹੁ ਵਡੇ ਭਰਾ ਉਸਨੂੰ ਇਸ ਸੰਸਾਰ ਵਿਖੇ ਕਦ ਉੱਚਾ ਹੋਣ ਦੇਂਦੇ ਹਨ, ਹੇ ਭਾਰਤ ਭੂਮੀ ਆਪਣੇ ਪੁਤ੍ਰਾਂ ਲਈ ਤੂੰ ਈਸ਼੍ਵਰ ਪਾਸ ਪ੍ਰਾਰਥਨਾ ਕਰ ਜੋ ਓਹੁ ਆਪਸ ਵਿਖੇ ਮੈਤ੍ਰਤਾ ਨੂੰ ਗ੍ਰੈਹਨ ਕਰਨਾ ਸਿਖੱਣ ਤੇ ਇਕ ਦੂਸਰੇ ਨਾਲ ਏਕਤਾ ਪਾਉਣ॥

ਓੜਕ ਦੀ ਗਲ ਇਹੁ ਸੀ ਕਿ ਫੇਰ ਦੋ ਦਿਨ ਠੈਹਰਾ ਕੇ ਸਾਹਿਬ ਜ਼ਾਦਿਆਂ ਨੂੰ ਕਿਹਾ ਗਿਆ ਕਿ ਤੁਸੀਂ ਦੀਨ ਇਸਲਾਮ ਸ੍ਵੀਕਾਰ ਕਰੋ ਤੇ ਬੌਹਤ ਸਾਰੇ ਲੋਭ ਲਾਲਚ ਇਨਾਮਾਂ ਤੇ ਜਾਗੀਰਾਂ ਦੇ ਦਸ ਦਸ ਕੇ ਤੇ ਸੁਖ ਭੋਗਾਂਦਾ ਦਿਖਾਵਾ ਦਿਖਾ ਦਿਖਾ ਕੇ ਬੌਹਤ ਵੇਰੀ ਕਿਹਾ ਗਿਆ ਕਿ ਇਸਲਾਮ ਨੂੰ ਅੰਗੀਕਾਰ ਕਰਨ ਪ੍ਰੰਤੂ ਜੋਰਾਵਰ ਸਿੰਘ ਨੇ ਓਹੀ ਉਤ੍ਰ ਦਿੱਤਾ ਜੇਹੜਾ ਪੈਹਲੇ ਦਿਨ ਦਿੱਤਾ ਸੀ ਤੇ ਆਖਿਆ ਕਿ ਹੇ ਬੇਮੁਰੱਵਤ ਅਸੀਂ ਇਸ ਸੰਸਾਰ ਵਿਖੇ ਪੰਜ ਦਿਨ ਜੀਵਨ ਵਾਸਤੇ ਆਪਣੇ ਪਵਿਤ੍ਰ ਧਰਮ ਨੂੰ ਨਹੀਂ ਵੇਚਾਂਗੇ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਪੁਤ੍ਰ ਹਾਂ ਜੋ ਮੌਤੋਂ ਨਹੀਂ ਡਰਦੇ ਅਸਾਂ ਨੂੰ ਮੌਤੋਂ ਨਾਂ ਡਰਾਉ ਤੇ ਜੋ ਤੇਰੇ ਜੀ ਆਵੇ ਸੋ ਕਰਲੈ ਧ੍ਰਿਕਾਰ ਹੈ ਤੈਨੂੰ ਜੇ ਤੂੰ ਆਪਣੇ ਚਿੱਤ ਦਾ ਅਰਮਾਨ ਨਾਂ ਕਢ ਲਵੇਂ ਤੇ ਸਾਨੂੰ ਭੀ ਧ੍ਰਿਕਾਰ ਹੋਵੇਗਾ ਜੇਕਰ ਅਸੀ ਮੌਤ

ਦਾ ਸਾਹਮਣਾ ਹੱਸਕੇ ਖੁਸ਼ੀ ਦੇ ਨਾਲ ਨਾਂ ਕਰੀਏ ਓੜਕ ਨੂੰ ਬੇਦਰਦ ਤੇ ਬੇਰਹਮ ਸੂਬੇ ਨੇ ਆਗਿਆ ਕੀਤੀ ਕਿ ਉਨ੍ਹਾਂ ਨੂੰ ਜੀਉਂਦੇ ਜੀ ਕੰਧਾਂ ਵਿਖੇ ਚੁਣਿਆ ਜਾਵੇ ਦੋਹਾਂ ਬੱਚਿਆਂ ਦੇ ਇਰਦੇ ਗਿਰਦੇ ਕੰਧਾਂ ਚੁਣਨ ਲੱਗ ਪਏ ਪ੍ਰੰਤੂ ਬੱਚੇ ਮੂਰਤ ਵਾਂਗੂ ਚੁੱਪ ਚਾਪ ਖੜੋਤੇ ਹਨ ਪੱਥਰ ਵਾਂਗੂੰ ਦ੍ਰਿੜ ਹੈਨ ਦੇਖੋ ਉਨ੍ਹਾਂਦੀਆਂ ਅੱਖਾਂ ਥੀਂ ਹੰਝੂ ਨਹੀਂ ਡਿਗਦੇ ਤਿਨ੍ਹਾਂ ਦੇ ਬੁੱਲ ਭੀ ਨਹੀਂ ਕੰਬਦੇ ਉਨ੍ਹਾਂ ਦੇ ਮੋਢੇ ਭੀ ਨਹੀਂ ਕੰਬਦੇ ਉਨ੍ਹਾਂ ਦੇ ਚਿਹਰੇ ਬੱਗੇ ਨਹੀਂ ਹੋ ਗਏ ਉਨ੍ਹਾਂ ਦੇ ਮਸਤਕ ਪਰ ਮੁੜ੍ਹਕਾ ਨਹੀਂ ਆਇਆ ਸੀ ਉਨ੍ਹਾਂ ਦੇ ਪੈਰ ਨਹੀਂ ਕੰਬਦੇ ਸੇ ਆਹਾ ਹਾ ਕੇਹਾ ਸਿਦਕ ਭਰੋਸਾ ਹੈ ਕੇਡਾ ਵੱਡਾ ਹੌਸਲਾ ਹੈ ਕੇਹੀ ਹਿੰਮਤ ਹੈ ਕੇਹਾ ਬਲੀਦਾਨ ਦਾ ਬਲ ਹੈ ਜ਼ਰਾ ਕੁ ਦਿਲ ਨੂੰ ਤਾਂ ਜੋਖੋ ਓਹ ਸ਼ਾਂਤੀ ਵਿਖੇ ਮਗਨ ਹੈ ਤੇ ਬੇਪਰਵਾਹ ਹੈ ਇਹ ਹਿੰਮਤ ਤੇ ਇਹ ਆਤਮਾ ਇਹ ਲਹੂ ਇਹ ਜੋਸ਼ ਇਹ ਮੌਤ ਦੀ ਬੇਪਰਵਾਹੀ ਉਨ੍ਹਾਂ ਨੂੰ ਕਿਸਨੇ ਸਿਖਾਈ ਸੀ ਕੇਵਲ ਗੁਰੂ ਗੋਬਿੰਦ ਸਿੰਘ ਜੀ ਪਿਤਾ ਦੀ ਅਮਲੀ ਜ਼ਿੰਦਗੀ ਨੇ ਸਿਖਾਈ ਸੀ ਜਦ ਕੰਧ ਜ਼ਰਾ ਕੁ ਅਗਾਹਾਂ ਵਧਦੀ ਹੈ ਤਾਂ ਛੋਟਾ ਬੱਚਾ ਜ਼ਰਾ ਕੁ ਦੁਖੀ ਪ੍ਰਤੀਤ ਹੁੰਦਾ ਦੇਖਕੇ ਵਡਾ ਭਰਾ ਉੱਚੀ ਦਿੱਤੀ ਲਲਕਾਰ ਦਾ ਹੈ ਕਿ ਭਾਈ ਫਤੇ ਸਿੰਘ ਏਲੋ ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫ਼ਤੇ ਹੈ ਖ਼ਬਰਦਾਰ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਤੈਨੂੰ ਸੁਗੰਧ ਹੈ ਆਪਣੀ ਮਾਤਾ ਦੇ ਦੁਧ

ਪੀਤੇ ਦੀ ਸੁਗੰਧ ਹੈ ਘਬਰਾਉ ਨਹੀਂ ਇਹੁ ਸੁਟਕੇ ਓਹੁ ਮੈਂਭਲ ਜਾਂਦਾ ਹੈ ਤੇ ਕੰਧ ਛਾਤੀ ਛਾਤੀ ਤਕ ਆ ਜਾਂਦੀ ਹੈ ਸਾਹ ਘੁਟਨ ਲਗ ਪਿਆ ਹੈ ਤੇ ਫੇਰ ਉਨ੍ਹਾਂ ਨੂੰ ਅਜੇਹੇ ਕਸ਼ਟ ਸਮੇ ਵਿਖੇ ਦੀਨ ਇਸਲਾਮ ਕਬੂਲਣ ਲਈ ਪ੍ਰੇਰਿਆ ਜਾਂਦਾ ਹੈ ਕਿ ਦੇਖੋ ਹੁਨ ਮਰਜਾਵੋਗੇ ਅਜੇ ਭੀ ਵੇਲਾ ਜੇ ਪਰ ਫੇਰ ਓਹੀ ਉਤ੍ਰ ਮਿਲਦਾ ਹੈ ਕਿ ਸਾਨੂੰ ਕੰਧ ਦੇ ਪਾਰਲੇ ਪਾਸੇ ਵਲ ਸ੍ਵਰਗ ਦਿਸਦਾ ਹੈ ਸਾਨੂੰ ਇਸ ਦੁਖ ਦੇ ਕਸ਼ਟ ਦੀ ਜ਼ਰਾ ਭੀ ਪਰਵਾਹੁ ਨਹੀਂ ਹੈ ਅਸੀਂ ਖ਼ਾਲਸਾ ਧਰਮ ਨੂੰ ਆਪਣੀ ਮੌਤੋਂ ਵਿਸ਼ੇਸ਼ ਜਾਣਦੇ ਹਾਂ ਤੇ ਸ੍ਰੀ ਅਕਾਲ ਜੀ ਦੀ ਆਗਿਆ ਨੂੰ ਪੂਰਣ ਕਰਦੇ ਹਾਂ ਓੜਕ ਨੂੰ ਕੰਧ ਸਿਰ ਤੀਕ ਪੌਹਚ ਗਈ ਤੇ ਮਸੂਮ ਬੱਚੇ ਸਦਾ ਦੇ ਲਈ ਸ਼ਾਂਤ ਹੋਗਏ ਤੇ ਆਪਣੀ ਮਾਤਾ ਭਾਰਤ ਭੂਮੀ ਦੀ ਗੋਦ ਵਿਖੇ ਸ਼ਾਂਤੀ ਦੇ ਨਾਲ ਸੌਂ ਗਏ ਓਹੁ ਤਾਂ ਮਰ ਗਏ ਪਰ ਨਾਮ ਛੱਡਗਏ ਤੇ ਹਿੰਦੂ ਕੌਮ ਨੂੰ ਵਿਸ਼ੇਸ਼ ਕਰਕੇ ਤੇ ਖ਼ਾਲਸਾ ਧਰਮ ਨੂੰ ਖ਼ਾਸ ਕਰਕੇ ਜੀਉਂਦਾ ਕਰ ਗਏ ਤੇ ਸੰਸਾਰ ਨੂੰ ਦਿਖਾ ਗਏ ਕਿ ਓਹੁ ਕੌਮ ਮੌਰ ਮੌਰ ਜੀਉਂਦੀ ਹੈ ਜਿਸ ਵਿਖੇ ਅਜੇਹੇ ਪੁਤ੍ਰ ਉਤਪਤ ਹੁੰਦੇ ਹਨ ਓਹੁ ਧਰਤੀ ਭਾਗਵਾਲੀ ਹੈ ਜਿਸਦੀ ਗੋਦ ਵਿਖੇ ਅਜੇਹੀ ਸੰਤਾਨ ਪਲਦੀ ਹੈ ਕਿੱਥੇ ਹਨ ਓਹੁ ਮਰਦ ਸੂਰਤ ਜੇਹੜੇ ਕੁਛ ਟਕਿਆਂ ਵਾਸਤੇ ਆਪਣੇ ਧਰਮੋਂ ਹੱਥ ਧੋ ਬੈਠਦੇ ਹਨ ਕਿੱਥੇ ਹਨ ਓਹੁ ਲੰਮਦਾੜੀਏ ਜੇਹੜੇ ਇੱਕ ਬੁੱਢੀ ਦੀ ਖ਼ਾਤ੍ਰ ਆਪਣਾਂ ਧਰਮ ਗਵਾਉਂਦੇ ਹਨ ਕੋਈ ਮੁਹੰਮਦ ਦੇ

ਜੱਥ ਵਿਖੇ ਮਿਲਦਾ ਹੈ ਕੋਈ ਈਸਾ ਦੇ ਚਰਣਾਂ ਨੂੰ ਵੰਣਕ ਦੇਂਦਾ ਹੈ ਹੇ ਸੰਸਾਰੀ ਲੋਕੋ ਇਹੀ ਦੋਵੇਂ ਬੱਚੇ ਹੀ ਸਨ ਜਿਨ੍ਹਾਂ ਨੇ ਆਪਣੇ ਪਿਤਾ ਦੇ ਪ੍ਰੇਮ ਸੰਦੇਸੇ ਦੀ ਆਪਣੇ ਲਹੂ ਨਾਲ ਸਾਖੀ ਲਿਖੀ ਸੀ ਤੇ ਪਿਤਾ ਦੇ ਸਪੁਤ੍ਰ ਹੋਣੇ ਦਾ ਦ੍ਰਿਸ਼ਟਾਂਤ ਦਿੱਤਾ ਸੀ ਪਿਤਾ ਨੇ ਤਾਂ ਆਗਯਾ ਨਹੀਂ ਦਿੱਤੀ ਪਰ ਤਾਂ ਭੀ ਆਪਣੇ ਪਿਤਾ ਦੇ ਉਦੇਸ਼ ਪਰ ਬਲਿਹਾਰ ਹੋਏ ਜੋ ਜੁਵਾਂਨ ਤੇ ਬਲਵਾਂਨ ਭਾਵੇਂ ਨਹੀਂ ਹਨ ਪਰ ਉਸ ਨਾਲੋਂ ਵਧ ਕਰਕੇ ਹਿੰਮਤ ਦਿਖਾਈ ਹੈ ਇਨ੍ਹਾਂ ਬਚਿਆਂ ਦੇ ਮਾਰਣੇ ਕਰਕੇ ਮੁਸਲਮਾਨਾਂ ਨੇ ਉਸ ਉਗ੍ਰ ਪਾਪ ਨਾਲੋਂ ਕੁਛ ਘੱਟ ਜੁਲਮ ਨਹੀ ਸੀ ਕੀਤਾ ਜੇਹੜਾ ਆਪ ਉਨ੍ਹਾਂ ਨੇ ਆਪਣੇ ਪੈਗੰਮਬਰ ਦੇ ਮਸੂਮ ਦੋਹਤਿਆਂ ਨਾਲ ਕਰਬਲਾ ਵਿਖੇ ਕੀਤਾ ਸੀ ਤੇ ਜਿਨਾਂ ਨੂੰ ਅੱਜ ਤੀਕ ਸ਼ੀਆ ਮੁਸਲਮਾਨ ਰੋ ਰੋ ਕੇ ਤੇ ਪਿਟ ਪਿਟਕੇ ਸੋਗ ਰਖਕੇ ਯਾਦ ਰਖਦੇ ਹਨ ਪ੍ਰੰਤੂ ਸਿਖਾਂ ਨੇ ਉਨ੍ਹਾਂ ਦੇ ਸੋਗ ਨੂੰ ਬੜੇ ਹੀ ਹੌਸਲੇ ਨਾਲ ਸਹਾਰਿਆ॥

ਜਦ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਨੇ ਆਪਣੇ ਛੋਟੇ ਲਾਡਲੇ ਪੋਤ੍ਰਿਆਂ ਦੀ ਇਹ ਦਰਦਨਾਕ ਬਿਵਸਥਾ ਸੁਣੀ ਤਾਂ ਓਹ ਗ਼ਮ ਨਾਲ ਬੇਹੋਸ਼ ਹੋਕੇ ਫੁੱਟ ਫੁੱਟਕੇ ਰੋਈ ਅਜੇਹੀ ਵਿਰਲਾਪ ਕਰਨ ਲਗੀ ਕਿ ਵਰਨੰਨ ਨਹੀਂ ਹੋਸਕਦਾ ਪੋਤ੍ਰਿਆਂ ਦੇ ਮਰਣ ਦਾ ਸੋਗ ਤੇ ਗ਼ਮ ਕਰਕੇ ਕੰਧਾਂ ਨਾਲ ਸਿਰ ਮਾਰ ਮਾਰ ਕੇ ਇਉਂ ਆਖਦੀ ਹੋਈ ਮਰਗਈ ਕਿ ਮੇਰੇ ਲਾਡਲੇ ਪੁਤ੍ਰ

ਮੇਰੇ ਪਿਆਰੇ ਪੋਤ੍ਰਿਓ ਮੇਰੇ ਲਾਲੋ ਮੇਰੇ ਨੌਨਿਹਾਲੋ ਜ਼ਰਾ ਠੈਹਰੋ ਮੈਂ ਭੀ ਤੁਹਾਂ ਨੂੰ ਥਾਪੀਆਂ ਦੇ ਦੇ ਕੇ ਸੁਵਾਉਣ ਲਈ ਤੇ ਲੋਰੀਆਂ ਦੇਣ ਲਈ ਤੁਹਾਡੇ ਪਾਸ ਆਉਂਦੀਹਾਂ ਹਾਇ ਓਹੁ ਕੇਹਾ ਸਮਾ ਹੋਵੇਗਾ ਕੇਹੋ ਜੇਹੀ ਘੜੀ ਹੋਵੇਗੀ ਕਿ ਜਿਸ ਦੇ ਸੁਣਨੇ ਕਰਕੇ ਚਿਤ ਘਬਰਾਉਂਦਾ ਹੈ ਤੇ ਕਲੇਜਾ ਮੂੰਹ ਨੂੰ ਅ ਉਂਦਾ ਹੈ ਤੇ ਰਿਤ ਲਹੂ ਲੁਹਾਨ ਹੋ ਜਾਂਦਾ ਹੈ ਦੇਖਣ ਨਾਲ ਤਾਂ ਪਤਾ ਨਹੀਂ ਕਿ ਕਿਤਨੇ ਦੁਖ ਹੁੰਦੇ ਕਿਤਨਾ ਫ਼ਿਕਰ ਤੇ ਕੇਡਾ ਗ਼ਮ ਹੁੰਦਾ ਹੇ ਈਸ਼੍ਵਰ ਸਦੀਵ ਤੇਰੀ ਮੰਗਲ ਇੱਛਜਾ ਪੂਰੀ ਹੁੰਦੀ ਹੈ॥

ਪਾਠਕ ਗਣੋ! ਹੁਣ ਤੁਹਾਂ ਨੂੰ ਇਸ ਦੁਖੀ ਨਜ਼ਾਰੇ ਥੀਂ ਕਢਕੇ ਦੂਸਰੇ ਪਾਸ ਲੈ ਜਾਂਣਦੀ ਲੋੜ ਹੈ ਤੁਸਾਂਨੇ ਚੌਹਾਂ ਬੇਟਿਆਂਦੀ ਜਾਨ ਨਿਸਾਰੀ ਤੇ ਸ਼ਹੀਦੀ ਦੇਖ ਲਈ ਹੁਣ ਪਿਤਾਦੀ ਭੀ ਦੁਖ ਵਾਰਤਾ ਸੁਣੋਂ॥

ਗੁਰੂ ਗੋਬਿੰਦਸਿੰਘ ਜੀ ਦਾ ਬ੍ਰਿਤਾਂਤ ਜਦ ਚਮਕੌਰੋਂ ਤੁਰਪਏ ਸਨ

ਅੰਨ੍ਹੇਰੀ ਰਾਤਾਂ ਵਿਖੇ ਓਹੁ ਨੰਗੇ ਪੈਰੀਂ ਤੁਰਨ ਲੱਗੇ ਕੰਢੇ ਮਲੇ ਦਿਖਾਈ ਹੀ ਨਹੀਂ ਦੇਂਦੇ ਸੇ ਭਲਾ ਓਹੁ ਉਨ੍ਹਾਂ ਥੀ ਕੀਕੂੰ ਬਚ ਸਕਦੇ ਸੀ ਪੈਰ ਜ਼ਖ਼ਮੀ ਹੋਗਏ ਤੇ ਲਹੂ ਲੁਹਾਨ ਹੋਗਏ ਫੇਰ ਭੀ ਓਹੁ ਸੂਰਜ ਨਿਕਲਨ ਤਕ ਤੁਰੇ ਹੀ ਰਹੇ ਸ਼ਾਹੀ

ਫੌਜ ਨੇ ਕੁਛ ਤਾਂ ਰਾਤਨੂੰ ਹੀ ਪਿਛਾ ਕੀਤਾ ਤੇ ਕੁਛ ਫੌਜ ਲੋਥਾਂ ਵਿਖੇ ਗੁਰੂ ਦੀ ਲੋਥ ਨੂੰ ਨਾਂ ਦੇਖਕੇ ਸਭਨੀ ਪਾਸੀਂ ਦਿਨ ਨਿਕਲੇ ਦੌੜੀ ਸਵੇਰੇ ਚਲੇ ਜਾਂਦੇ ਸੇ ਕਿ ਦੋ ਗੁੱਜਰਾਂ ਨੇ ਜਿਨਾਂ ਦਾ ਨਾਉਂ ਰਮਜੂ ਤੇ ਕਾਲੂ ਸੀ ਤਿਨਾਂ ਨੇ ਜੰਗਲ ਜਾਂਦਿਆਂ ਨੂੰ ਪਛਾਣ ਲੀਤਾ ਤੇ ਪਕੜੋ ਫੜਲਵੋ ਦਾ ਰੌਲਾ ਪਾਯਾ ਪਰ ਅਜੇ ਕਿਸੇ ਨੇ ਉਨ੍ਹਾਂ ਦਾ ਰੌਲਾ ਨਹੀਂ ਸੁਣਿਆ ਸੀ ਕਿ ਗੁਰੂ ਜੀ ਬਿਜਲੀ ਵਾਂਗੂ ਤਿਨ੍ਹਾਂਦੇ ਸਿਰ ਪਰ ਆਣ ਪਏ ਤੇ ਪੈਹਲੇ ਕੁਛ ਮੋਹਰਾਂ ਦਾ ਲੋਭ ਦੇ ਕੇ ਤਿਨਾਂ ਨੂੰ ਚੁਪ ਕਰਾਉਣਾ ਚਾਹਿਆ ਪਰ ਓਹ ਨਾਂਹੀਂ ਮੰਨੇ ਇਸ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਨਾਂ ਨੂੰ ਆਪਣੀ ਤਲਵਾਰ ਨਾਲ ਚੁਪ ਕਰਾਯਾ ਤੇ ਅੱਗੇ ਤੁਰਪਏ ਕਿਉਂਕਿ ਦਿਨ ਚੜ ਆਯਾਸੀ ਤੇ ਆਪਣੇ ਵੈਰੀ ਦੇ ਮਗਰ ਆਉਣ ਦਾ ਭਰੋਸਾ ਸੀ ਇਸ ਵਾਸਤੇ ਇਕ ਥਾਂ ਉਪਰ ਜਿਥੇ ਸੰਘਨਾ ਜੰਗਲ ਸੀ ਗੁਰੂ ਗੋਬਿੰਦ ਸਿੰਘ ਜੀ ਧਰਤੀ ਪਰ ਦੋ ਚਾਰ ਇੱਟਾਂ ਢੇਲੇ ਕਠੇ ਕਰਕੇ ਤੇ ਸਿਰਹਾਨਾਂ ਬਣਾਕੇ ਥੱਕੇ ਹੋਏ ਤਾਂ ਸਨ ਹੀ ਸੌਂ ਗਏ ਪਤਾ ਨਹੀਂ ਕਿ ਕਿਨੀਆਂ ਰਾਤਾਂ ਥੀਂ ਸੁਤੇਹੀ ਨਹੀਂ ਸੇ ਨੀਂਦ ਆਗਈ ਅਜੇਹੇ ਸਮੇ ਪਰ ਕਿਸੇ ਨੇ ਕੇਹੀ ਚੰਗੀ ਬਾਤ ਉਚਾਰੀ ਹੈ ਕਿ ਇਕੇ ਤਾਂ ਸਿਰਹਾਣੇ ਪਰ ਭੀ ਨੀਂਦ ਨਹੀਂ ਸੀ ਆਉਂਦੀ ਇਕੇ ਇੱਟਾਂ ਪਰ ਹੀ ਨੀਂਦ ਆਗਈ ਹੈ ਰਾਤ ਨੂੰ ਭੀ ਓਥੇ ਹੀ ਰਹੇ ਖਾਣਾ ਪੀਣਾ ਤਾਂ ਕੀਹਸੀ ਉਸ ਥਾਂ ਪਰ ਹੁਣ ਗੁਰ ਦ੍ਵਾਰਾ

ਬਣਿਆ ਹੋਯਾ ਹੈ ਕੁਛ ਪੱਕਾ ਪਤਾ ਨਹੀਂ ਕਿ ਇਹ ਓਹੀ ਥਾਉਂ ਹੈ ਪਿਛਲੀ ਰਾਤ ਨੂੰ ਤੁਰਪਏ ਤੇ ਪਿੰਡ ਮਾਛੀਵਾੜੇ ਦੇ ਪੂਰਬ ਵੰਨੀ ਇਕ ਬਾਗ ਵਿਖੇ ਦਿਨ ਨੂੰ ਲੁਕੇ ਰਹੇ ਸੇ ਇਸ ਬਾਗ ਵਿਖੇ ਉਨ੍ਹਾਂ ਦੀ ਯਾਦਗਾਰੀ ਵਿਖੇ ਇਕ ਮਕਾਨ ਚਰਨ ਕਮਲ ਦੇ ਨਾਂਉਂ ਪਰ ਬਣਿਆ ਹੋਯਾ ਹੈ ਓਥੇ ਗ਼ਨੀਯਾਂ ਤੇ ਨਬੀਯਾ ਦੋਵੇਂ ਭਰਾ ਅਪਣੇ ਬਾਗਦੀ ਸੈਰ ਕਰਨ ਨੂੰ ਆਏ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਤਿਨਾਂਨੇ ਪਛਾਣ ਲੀਤਾ ਗੁਰਾਂ ਪਾਸ ਓਹੁ ਬੌਹਤ ਵੇਰੀ ਘੋੜੇ ਵੇਚਣ ਲਈ ਆਯਾ ਕਰਦੇ ਸੇ ਸੋ ਗੁਰੂ ਜੀ ਦੀ ਕਤਾ ਵਜ਼ਾ ਥੀਂ ਜਾਣ ਗਏ ਕਿ ਇਹੁ ਲੜਾਈਂ ਥੀਂ ਖਤ ਨੂੰ ਤਿਆਗ ਕੇ ਨੱਠ ਆਏ ਹਨ ਭਾਵੇਂ ਓਹੁ ਮੁਸਲ-ਮਾਨ ਹੀ ਸੇ ਪਰ ਕਿਸੇ ਵੇਲੇ ਦੇ ਗੁਰੂ ਦੇ ਹੱਥਾਂਦੇ ਇਹਸਾਨਦੇ ਮਾਰੇ ਹੋਏ ਸਨ ਤੇ ਉਨਾਂ ਵਿਚ ਐਤਨਾਂ ਬਲ ਅਜੇ ਭੀ ਸੀ ਕਿ ਓਹੁ ਇਹਸਾਨ ਨੂੰ ਨਹੀਂ ਭੁਲਾਉਂਦੇ ਸੇ ਤੇ ਕਮੀਨਾ ਦਾਗ ਪ੍ਰਉਪਕਾਰ ਦਾ ਆਪਣੇ ਭੁਲਾਉਨ ਕਰਕੇ ਨਹੀਂ ਲਾਉਣਾ ਚਾਹੁੰਦੇ ਸੇ ਸੋ ਉਨਾਂ ਨੇ ਗੁਰੂ ਜੀ ਨੂੰ ਨੁਕਸਾਨ ਪਹੁੰਚਾਉਂਨ ਦੀ ਥਾਂ ਤੇ ਪ੍ਰਗਟ ਕਰਨਦੀ ਥਾਂ ਬਹਲੋਲ ਪੁਰ ਤੱਕ ਆਪਣੇ ਨਾਲ ਬਚਾਉ ਕਰਕੇ ਪੁਚਾ ਦਿੱਤਾ ਇਸ ਥਾਂ ਪਰ ਤਿੰਨ ਸਿਖ ਜੇਹੜੇ ਚਮਕੌਰ ਦੇ ਜੁੱਧ ਥੀਂ ਜਾਨਾਂ ਬਚਾਕਰਕੇ ਉਸਰਾਹ ਨੂੰ ਰੌਲਾ ਪਾਉਂਦੇ ਹੋਏ ਕਿ ਗੁਰੂ ਭੱਜਦਾ ਜਾਂਦਾ ਜੇ ਪਕੜਲਵੋ ਤੁਰਕੀ ਲਸ਼ਕਰ ਵਿਖੇ ਭਾਜੜ ਪਾਕੇ ਨੱਠ ਤੁਰੇ ਸੇ ਤੇ ਰਾਹੂ

ਵਿਚ ਮੁਸਲਮਾਨੀ ਭੇਸ ਧਾਰਕੇ ਗੁਰੂ ਨੂੰ ਲੱਭ ਦੇ ਫਿਰਦੇ ਸੇ' ਸੋਢੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਉਸ ਵੇਲੇ ਆਗਏ ਇਸ ਇਲਾਕੇ ਵਿਖੇ ਇਕ ਭਾਗ ਸ਼ਾਹੀ ਫ਼ੌਜ ਦਾ ਗੁਰੂਜੀ ਦੀ ਭਾਲ ਵਿਚ ਆਣ ਪੁਜਾ ਗੁਲਾਬੇ ਮਸੰਦ ਦੇ ਘਰ ਆਸਰਾ ਲੀਤਾ ਆਖ ਦੇ ਹਨ ਕਿ ਗੁਲਾਬੇ ਮਸੰਦ ਨੇ ਓੜਕ ਨੂੰ ਗੁਰੂਜੀ ਨੂੰ ਘਰੋਂ ਕੱਢ ਦਿੱਤਾ ਦੂਸਰੀ ਇਉਂ ਭੀ ਕਹਾਵਤ ਹੈ ਕਿ ਆਪ ਗੁਰੂ ਜੀ ਨੂੰ ਬਹਲੋਲ ਪੁਰ ਵਿਖੇ ਕਾਜ਼ੀ ਮੀਰ ਮੁਹੰਮਦ ਯਾ ਮੀਰ ਮੁਹੰਮਦ ਦੇ ਘਰ ਪੁਚਾ ਆਯਾ ਸੀ ਕਾਜ਼ੀ ਗੁਰੂ ਦਾ ਬਚਪਣੇ ਥੀਂ ਹੀ ਮਸਬਕ ਯਾਰ ਸੀ ਉਸਨੇ ਪਨਾਹ ਦਿੱਤੀ ਤੇ ਮੁਰੱਵਤ ਯਰਾਨੇ ਦੀ ਭਲੀ ਪ੍ਰਕਾਰ ਨਾਲ ਨਿਭਾਈ ਇਸਦੇ ਘਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਉਸਦੇ ਘਰ ਦਾ ਪੱਕਾ ਹੋਯਾ ਖਾਣਾ ਖਾਧਾ ਕਿਉਂ ਕਿ ਜੇਕਰ ਓਹੁ ਕਿਸੇ ਹਿੰਦੂ ਪਾਸੋਂ ਭੋਜਨ ਪਕਵਾਉਂਦੇ ਅਥਵਾ ਮੰਗਵਾਉਂਦੇ ਤਾਂ ਖਬਰੇ ਬਾਦਸ਼ਾਹੀ ਫ਼ੌਜ ਨੂੰ ਜੇਹੜੀ ਗੁਰੂ ਜੀ ਦੀ ਭਾਲ ਵਿਖੇ ਸਭਨੀਂ ਪਾਸੀਂ ਫਿਰ ਰਹੀ ਸੀ ਖਬਰ ਹੋਜਾਂਦੀ ਤੇ ਗੁਰੂ ਜੀ ਨੂੰ ਹਿੰਦੂਆਂ ਉਤੇ ਅਜੇਹਾ ਭਰੋਸਾ ਭੀ ਨਹੀਂ ਸੀ ਇਸ ਵਾਸਤੇ ਤਿਸਦੇ ਘਰਦਾ ਹੀ ਪਕਾਯੋ ਹੋਯਾ ਭੋਜਨ ਖਾਣਾ ਪਸੰਦ ਕੀਤਾ ਤੇ ਅਜੇਹੇ ਸਮੇ ਵਾਸਤੇ ਉਸਨੇ ਉਪਦੇਸ਼ ਦਿੱਤਾ ਕਿ ਸਿੱਖ ਸਿਰ ਬਣੀ ਪਰ ਮੁਸਲ-ਮਾਨਾਂ ਦੀ ਪੱਕੀ ਹੋਈ ਰੋਟੀ ਖਾ ਸਕਦੇ ਹਨ ਏਥੇ ਕਾਜ਼ੀ ਮੀਰ ਮੁਹੰਮਦ ਦੇ ਘਰ ਪਰ ਗੁਰਮਤਾ ਪਕਾਯਾ ਕਿ ਕੀਹ ਕੀਤਾ ਜਾਵੇ

ਓੜਕ ਨੂੰ ਇਹੁ ਸਲਾਹੁ ਪੱਕੀ ਹੋਈ ਕਿ ਗ਼ਨੀਖਾਂ ਤੇ ਕਾਜ਼ੀਜੀ ਨਾਲ ਹੋਣ ਤੇ ਗੁਰੂ ਉਸ ਸਮੇ ਦੇ ਪੀਰਾਂ ਦਾ ਪੈਹਰਾਵਾ ਪੈਹਨਣ ਤੇ ਉਨ੍ਹਾਂ ਨੂੰ ਉੱਚ ਦਾ ਪੀਰ ਮਸ਼ਹੂਰ ਕਰਕੇ ਦੇਸ਼ ਮਾਲਵੇ ਵਿਖੇ ਪਹੁਚਾ ਦੇਵਨ ਉਸ ਸਮੇ ਵਿਖੇ ਰਵਾਜ ਸੀ ਕਿ ਪੀਰ ਨੂੰ ਮੰਜੀ ਪਰ ਬੈਠਾ ਕੇ ਇਕ ਨਗਰ ਥੀਂ ਦੂਸਰੇ ਨਗਰ ਨੂੰ ਚੁਕ ਕੇ ਲੈ ਜਾਂਦੇ ਸੇ ਇਸ ਤਦਬੀਰ ਪਰ ਅਮਲ ਕੀਤਾ ਗਿਆ ਤਿੰਨਾਂ ਸਿਖਾਂ ਨੂੰ ਜੇਹੜੇ ਨਾਲ ਸਾਥੀ ਸੇ ਮੁਸਲਮਾਨੀ ਪਹਰਾਵਾ ਪੈਹਨਾ ਕੇ ਗੁਰੂ ਜੀ ਨੇ ਨੀਲੀ ਪੁਸ਼ਾਕ ਪੈਹਰੀ ਤੇ ਉਨਾਂ ਨੂੰ ਮੰਜੀ ਪਰ ਬੈਠਾ ਕੇ ਉੱਚ ਦੇ ਪੀਰ ਵਿਦਤ ਕਰਦੇ ਹੋਏ ਪਿੰਡੋ ਪਿੰਡ ਫਰਦੇ ਹੋਏ ਮਾਲਵੇ ਵਲ ਤੁਰ ਪਏ ਇਹੁ ਕਿਹੋ ਜੇਹੀ ਵਡੇ ਭਾਗਾਂ ਵਾਲੀ ਚੰਗੀ ਜਮਾਇਤ ਸੀ ਗੁਰੂ ਗੋਬਿੰਦ ਸਿੰਘ ਜੀ ਬੜੀ ਹਿੰਮਤ ਤੇ ਦਲੇਰੀ ਨੂੰ ਧਾਰ ਰਿਹਾ ਸੀ ਜੋ ਮੁਸਲਮਾਨਾਂ ਦੇ ਘਰ ਪਨਾਹ ਲਈ ਤੇ ਇਹੁ ਅਸਚਰਜ ਪ੍ਰਤੀਤ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅਜੇਹੇ ਨਾਜ਼ਕ ਸਮੇ ਵਿਖੇ ਮੁਸਲਮਾਨਾਂ ਦੇ ਪਾਸ ਕਿਉਂ ਆਸਰਾ ਲੀਤਾ ਸਗੋਂ ਓਥੇ ਤਾਂ ਵਡਾ ਭਾਰਾ ਡਰ ਸੀ ਤੇ ਆਸ਼ਾ ਘੱਟ ਸੀ ਪ੍ਰਤੀਤ ਹੁੰਦਾ ਹੈ ਕਿ ਸਮੇ ਦੀ ਨਾੜੀ ਪ੍ਰੀਖਕ ਨੂੰ ਉਸ ਸਮੇ ਕੋਈ ਸਿੱਖ ਇਸ ਗਿਰਦ ਨਿਵਾਹੇ ਵਿਖੇ ਨਹੀਂ ਦ੍ਰਿਸ਼ਟੀ ਆਯਾ ਹੋਵੇਗਾ ਕਿ ਜਿਸ ਦੇ ਘਰ ਓਹੁ ਆਸਰਾ ਲੈਂਦੇ ਹਿੰਦੂਆਂ ਦੀ ਕਾਇਰਤਾ ਤੇ ਸ੍ਵਾਰਥਤਾ ਪਰ ਉਨ੍ਹਾਂ ਨੂੰ ਭਰੋਸਾ ਨਹੀਂ ਹੋਵੇਗਾ ਤੇ ਸੱਚ ਮੁਚ ਜੇਕਰ ਓਹੁ ਕਿਸੇ ਖੱਤ੍ਰੀ

ਯਾ ਬ੍ਰਾਹਮਣ ਦੇ ਘਰ ਆਸਰਾ ਲੈਂਦੇ ਤਾਂ ਅਵਸ਼ਹੀ ਸ਼ਰਬਤ ਮੌਤ ਨੂੰ ਪੀਂਦੇ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪ੍ਰੀਖਕ ਅੱਖਾਂ ਨਾਲ ਦੇਖਕੇ ਇਹੁ ਵਿਚਾਰ ਅਨੁਕੂਲ ਜਾਤੀ ਹੋਵੇਗੀ ਕਿ ਇਸ ਹਿੰਦੂ ਬਲਾ ਥੀਂ ਇਹੁ ਬਲਾ ਚੰਗੀ ਹੋਵੇਗੀ ਸੋ ਉਸਦੀ ਪ੍ਰੀਖਯਾ ਠੀਕ ਹੀ ਨਿਕਲੀ ਤੇ ਮੁਸਲਮਾਨਾਂ ਨੇ ਉਨ੍ਹਾਂ ਨੂੰ ਓਟ ਦਿੱਤੀ ਤੇ ਓੜਕ ਨੂੰ ਦੇਸ਼ ਮਾਲਵੇ ਤਕ ਗੁਰੂ ਜੀ ਨੂੰ ਲੈ ਹੀ ਗਏ ਗੁਰੂ ਜੀ ਮੁਸਲਮਾਂਨ ਪੀਰ ਦੀ ਸੂਰਤ ਵਿਖੇ ਪਿੰਡ ਘੁੰਘਰਾਲੀ ਪੌਂਹਚੇ ਓਥੋਂ ਛੀਂਡੇ ਤਰਖਾਂਣ ਦੇ ਪਾਸੋਂ ਆਪਣੇ ਸਾਥੀ ਸਿੰਘਾਂ ਲਈ ਸ਼ਸਤ੍ਰ ਖ਼ਰੀਦੇ ਫੇਰ ਪਿੰਡ ਹੇਹਰਾਂ ਵਿਖੇ ਮਹੰਤ ਕ੍ਰਿਪਾਲ ਦਾਸ ਦੇ ਡੇਰੇ ਆਣ ਪੌਂਹਚੇ ਉਸਨੇ ਆਪਣੇ ਮਕਾਂਨ ਵਿਖੇ ਇਨਾਂ ਨੂੰ ਨਾਂ ਰੇਹਣ ਦਿੱਤਾ ਇਹੁ ਜਾਣਕੇ ਕਿ ਇਹੁ ਤਾਂ ਬਾਦਸ਼ਾਹੁ ਦੇ ਵੈਰੀ ਹਨ ਮਤਾਂ ਮਨੂੰ ਭੀ ਦੁਖੀ ਕਰਨ ਇਹੋ ਜੇਹਾ ਹੌਸਲਾ ਮਹੰਤ ਸਾਹਿਬ ਜੀ ਦਾ ਸੀ ਫੇਰ ਆਪ ਰਾਇ ਕਲ੍ਹੇ ਰਈਸ ਰਾਇਕੋਟ ਦੇ ਵਸਨੀਕ ਜੱਟ ਪੁਰੇ ਵਿਖੇ ਪੌਂਹਚੇ ਉਸਨੇ ਗੁਰੂ ਜੀ ਦੀ ਖ਼ਾਤਰ ਟੈਹਲ ਸੇਵਾ ਭਲੀ ਪ੍ਰਕਾਰ ਕਰਕੇ ਕੀਤੀ ਓਹੁ ਭੀ ਮੁਸਲਮਾਂਨ ਸੀ ਓਥੇ ਹੀ ਬੌਹਤ ਸਾਰੇ ਘੋੜੇ ਤੇ ਸ਼ਸ਼ਤ੍ਰ ਸਿਖਾਂ ਨੇ ਗੁਰੂ ਜੀ ਦੀ ਭੇਟਾ ਕੀਤੇ ਏਥੇ ਹੀ ਗੁਰੂ ਜੀ ਨੂੰ ਆਪਣੇ ਦੋ ਸਾਹਿਬ ਜ਼ਾਦਿਆਂ ਛੋਟਿਆਂ ਦੇ ਸ਼ਰੀਰ ਦੇ ਛੁੱਡਣ ਦੀ ਤੇ ਮਾਤਾ ਦੇ ਮਰਜਾਣ ਦੀ ਖ਼ਬਰ ਪੌਂਹਚੀ ਸੀ ਜਿਸ ਨੂੰ ਉਨ੍ਹਾਂ ਨੇ ਚੰਗੀ ਤਰਾਂ ਸੁਣਿਆਂ ਤੇ ਈਸ਼੍ਵਰ ਭਾਵੀ ਦੇ ਅਨੁਸਾਰ ਵਰਤਨ ਦੀ

ਵਿਚਾਰ ਪਰ ਸ਼ਾਂਤੀ ਪ੍ਰਗਟ ਕੀਤੀ ਤੇ ਗੁਰੂ ਜੀ ਨੇ ਆਖਯਾ ਕਿ ਜੋ ਹੋਯਾ ਸੋ ਹੋ ਚੁਕਾ ਹੈ ਪ੍ਰੰਤੂ ਇੱਕ ਦਿਨ ਅਜੇਹਾ ਆਵੇਗਾ ਜੋ ਖ਼ਾਲਸਾ ਸਿਰਹੰਦ ਦੀ ਇੱਕ ਇੱਕ ਇੱਟ ਕਰਕੇ ਆਪਣੇ ਅੰਜਾਣ ਮਸੂਮ ਭਰਾਵਾਂ ਦਾ ਬਦਲਾਂ ਲਵੇਗਾ ਇਹ ਇੱਕ ਭਾਂਤ ਦੀ ਅਗੇਤ੍ਰੀ ਬਾਣੀ ਗੁਰੂ ਦੀ ਸਿਖਾਂ ਦੇ ਲਈ ਵਸੀਤ ਸੀ ਜੋ ਓੜਕ ਨੂੰ ਪੂਰੀ ਹੋਈ ਜਿਸਦਾ ਸਾਰਾ ਬ੍ਰਿਤਾਂਤ ਬਾਸੇ ਬੰਦੇ ਬਹਾਦੁਰ ਦੇ ਜੀਵਣ ਚਰਿਤ੍ਰ ਵਿਖੇ ਅਸੀਂ ਵਰਨੰਨ ਕਰ ਚੁਕੇ ਹਾਂ ਓੜਕ ਨੂੰ ਓਥੋਂ ਕਈਆਂ ਪਿੰਡਾਂ ਦੇ ਵਿਚ ਦੀ ਹੁੰਦੇ ਹੋਏ ਸ਼ੇਖੂ ਪੁਰੇ ਧਨੌਲੇ ਨਾਮ ਨਗਰ ਥੀਂ ਲੰਘ ਕੇ ਮਾਘ ਮਹੀਨੇ ਸੰਮਤ ੧੭੬੧ ਵਿਖੇ ਦੀਨੇ ਨਗਰ ਆਏ ਏਥੇ ਕੋਈ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਸੁਖ ਨਾਲ ਬਿਤਾਯਾ ਤੇ ਫੇਰ ਕੁਛ ਸੰਤਲ ਗਏ ਮਾਲਵੇ ਦੇ ਕੁਛਕ ਸਿੰਘ ਇਕੱਤ੍ਰ ਕਰਕੇ ਸੁਖਤ੍ਰ ਸਭਨਾਂ ਨੂੰ ਦਿੱਤੇ ਤੇ ਸਿਖਾਂ ਪਾਸੋਂ ਭੇਟਾ ਲੈਕੇ ਵਿਚਰਦੇ ਰਹੇ ਏਥੋਂ ਹੀ ਇੱਕ ਚਿੱਠੀ ਪੰਜਾਬੀ ਭਾਸ਼ਾ ਤੇ ਫਾਰਸੀ ਬੋਲੀ ਵਿਖੇ ਮਿਲੀ ਹੋਈ ਲਿਖ ਕੇ ਔਰੰਗ ਜ਼ੇਬ ਦੇ ਪਾਸ ਭੇਜੀ ਇਸ ਨੂੰ ਜ਼ਫਰ ਨਾਮਾਂ ਆਖਦੇ ਹਨ ਭਾਵੇਂ ਇਸ ਚਿੱਠੀ ਨੂੰ ਜੇਹੜੇ ਸਿੱਖ ਫ਼ਾਰਸੀ ਨਹੀਂ ਸੇ ਜਾਣਦੇ ਉਨ੍ਹਾਂ ਨੇ ਗੁਰਮੁਖੀ ਵਿਖੇ ਲਿਖ ਕੇ ਬੌਹਤ ਸਾਰੀ ਬੇਸਮਝੀ ਦੀ ਬੋਲੀ ਬਨਾ ਦਿੱਤੀ ਹੈ ਪ੍ਰੰਤੂ ਜੋ ਕੁਛ ਉਸ ਚਿੱਠੀ ਥੀਂ ਪ੍ਰਤੀਤ ਹੁੰਦਾ ਹੈ ਉਸ ਥੀਂ ਪ੍ਰਗਟ ਹੈ ਕਿ ਔਰੰਗਜ਼ੇਬ ਨੇ ਉਸਨੂੰ ਕੌਲ ਕਰਾਰ

ਕਰਕੇ ਆਪਣੇ ਦਰਬਾਰ ਵਿਖੇ ਬੁਲਾਯਾ ਤੇ ਸੌਹਾਂ ਸੁਗੰਧਾਂ ਖਾਧੀਆਂ ਪਰ ਉਸਦੇ ਉਤ੍ਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਬੰਗਾਵਾਲੀ ਬਾਣੀ ਵਿਖੇ ਉਸਨੂੰ ਲਿਖਯਾ ਕਿ ਸਾਨੂੰ ਔਰੰਗਜ਼ੇਬੀ ਸੌਹਾਂ ਸੁਗੰਧਾਂ ਪਰ ਜ਼ਰਾਭੀਭਰੋਸਾ ਨਹੀਹੈ ਓਹੁ ਬੇਈਮਾਂਨ ਹੈ ਤੇ ਬੇਧਰਮ ਹੈ ਅਤੇ ਉਸ ਪੁਰਖ ਦੇ ਬਚਨਾਂ ਪਰ ਤੇ ਸੁਗੰਦਾਂ ਪਰ ਭਰੋਸਾ ਕਰਨਾਂ ਸੈਹਲ ਨਹੀਂ ਹੈ ਤੇ ਨਾਲ ਹੀ ਉਸਦੇ ਉਸਨੂੰ ਲਿਖਯਾ ਕਿ ਓਹੁ ਜ਼ੁਲਮਾਂ ਤੇ ਦ੍ਰੋਹਾਂ ਤੇ ਅਤੰਜੰਤ ਬੇਦਰਦੀ ਥੀਂ ਹਟ ਜਾਵੇ ਨਹੀਂ ਤਾਂ ਪ੍ਰਮੇਸ਼੍ਰ ਦੇ ਸਨਮੁਖ ਇਸਦੇ ਉਤ੍ਰ ਵਿਖੇ ਜੁਵਾਬ ਕੋਈ ਨਹੀਂ ਬਣੇਗਾ ਤੇ ਨਾਹੀਂ ਉਸਦੇ ਬੁਰੇ ਕੰਮ ਦੀ ਕਿਸੇ ਨੇ ਪ੍ਰਸੰਸਾ ਸਲ਼ਾਈ ਕਰਨੀ ਹੈ ਤੇ ਨਾਲੇ ਇਹੁ ਭੀ ਲਿਖਯਾ ਕਿ ਓਹੁ ਆਪ ਸੰਸਾਰ ਨਾਲ ਕੋਈ ਲਗਾਉ ਨਹੀਂ ਰਖਦਾ ਕੇਵਲ ਉਸਦੇ ਉਜਾੜਨ ਲਈ ਓਹੁ ਤੇ ਉਸਦੇ ਸਿੱਖ ਸਦੀਵ ਤਿਆਰ ਬਰ ਤਿਆਰ ਰੈਹਣਗੇ ਤੇ ਤੇਰੀਆਂ ਜੜ੍ਹਾਂ ਪੁੱਟਨ ਲਈ ਸਦੀਵ ਸਨੱਧਬੱਧ ਰੈਹਨਗੇ ਓੜਕ ਨੂੰ ਤੇਰੇ ਪਾਸੋਂ ਬਦਲਾ ਲਏ ਬਿਨਾਂ ਨਹੀਂ ਛਡਨਗੇ ਇਹੁ ਚਿਠੀ ਪ੍ਰਗਟ ਕਰਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਬੜਾ ਹੀ ਬਹਾਦੁਰ ਤੇ ਨਿਧੜਕ ਸੀ ਦੀਨੇ ਥੀਂ ਤੁਰਕੇ ਗੁਰੂ ਗੋਬਿੰਦ ਸਿੰਘ ਜੀ ਕਈਆਂ ਨਗਰਾਂ ਵਿਖੇ ਹੁੰਦੇ ਹੋਏ ਕੋਟਕਪੂਰੇ ਆਏ ਰਾਇ ਕਪੂਰੇ ਨੇ ਗੁਰੂਜੀ ਦੀ ਸੇਵਾ ਕੀਤੀ ਤੇ ਕਈ ਘੋੜੇ ਸ਼ਸਤ੍ਰ ਕੁਛ ਰੋਕ ਭੀ ਭੇਟਾ ਕੀਤੀ ਪ੍ਰੰਤੂ ਗੁਰੂ ਗੋਬਿੰਦ ਸਿੰਘ

ਜੀ ਦੀ ਓਸ ਇਛਾ ਨੂੰ ਜੋਹੜੀ ਗੁਰੂ ਗੋਬਿੰਦ ਸਿੰਘ ਜੀ ਦੀ ਕੋਟ ਕਪੂਰੇ ਠੈਹਰਕੇ ਬਾਦਸ਼ਾਹੀ ਫ਼ੌਜ ਨਾਲ ਜੁੱਧ ਕਰਨ ਦੀ ਸੀ ਪੂਰੀ ਕਰਨੋਂ ਨਾਂਹ ਕੀਤੀਤੇ ਗੁਰੂਜੀਨੇ ਚਾਹਿਆ ਕਿ ਓਹੁ ਕਪੂਰਾ ਆਪ ਭੀ ਸਹਾਇਤਾ ਕਰੇ ਪਰ ਓਹੁ ਡਰ ਗਿਆ ਓਥੋਂ ਗੁਰੂ ਗੋਬਿੰਦ ਸਿੰਘ ਜੀ ਗ਼ੁੱਸੇ ਹੋਕੇ ਤੇ ਕੁਛ ਨਿਰਾਸ ਜੇਹੇ ਹੋਕੇ ਅਗੇਰੇ ਵਧੇ ਪਿੰਡ ਡੇਲਵਾਂ ਵਿਖੇ ਆਇ ਗਏ ਸੋਢੀ ਕੌਲ ਜੀ ਪ੍ਰਿਥੀ ਚੰਦ ਜੀ ਦੀ ਸੰਤਾਂਨ ਵਿੱਚੋਂ ਏਥੇ ਰੈਂਹਦੇ ਸੇ ਓਹੁ ਗੁਰੂ ਜੀ ਨੂੰ ਬੜੇ ਪ੍ਰੇਮ ਨਾਲ ਮਿਲੇ ਤੇ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਖਿਆ ਕਿ ਹੁਣ ਨੀਲਾ ਬਾਣਾਂ ਉਤਾਰ ਦੇਣਾ ਯੋਗ ਹੈ ਸੋ ਗੁਰੂ ਗੋਬਿੰਦ ਸਿੰਘ ਜੀ ਨੇ ਨੀਲਾ ਬਾਣਾ ਲਾਹਕੇ ਅੱਗ ਵਿੱਚ ਸਾੜਿਆ ਤੇ ਆਪਣੀ ਰਸਨਾਦ੍ਵਾਰਾ ਇਹੁ ਵਾਕ ਉਚਾਰੇ "ਨੀਲਬਸਤ੍ਰ ਲੇ ਕਪੜੇ ਫ਼ਾੜੇ ਤੁਰਕ ਪਠਾਣੀ ਅਮਲ ਗਿਆ" ,ਇਹੁ ਕਪੜੇ ਕਿਉਂ ਸਾੜੇ ਕਿ ਕਿਧਰੇ ਸਿੱਖ ਇਨ੍ਹਾਂ ਨੂੰ ਪਵਿਤ੍ਰ ਜਾਣਕੇ ਇਨ੍ਹਾਂ ਦੀ ਪੂਜਾ ਹੀ ਨਾਂ ਕਰਦੇ ਫਿਰਨ ਭਾਵੇਂ ਉਨ੍ਹਾਂ ਦੀ ਇਹੁ ਵਿਚਾਰ ਬੜੀ ਉਤਮ ਬੁਧਮਤਾ ਦੀ ਸੀ ਪ੍ਰੰਤੂ ਓਹੁ ਕੌਮ ਜੇਹੜੀ ਪੈਰੋ ਪੈਰ ਉਸਦੇ ਉਪਕਾਰਾਂ ਕਰਕੇ ਇਹਸਾਨ ਮੰਦ ਸੀ ਅਰਥਾਤ ਸਿੱਖ ਕਦ ਉਸਦੀ ਯਾਦਗਾਰੋਂ ਰੈਹ ਸਕਦੇ ਸਨ ਸੋ ਉਨ੍ਹਾਂ ਨੇ ਕਈ ਪਵਿਤ੍ਰ ਚੀਜ਼ਾਂ ਆਪਣੇ ਪਾਸ ਪੂਜਣ ਲਈ ਰਖੀਆਂ ਜੇਹਾਕੁ ਨਿਸ਼ਾਨ ਸਾਹਿਬ ਚੋਲਾ ਸਾਹਿਬ ਆਦਿਕ ਜੋ ਅੱਜ ਕਲ ਪ੍ਰਗਟ ਹੈ ਤੇ ਪੂਜਾ ਹੁੰਦੀ ਹੈ ਪ੍ਰੰਤੂ ਅਫ਼-

ਸੋਸ ਹੈ ਕਿ ਇਕ ਪਾਸੇ ਉਨ੍ਹਾਂ ਦੀ ਪੂਜਾ ਆਪਣੇ ਗੁਜ਼ਾਰੇ ਦਾ ਜਾਲ ਬਨਾਯਾ ਜਾਵੇ ਇਹੁ ਬੁਰੀ ਬਾਤ ਹੈ ਹਾਂ ਆਪਣੇ ਵਡਿਆਂ ਦੀਆਂ ਬਰਕਤਾਂ ਵਾਲੀਆਂ ਚੀਜ਼ਾਂ ਦਾ ਰਖਣਾਂ ਤੇ ਅਦਬ ਕਰਨਾਂ ਇਹਸਾਂਨ ਮੰਦੀ ਤੇ ਸ਼ੁਕਰ ਗੁਜ਼ਾਰੀਦਾ ਚਿਨ੍ਹ ਹੈ ਇਸ ਵੇਲੇ ਓਹੁ ਸਿੱਖ ਗੁਰੂ ਜੀ ਪਾਸ ਆਏ ਜੇਹੜੇ ਆਨੰਦ ਪੁਰ ਦੇ ਜੰਗ ਸਮੇ ਗੁਰੂ ਜੀ ਪਾਸੋਂ ਵਿਛੁੜ ਕੇ ਬੇਦਾਵੇ ਦੇਕੇ ਨੱਠ ਆਏ ਸੇ ਤਿਨ੍ਹਾਂ ਨੇ ਗੁਰੂ ਜੀ ਪਾਸੋਂ ਭੁਲ ਬਖ਼ਸ਼ਾਉਣ ਲਈ ਬੇਨਤੀ ਕੀਤੀ ਤਿਸਦਾ ਕਾਰਣ ਇਹੁ ਸੀ ਕਿ ਜਦ ਓਹੁ ਸਿੰਘ ਗੁਰਾਂ ਨੂੰ ਬੇਦਾਵੇ ਦੇਕੇ ਘਰੀਂ ਆਪਣੀ ਆਗਏ ਸੇ ਤਾਂ ਉਨ੍ਹਾਂ ਦੇ ਘਰ ਬਾਰ ਦੇ ਸਾਰੇ ਸਨਬੰਧੀ ਉਨ੍ਹਾਂ ਪਰ ਬੜੇ ਗ਼ੁੱਸੇ ਹੋਏ ਤੇ ਤਿਨ੍ਹਾਂ ਨੂੰ ਤਿਨ੍ਹਾਂ ਦੇ ਭਰਾਵਾਂ ਨੇ ਬੜੇ ਕੱਚੇ ਕੀਤਾ ਕਿ ਜਾਵੋ ਓਇ ਨਾਲਾਇਕੋ ਤੁਸੀਂ ਗੁਰੂ ਜੀ ਨੂੰ ਅਜੇਹੇ ਔਖੇ ਸਮੇਂ ਕਿਉਂ ਛੱਡ ਕੇ ਨੱਠ ਆਏ ਹ ਇਹੁ ਗਲਾਂ ਤੇ ਤਾਨੇ ਸੁਣ ਸੁਣਕੇ ਉਨ੍ਹਾਂ ਨੂੰ ਆਪਣੇ ਘਰੀਂ ਰੈਹਣਾ ਕਠਿਨ ਬਣ ਗਿਆ ਸੀ ਤੇ ਓਹੁ ਆਪਣੇ ਵਤਨੀ ਭਰਾਵਾਂ ਦੀਆਂ ਅੱਖਾਂ ਥੀਂ ਡਿਗ ਗਏ ਸੇ ਇਸ ਵਾਸਤੇ ਲਾਚਾਰ ਹੋਕੇ ਓਹੀ ਸਿੰਘ ਫੇਰ ਆਪਣੇ ਗੁਰੂ ਵਲ ਮੂੰਹ ਮੋੜਕੇ ਆਏ ਇਸੇ ਥੀਂ ਪ੍ਰਤੀਤ ਹੁੰਦਾ ਹੈ ਕਿ ਖ਼ਾਲਸਾ ਧਰਮ ਦੀ ਵਡਿਆਈ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰੇਮ ਪਿਆਰ ਹਰ ਇਕ ਪੁਰਖ ਮਾਤ੍ਰ ਦੇ ਚਿੱਤ ਵਿਖੇ ਘਰ ਕਰ ਗਿਆ ਸੀ ਤੇ ਸਭ ਕੋਈ ਦਿਲੋਂ ਚਾਹੁੰਦਾ ਸੀ ਕਿ ਗੁਰੂ ਜੀ ਦੀ ਸੇਵਾ

ਤ੍ਰਰੀਏ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਤਿਸ ਸਮੇਂ ਸਭ ਲੋਕ ਸ੍ਵੀਕਾਰ ਕਰਨਾ ਚਾਹੁੰਦੇ ਸੇ ॥

ਏਨ੍ਹੀਂ ਹੀ ਦਿਨੀ ਸੂਬੇ ਸਿਰਹੰਦ ਨੂੰ ਪਤਾ ਲੱਗਾ ਕਿ ਗੁਰੂ ਗੋਬਿੰਦ ਸਿੰਘ ਜੀ ਨਗਰ ਡੇਲ੍ਹਵਾਂ ਆਦਿਕਾਂ ਵਿਖੇ ਫੇਰ ਸਿੱਖੀ ਕੱਠੀ ਕਰਕੇ ਤਿਆਰੀਆਂ ਕਰ ਰਿਹਾ ਹੈ ਇਸ ਵਾਸਤੇ ਕੁਛ ਤਾਂ ਉਸਨੂੰ ਔਰੰਗਜ਼ੇਬ ਦੇ ਹੁਕਮ ਦੀ ਤਾਮੀਲ ਦਾ ਡਰ ਸੀ ਤੇ ਕੁਛ ਆਪਣੀ ਕਰਤੂਤ ਦਾ ਡਰ ਭੀ ਇਹੁ ਸਿਖਾ ਰਿਹਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸੱਤਜਾ ਨਾਸ ਕਰਦੇਵੇ ਨਹੀਂ ਤਾਂ ਬਲਹੀਨ ਤਾਂ ਜ਼ਰੂਰ ਹੀ ਕਰਨਾਂ ਚਾਹੀਏ ਸੋ ਆਪਣੀ ਫੋਜ ਨੂੰ ਲੈਕੇ ਫੇਰ ਗੁਰੂ ਗੋਬਿੰਦ ਸਿੰਘ ਜੀ ਦੇ ਪਿੱਛੇ ਪਇਆ ਏਧਰੋਂ ਜਦ ਗੁਰੂ ਗੋਖਿੰਦ ਸਿੰਘ ਜੀ ਨੂੰ ਖ਼ਬਰ ਪੌਂਹਚੀ ਤਾਂ ਓਹੁ ਭੀ ਇਕ ਵਰੀ ਜੁੱਧ ਕਰਨ ਲਈ ਤਿਆਰ ਹੋ ਕੇ ਖੇਤ ਵਿਖੇ ਆ ਗਏ ਜਿਥੋਂ ਕਿਧੋਂ ਸਿੱਖ ਮਿਲੇ ਇਕੱਤ੍ਰ ਕੀਤੇ ਉਸ ਵੇਲੇ ਸਿਖਾਂ ਨੇ ਆਪਣੀ ਭੁੱਲ ਬਖਸ਼ਾਉਨੀ ਚਾਹੀ ਤਾਂ ਗੁਰੂ ਜੀ ਨੇ ਸਮਾਂ ਦੇਖਕੇ ਬਖ਼ਸ਼ ਦਿਤੀ ਅਤੇ ਆਪਣੇ ਨਾਲ ਜੁਧ ਵਿਖੇ ਮਿਲਾ ਲਏ ਗੁਰੂ ਗੋਬਿੰਦ ਸਿੰਘ ਜੀ ਖੁੰਦਰਾਣੇ ਦੇ ਬਣ ਵਿਖੇ ਮੋਰਚੇ ਬਣਾਕੇ ਸੂਬੇ ਸਿਰਹੰਦ ਦੇ ਹੱਲੇ ਦੀ ਉਡੀਕ ਵਿਖੇ ਬੈਠ ਗਏ ਓੜਕ ਵਜ਼ੀਰਖਾਂ ਸੂਬਾ ਸਿਰਹੰਦ ਗੁਰੂ ਜੀ ਦੇ ਮਗਰ ਓਥੇ ਆਣ ਪੁੰਨਾ ਤੇ ਪੈਹਲੀ ਮਾਘ ਸੰਮਤ ੧੭੬੨ ਦਾ ਦਿਨ ਸੀ ਜਦ ਲੜਾਈ ਹੋਣੀ ਆਰੰਭ ਹੋਗਈ ਸਿੱਖ ਬੜੀ ਮਰਦਾਨਗੀ

ਨਾਲ ਜਾਨਾਂ ਤੋੜ ਤੋੜ ਕੇ ਲੜੇ ਤੇ ਓਸਥਾਂ ਪਰ ਲੋਥਾਂ ਦੇ ਢੇਰ ਲਗ ਗਏ ਉਸ ਖੇਤ ਵਿਖੇ ਸਿਖਾਂ ਨੇ ਪਾਣੀ ਵੈਰੀਆਂ ਨੂੰ ਨਾਂ ਮਿਲਣ ਦਿੱਤਾ ਅਤੇ ਆਪਣੇ ਕਾਬੂ ਵਿਖੇ ਪਾਣੀ ਰਖਿਆ ਮੁਸਲਮਾਨੀ ਫੌਜਾਂ ਨੂੰ ਪਾਣੀ ਦੇ ਨਾਂ ਮਿਲਣੇ ਕਰਕੇ ਬੜਾ ਖੇਦ ਪ੍ਰਾਪਤ ਹੋਯਾ, ਵਜ਼ੀਰਖਾਂ ਨੇ ਪਾਣੀ ਦੇ ਛਪੜਾਂ ਨੂੰ ਖੋਹਣ ਲਈ ਕੱਈ ਹੱਲੇ ਕੀਤੇ ਪਰ ਹੱਥ ਨਾਂ ਆਏ ਪਾਣੀ ਦੇ ਨਾਂ ਮਿਲਣੇ ਕਰ ਕੇ ਲਸ਼ਕਰ ਘਬਰਾਯਾ ਓੜਕ ਨੂੰ ਵਜ਼ੀਰਖਾਂ ਨੇ ਪਾਣੀਓਂ ਤੰਗ ਆ ਕੇ ਪਿੱਛੇ ਮੁੜਨਾਂ ਚਾਹਿਆ ਤਦ ਸਿਖਾਂ ਨੇ ਤਿੰਨ ਚਾਰ ਕੋਹਾਂ ਤੀਕ ਪਿੱਛਾ ਕੀਤਾ ਇਸ ਲੜਾਈ ਵਿਖੇ ਬੌਹਤ ਸਾਰਾ ਨੁਕਸਾਨ ਮੁਸਲਮਾਨੀ ਫ਼ੌਜ ਨੂੰ ਪੌਂਹਚਾ ਤੇ ਓੜਕ ਨੂੰ ਖੇਤ ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਆਯਾ ਮੁਸਲਮਾਨ ਹਾਰ ਖਾ ਕੇ ਸਿਰਹੰਦ ਨੂੰ ਮੁੜ ਆਏ ਤੇ ਅਗੋਂ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਗਰੋਂ ਲਗਣੋ ਹੱਟ ਗਏ ਕਿੰਉ ਜੋ ਹੁਣ ਜੰਗਲਾਂ ਬਣਾ ਵਿਖੇ ਪਿੱਛਾ ਕਰਨਾਂ ਬੜਾ ਔਖਾ ਸੀ ਇਨ੍ਹਾਂ ਗੱਲਾਂ ਥੀਂ ਪ੍ਰਤੱਖ ਪ੍ਰਤੀਤ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਆਪਣਾ ਉਦੇਸ਼ ਪੂਰਾ ਕਰਨ ਲਈ ਹਰ ਸਮੇ ਪਰ ਤਿਆਰ ਸੀ ਪਰ ਸਮੇ ਦੀ ਉਡੀਕ ਵਿਖੇ ਰੈਂਹਦਾ ਸੀ ਚਮਕੌਰ ਥੀਂ ਨਿਕਲ ਕੇ ਨੱਠ ਆਉਣਾਂ ਕਿਸੇ ਡਰ ਅਥਵਾ ਕਾਇਰਤਾ ਦੇ ਕਾਰਨ ਨਹੀਂ ਸੀ ਸਗੋਂ ਕਿਸੇ ਭਵਿਖਤ ਸਮੇ ਵਿਖੇ ਆਪਣੇ ਆਪ ਨੂੰ ਬਚਾ ਕੇ ਕਿਸੇ ਕਾਰਜ ਲਈ